ਅੰਗ ੭੭੩ = ਉਥਾਨਕਾ = ਹਰੀ ਅੱਗੇ ਪ੍ਰਾਰਥਨਾ ਕਰਦੇ ਹਨ ਕਿ ਗੁਰੂ ਮਿਲਾ ਦਿਓ, ਤਾਂ ਕਿ ਗੁਰਬਾਣੀ ਦੁਆਰਾ ਆਪਣਾ ਸੁਧਾਰ ਕਰਕੇ ਤੇ ਹਰੀ ਦੇ ਗੁਣ ਗਾ ਕੇ ਹਰੀ ਨਾਲ ਮੇਲ ਕਰਾਂ। ਦੂਜੇ ਅੰਕ ਵਿਚ ਕੁੜਮਾਈ ਦਾ ਅਲੰਕਾਰ ਵਰਤ ਕੇ ਦੱਸਿਆ ਹੈ ਕਿ ਕਿਵੇਂ ਸਤ ਸੰਗ ਦੁਆਰਾ ਕ੍ਰੋਧ, ਮਮਤਾ, ਪਖੰਡ ਤੇ ਹੰਕਾਰ ਆਦਿ ਔਗਣ ਦੂਰ ਹੁੰਦੇ ਹਨ ਅਤੇ ਗੁਣਾਂ ਦੇ ਭੰਡਾਰ ਹਰੀ ਲਈ ਚਾਉ ਪੈਦਾ ਹੁੰਦਾ ਹੈ। ਤੀਜੇ ਅੰਕ ਵਿਚ ਦੱਸਿਆ ਹੈ ਕਿ ਗੁਰੂ ਵਿਚੋਲੇ ਦਾ ਵਸੀਲਾ ਨਾ ਵਰਤਣ ਵਾਲੇ ਕਿਵੇਂ ਔਗਣਾਂ ਵਿਚ ਭਟਕਦੇ ਰਹਿੰਦੇ ਹਨ ਤੇ ਮੇਲ ਵਾਲੇ ਪਾਸੇ ਨਹੀਂ ਆ ਸਕਦੇ। ਚੌਥੇ ਅੰਕ ਵਿਚ ਹਰੀ ਲਾੜੇ ਨਾਲ ਵਿਆਹ ਰਚਾਉਣ ਲਈ ਸਾਹਾ ਕਢਾ ਕੇ ਸੰਤ ਜਨਾਂ ਦੀ ਜੰਞ ਇਕੱਠੀ ਕੀਤੀ ਜਾਂਦੀ ਹੈ। ਇਸ ਤੋਂ ਅਗਲੇ ਸ਼ਬਦ ਵਿਚ ਵਿਆਹ ਰਚਾ ਕੇ ਦੱਸਿਆ ਹੈ (ਸ਼ਬਦਾਰਥ)।

ਰਾਗੁ ਸੂਹੀ ਮਹਲਾ ੪ ਛੰਤ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਸਤਿਗੁਰੁ ਪੁਰਖੁ ਮਿਲਾਇ, ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ ॥ ਹਰਿ ਹਰਿ ਨਾਮੁ ਧਿਆਇ, ਗੁਰਬਾਣੀ ਨਿਤ ਨਿਤ ਚਵਾ ਬਲਿ ਰਾਮ ਜੀਉ ॥ ਗੁਰਬਾਣੀ ਸਦ ਮੀਠੀ ਲਾਗੀ, ਪਾਪ ਵਿਕਾਰ ਗਵਾਇਆ ॥ ਹਉਮੈ ਰੋਗੁ ਗਇਆ ਭਉ ਭਾਗਾ, ਸਹਜੇ ਸਹਜਿ ਮਿਲਾਇਆ ॥ ਕਾਇਆ ਸੇਜ ਗੁਰ ਸਬਦਿ ਸੁਖਾਲੀ, ਗਿਆਨ ਤਤਿ ਕਰਿ ਭੋਗੋ ॥ ਅਨਦਿਨੁ ਸੁਖਿ ਮਾਣੇ ਨਿਤ ਰਲੀਆ, ਨਾਨਕ ਧੁਰਿ ਸੰਜੋਗੋ ॥੧॥ ਸਤੁ ਸੰਤੋਖੁ ਕਰਿ ਭਾਉ ,ਕੁੜਮ ਕੁੜਮਾਈ ਆਇਆ ਬਲਿਰਾਮ ਜੀਉ ॥ ਸੰਤ ਜਨਾ ਕਰਿ ਮੇਲੁ ,ਗੁਰਬਾਣੀ ਗਾਵਾਈਆ ਬਲਿਰਾਮ ਜੀਉ ॥ ਬਾਣੀ ਗੁਰ ਗਾਈ ਪਰਮਗਤਿ ਪਾਈ, ਪੰਚ ਮਿਲੇ ਸੋਹਾਇਆ ॥ ਗਇਆ ਕਰੋਧੁ ਮਮਤਾ ਤਨਿ ਨਾਠੀ, ਪਾਖੰਡੁ ਭਰਮੁ ਗਵਾਇਆ ॥ ਹਉਮੈ ਪੀਰ ਗਈ ਸੁਖੁ ਪਾਇਆ, ਆਰੋਗਤ ਭਏ ਸਰੀਰਾ ॥ ਗੁਰ ਪਰਸਾਦੀ ਬ੍ਰਹਮੁ ਪਛਾਤਾ, ਨਾਨਕ ਗੁਣੀ ਗਹੀਰਾ ॥੨॥ ਹੇ ਪ੍ਰਭੂ ਜੀ! ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ, ਮੈਨੂੰ ਸਤਿਗੁਰੂ ਪੁਰਖ ਮਿਲਾ ਦਿਓ, ਤਾਂ ਕਿ ਮੈਂ ਔਗਣ ਵੇਚ (ਛਡ) ਦੇਵਾਂ, (ਜਿਸ ਗੁਰੂ ਦੀ ਸ਼ਰਨ ਪੈ ਕੇ ਮੈਂ ਤੇਰੇ) ਗੁਣਾਂ ਨੂੰ ਉਚਾਰਨ ਕਰਾਂ। ਹੇ ਪ੍ਰਭੂ ਜੀ! ਮੈਂ ਆਪ ਤੋਂ ਬਲਿਹਾਰ ਜਾਂਦਾ ਹਾਂ, ਮੈਂ ਤੇਰਾ ਹਰਿ ਹਰਿ ਨਾਮ ਸਿਮਰ ਕੇ ਨਿਤਾ ਪ੍ਰਤੀ ਗੁਰੂ ਦੀ ਬਾਣੀ ਉਚਾਰਨ ਕਰਾਂ। (ਜਿਸ ਜੀਵ ਇਸਤ੍ਰੀ ਨੂੰ) ਗੁਰੂ ਦੀ ਬਾਣੀ ਸਦਾ ਮਿੱਠੀ ਲਗਦੀ ਹੈ, (ਉਸ ਨੇ ਅਪਣੇ) ਪਾਪ ਤੇ ਕਾਮਾਦਿਕ ਵਿਕਾਰ ਦੂਰ ਕਰ ਲਏ ਹਨ। (ਉਸ ਦਾ) ਹਉਮੈ ਦਾ ਰੋਗ ਤੇ ਮੌਤ ਦਾ ਡਰ ਨੱਠ ਗਿਆ ਹੈ (ਅਤੇ ਉਸ ਨੇ ਅਪਣੇ ਮਨ ਨੂੰ) ਸੁਤੇ ਸਿੱਧ ਹੀ ਸਹਿਜ ਅਵਸਥਾ ਵਿਚ ਮਿਲਾ ਲਿਆ ਹੈ। ਗੁਰੂ ਦੇ ਸ਼ਬਦ ਦੁਆਰਾ (ਉਸ ਦੀ) ਸਰੀਰ ਰੂਪ ਸੇਜ ਸੁਖ ਵਾਲੀ ਹੋ ਗਈ ਹੈ, (ਗੁਰਬਾਣੀ ਤੋਂ ਮਿਲਿਆ) ਗਿਆਨ ਦਾ ਤੱਤ ਪ੍ਰਾਪਤ ਕਰਕੇ (ਉਸ ਨੇ ਪ੍ਰਭੂ ਦੇ ਮਿਲਾਪ ਦਾ) ਅਨੰਦ ਭੋਗਿਆ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਜੀਵ ਇਸਤ੍ਰੀ ਦਾ ਪਤੀ ਪ੍ਰਭੂ ਨਾਲ) ਧੁਰ ਤੋਂ ਹੀ ਸੰਜੋਗ ਬਣਿਆ ਹੁੰਦਾ ਹੈ, ਉਹ ਹਰ ਰੋਜ ਸੁਖ ਵਿਚ ਰਹਿ ਕੇ ਖੁਸ਼ੀਆਂ ਮਾਣਦੀ ਹੈ।੧। ਹੇ ਰਾਮ ਜੀ! ਕੁੜਮ (ਗੁਰੂ ਜੀਵ ਇਸਤ੍ਰੀ ਦੇ ਅੰਦਰ) ਸਤ ਸੰਤੋਖ ਤੇ ਪ੍ਰੇਮ ਆਦਿਕ ਗੁਣ ਪੈਦਾ ਕਰ ਕੇ (ਉਸ ਦਾ) ਰਿਸ਼ਤਾ ਕਰਾਉਣ ਆਇਆ ਹੈ (ਜੀਵ ਇਸਤ੍ਰੀ ਦਾ ਪਿਤਾ ਕੁੜਮ ਹੈ, ਜੋ ਕੁੜਮਾਈ ਭਾਵ ਪ੍ਰਭੂ ਨਾਲ ਮੇਲ ਕਰਾਣ ਵਾਲਾ ਹੈ, ਸਤ ਸੰਤੋਖ ਆਦਿ ਗੁਣ ਦਾਜ ਦਾ ਸਮਾਨ ਹੈ, ਜੋ ਗੁਰੂ ਨੇ ਜੀਵ ਇਸਤ੍ਰੀ ਦੇ ਅੰਦਰ ਪੈਦਾ ਕੀਤੇ ਹਨ)। ਮੈਂ ਸਦਕੇ ਜਾਵਾਂ, ਸੰਤ ਜਨਾਂ ਦਾ ਮੇਲ ਕਰਕੇ ਗੁਰੂ ਦੀ ਬਾਣੀ ਦਾ ਗਾਇਨ ਕਰਾਇਆ ਹੈ (ਇਹੋ ਹੀ ਵਿਆਹ ਵੇਲੇ ਦੇ ਖੁਸ਼ੀ ਦੇ ਗੀਤ ਹਨ। ਜਦੋਂ ਜੀਵ ਇਸਤ੍ਰੀ ਨੇ) ਗੁਰੂ ਦੀ ਬਾਣੀ ਗਾਉਣੀ ਸ਼ੁਰੂ ਕੀਤੀ, ਤਾਂ (ਉਸ ਨੇ) ਉਚੀ ਆਤਮਕ ਅਵਸਥਾ ਪ੍ਰਾਪਤ ਕਰ ਲਈ, ਗੁਰਮੁਖ ਜਨਾਂ ਦੇ ਮਿਲਣ ਨਾਲ ਕਾਰਜ ਸੋਹਣਾ ਹੋ ਗਿਆ। (ਇਸ ਦਾ ਸਦਕਾ ਜੀਵ ਇਸਤ੍ਰੀ ਦੇ) ਸਰੀਰ ਵਿਚੋਂ ਕ੍ਰੋਧ ਚਲਾ ਗਿਆ ਤੇ ਮਮਤਾ ਨੱਠ ਗਈ ਅਤੇ (ਉਸ ਨੇ) ਭਰਮ ਤੇ ਪਖੰਡ ਵੀ ਗਵਾ ਦਿਤਾ। (ਜਦੋਂ ਉਸ ਦੇ ਅੰਦਰੋਂ) ਹਉਮੈ ਦੀ ਪੀੜਾ ਦੂਰ ਹੋਈ ਤਾਂ (ਉਸ ਨੇ) ਸੁਖ ਪਾ ਲਿਆ ਅਤੇ (ਉਸ ਦਾ) ਸਰੀਰ ਵੀ ਅਰੋਗ ਹੋ ਗਿਆ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਨੇ) ਗੁਰੂ ਦੀ ਕਿਰਪਾ ਨਾਲ ਗੁਣਾਂ ਦੇ ਸਮੁੰਦਰ ਹਰੀ ਨੂੰ ਪਛਾਣ ਲਿਆ ਹੈ।੨।

ਪਦਾਰਥ = ਅਵਗਣ–ਔਗਣ। ਵਿਕਣਾ–ਵੇਚ (ਛਡ) ਦੇਵਾਂ। ਰਵਾ–ਉਚਾਰਨ ਕਰਾਂ। ਬਲਿ–ਸਦਕੇ ਜਾਵਾਂ। ਰਾਮ ਜੀਉ–ਹੇ ਰਾਮ ਜੀ !। ਨਿਤ ਨਿਤ–ਨਿਤਾ ਪ੍ਰਤੀ। ਚਵਾ–ਉਚਾਰਨ ਕਰਾਂ। ਸਦ–ਸਦਾ। ਭਉ–ਡਰ। ਭਾਗਾ–ਨੱਠ ਗਿਆ। ਸਹਜੇ–ਸੁਤੇ ਸਿਧ। ਸਹਜਿ–ਸਹਿਜ ਅਵਸਥਾ ਵਿਚ। ਕਾਇਆ–ਸਰੀਰ। ਸੁਖਾਲੀ–ਸੁਖ ਵਾਲੀ; ਸੌਖੀ। ਗਿਆਨ ਤਤਿ ਕਰਿ–ਗਿਆਨ ਦਾ ਤੱਤ ਪ੍ਰਾਪਤ ਕਰਕੇ। ਭੋਗੋ–ਮਾਣਦੀ ਹੈ। ਅਨਦਿਨੁ–ਹਰ ਰੋਜ। ਸੁਖਿ–ਸੁਖ ਵਿਚ। ਰਲੀਆ–ਖੁਸ਼ੀਆਂ। ਧੁਰਿ–ਧੁਰ ਹਰੀ ਦੀ ਦਰਗਾਹ ਤੋਂ। ਸੰਜੋਗੋ–ਸੰਜੋਗ; ਮਿਲਾਪ।੧। ਕਰਿ–(ਪੈਦਾ) ਕਰਕੇ। ਭਾਉ–ਪ੍ਰੇਮ। ਕੁੜਮ–ਦੁਲਹਨ ਦਾ ਪਿਤਾ (ਗੁਰੂ)। ਕੁੜਮਾਈ–ਸਗਾਈ (ਮੰਗਣੀ); ਮਿਲਾਪ। ਮੇਲੁ–ਵਿਆਹ ਸਮੇਂ ਸਬੰਧੀਆਂ ਦਾ ਇਕੱਠ। ਗਾਵਾਈਆ–ਗਾਇਨ ਕਰਾਈ (ਕੀਰਤਨ ਕਰਾਇਆ)। ਪਰਮ ਗਤਿ–ਉਚੀ ਆਤਮਕ

ਅਵਸਥਾ। ਪੰਚ-ਗੁਰਮੁਖ ਜਨ। ਸੋਹਾਇਆ-(ਕਾਰਜ) ਸੋਹਣਾ ਹੋ ਗਿਆ। ਤਨਿ-ਸਰੀਰ ਵਿਚੋਂ। ਨਾਠੀ-ਨੱਠ ਗਈ। ਪੀਰ-ਪੀੜ। ਆਰੋਗਤ ਭਏ-ਅਰੋਗ ਹੋ ਗਿਆ। ਪਛਾਤਾ-ਪਛਾਣ ਲਿਆ। ਪਰਸਾਦੀ-ਕਿਰਪਾ ਨਾਲ। ਗੁਣੀ ਗਹੀਰਾ-ਗੁਣਾਂ ਦਾ ਸਮੁੰਦਰ।੨।

ਮਨਮੁਖਿ ਵਿਛੁੜੀ ਦੂਰਿ ,ਮਹਲੁ ਨ ਪਾਏ ਬਲਿ ਗਈ, ਬਲਿ ਰਾਮ ਜੀਉ ॥ ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ, ਕੂੜਿ ਲਈ ਬਲਿ ਰਾਮ ਜੀਉ ॥ ਕੂੜੁ ਕਪਟੁ ਕਮਾਵੈ ਮਹਾ ਦੁਖੁ ਪਾਵੈ, ਵਿਣੁ ਸਤਿਗੁਰ ਮਗੁ ਨ ਪਾਇਆ ॥ ਉਝੜ ਪੰਥਿ ਭ੍ਰਮੈ ਗਾਵਾਰੀ, ਖਿਨੁ ਖਿਨੁ ਧਕੇ ਖਾਇਆ ॥ ਆਪੇ ਦਇਆ ਕਰੇ ਪ੍ਰਭੁ ਦਾਤਾ, ਸਤਿਗੁਰੁ ਪੁਰਖੁ ਮਿਲਾਏ ॥ ਜਨਮ ਜਨਮ ਕੇ ਵਿਛੁੜੇ ਜਨ ਮੇਲੇ, ਨਾਨਕ ਸਹਜਿ ਸੁਭਾਏ ॥੩॥ ਆਇਆ ਲਗਨ ਗਣਾਇ, ਹਿਰਦੈ ਧਨ ਓਮਾਹੀਆ, ਬਲਿ ਰਾਮ ਜੀਉ ॥ ਪੰਡਿਤ ਪਾਧੇ ਆਣਿ, ਪਤੀ ਬਹਿ ਵਾਚਾਈਆ, ਬਲਿਰਾਮ ਜੀਉ ॥ ਪਤੀ ਵਾਚਾਈ ਮਨਿ ਵਜੀ ਵਧਾਈ, ਜਬ ਸਾਜਨ ਸੁਣੇ ਘਰਿ ਆਏ ॥ ਗੁਣੀ ਗਿਆਨੀ ਬਹਿ ਮਤਾ ਪਕਾਇਆ, ਫੇਰੇ ਤਤੁ ਦਿਵਾਏ ॥ ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ ,ਸਦ ਨਵਤਨੁ ਬਾਲ ਸਖਾਈ ॥ ਨਾਨਕ ਕਿਰਪਾ ਕਰਿ ਕੈ ਮੇਲੇ, ਵਿਛੁੜਿ ਕਦੇ ਨ ਜਾਈ ॥੪॥੧॥ ਮਨਮੁਖ ਜੀਵ ਰੂਪ ਇਸਤ੍ਰੀ ਪਤੀ ਪ੍ਰਭੂ ਤੋਂ ਵਿਛੜੀ ਹੋਈ (ਉਸ ਤੋਂ) ਦੂਰ ਰਹਿੰਦੀ ਹੈ, (ਇਸ ਕਰਕੇ ਉਹ ਪਤੀ ਪ੍ਰਭੂ ਦਾ) ਮਹਿਲ ਨਹੀਂ ਪਾ ਸਕਦੀ, (ਕਿਉਂਕਿ ਉਹ) ਤ੍ਰਿਸ਼ਨਾ ਦੀ ਅੱਗ ਵਿਚ ਸੜ ਗਈ ਹੈ, (ਪਰ) ਮੈਂ ਰਾਮ ਜੀ ਤੋਂ ਸਦਕੇ ਜਾਂਦਾ ਹਾਂ। (ਉਸ ਦੇ) ਅੰਦਰ ਝੂਠੀ ਮਮਤਾ ਬਣੀ ਹੋਈ ਹੈ, (ਉਹ) ਝੂਠ ਹੀ ਖ੍ਰੀਦਦੀ ਹੈ ਅਤੇ (ਉਹ) ਝੂਠ ਨੇ ਠਗ ਲਈ ਹੈ, (ਪਰ) ਮੈਂ ਰਾਮ ਜੀ ਤੋਂ ਸਦਕੇ ਜਾਂਦਾ ਹਾਂ। (ਉਹ ਜੀਵ ਇਸਤ੍ਰੀ) ਝੂਠ ਕਪਟ ਕਮਾਉਂਦੀ ਹੈ, (ਜਿਸ ਕਰਕੇ ਉਹ) ਬਹੁਤ ਦੁਖ ਪਾਉਂਦੀ ਹੈ, ਸਤਿਗੁਰੂ ਤੋਂ ਬਿਨਾ (ਉਸ ਨੇ ਜੀਵਨ ਦਾ ਸਹੀ) ਰਸਤਾ ਨਹੀਂ ਪਾਇਆ। ਉਹ ਮੂਰਖ ਜੀਵ ਇਸਤ੍ਰੀ ਉਜਾੜ ਦੇ ਰਸਤੇ ਵਿਚ ਭਟਕਦੀ ਫਿਰਦੀ ਹੈ ਅਤੇ (ਅਨੇਕਾਂ ਜੂਨਾਂ ਵਿਚ ਭਟਕਦੀ ਹੋਈ) ਹਰੇਕ ਖਿਨ ਧੱਕੇ ਖਾਂਦੀ ਹੈ। ਪ੍ਰਭੂ ਦਾਤਾ (ਜੇ ਜੀਵ ਇਸਤ੍ਰੀ ਉਤੇ) ਆਪ ਹੀ ਦਇਆ ਕਰੇ, (ਤਾਂ ਉਸ ਨੂੰ) ਸਤਿਗੁਰੂ ਪੁਰਖ ਮਿਲਾ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਨਮਾਂ ਜਨਮਾਂ ਤੋਂ ਵਿਛੜੇ ਮਨੁੱਖਾਂ ਨੂੰ (ਉਹ ਪ੍ਰਭੂ) ਸਹਿਜ ਸੁਭਾਵਕ ਹੀ ਮਿਲਾ ਲੈਂਦਾ ਹੈ।੩। (ਵਿਆਹ ਦਾ) ਮਹੂਰਤ ਕਢਾ ਕੇ, (ਗੁਰੂ ਵਿਆਹ ਦਾ ਦਿਨ ਮੁਕਰੱਰ ਕਰਨ ਲਈ) ਆਇਆ ਹੈ, ਤਾਂ ਜੀਵ ਇਸਤ੍ਰੀ ਦੇ ਹਿਰਦੇ ਵਿਚ ਚਾਉ ਭਰ ਗਿਆ। ਪੰਡਤ ਪਾਧੇ (ਗੁਰੂ) ਨੇ (ਵਿਆਹ ਦਾ ਸਮਾਂ ਦਸਣ ਲਈ) ਪੱਤਰੀ ਲਿਆ ਕੇ (ਸਾਰੀ ਸੰਗਤ ਵਿਚ) ਬੈਠ ਕੇ ਪੜ੍ਹਾਈ। ਪੱਤਰੀ ਪੜ੍ਹਾਈ ਗਈ ਅਤੇ ਜਦੋਂ (ਜੀਵ ਇਸਤ੍ਰੀ ਨੇ ਜੰਞ ਲੈ ਕੇ ਪਤੀ) ਸੱਜਣ ਘਰ ਵਿਚ ਆਏ ਸੁਣੇ (ਤਾਂ ਉਸ ਦੇ) ਮਨ ਵਿਚ ਖੁਸ਼ੀ ਪੈਦਾ ਹੋਈ। (ਲਾੜੀ ਤੇ ਲਾੜੇ ਵਾਲੇ ਦੋਹਾਂ ਪਾਸਿਆਂ ਦੇ ਸਤਸੰਗੀ) ਗੁਣੀ ਗਿਆਨੀਆਂ ਨੇ ਬੈਠ ਕੇ ਸਲਾਹ ਕੀਤੀ ਅਤੇ ਤੁਰੰਤ ਫੇਰੇ ਦਿਵਾ ਦਿਤੇ (ਵਿਆਹ ਕਰ ਦਿਤਾ। ਜੀਵ ਇਸਤ੍ਰੀ ਨੇ) ਅਗਮ ਅਗੋਚਰ ਪਤੀ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ, ਜੋ ਸਦਾ ਜਵਾਨ ਅਤੇ (ਉਸ ਦਾ) ਬਚਪਨ ਦਾ ਸਾਥੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਜੀਵ ਇਸਤ੍ਰੀ ਨੂੰ ਉਹ) ਕ੍ਰਿਪਾ ਕਰਕੇ ਅਪਣੇ ਨਾਲ ਮੇਲ ਲੈਂਦਾ ਹੈ, (ਤਾਂ ਫਿਰ ਉਹ ਪ੍ਰਭੂ ਨਾਲੋਂ) ਕਦੇ ਵਿਛੜ ਕੇ ਨਹੀਂ ਜਾਂਦੀ ਭਾਵ ਸਦਾ ਪ੍ਰਭੂ ਨਾਲ ਜੁੜੀ ਰਹਿੰਦੀ ਹੈ। (ਜਦ ਗੁਰੂ ਨੇ ਜੀਵ ਇਸਤ੍ਰੀ ਦੀ ਲਿਵ ਪ੍ਰਭੂ ਦੇ ਚਰਨਾਂ ਵਿਚ ਜੋੜ ਦਿਤੀ, ਇਹੋ ਹੀ ਵਿਆਹ ਦੇ ਮਹੂਰਤ ਦਾ ਦਿਨ ਹੈ, ਗੁਰੂ ਆ ਕੇ ਉਪਦੇਸ਼ ਦਿੰਦਾ ਹੈ, ਇਹ ਵਿਆਹ ਦੀ ਚਿੱਠੀ ਦਾ ਪੜ੍ਹਨਾ ਹੈ। ਜਦ ਲਾੜਾ ਲਾੜੀ ਦੇ ਘਰ ਵਿਆਹੁਣ ਆਉਂਦਾ ਹੈ, ਉਸ ਦਾ ਆਇਆ ਸੁਣ ਕੇ ਲਾੜੀ ਦੇ ਮਨ ਵਿਚ ਖੁਸ਼ੀ ਹੁੰਦੀ ਹੈ। ਤੇਤੇ ਭਤੇਤੇ ਦੋਹਾਂ ਪਾਸਿਆਂ ਦੇ ਵਿਆਹ ਵਿਚ ਸ਼ਾਮਲ ਗੁਣਵਾਨ ਸਤਸੰਗੀਆਂ ਨੇ ਸਲਾਹ ਕਰਕੇ ਫੇਰੇ ਦਿਵਾ ਦਿਤੇ। ਇਸ ਤਰ੍ਹਾਂ ਜੀਵ ਇਸਤ੍ਰੀ ਨੇ ਪਤੀ ਪ੍ਰਮੇਸਰ ਨੂੰ ਪ੍ਰਾਪਤ ਕਰ ਲਿਆ)।੪।੧।

ਪਦਾਰਥ = ਮਨਮੁਖਿ-ਅਪਣੇ ਮਨ ਅਨੁਸਾਰ ਚੱਲਣ ਵਾਲੀ ਜੀਵ ਇਸਤ੍ਰੀ। ਮਹਲੁ-ਪ੍ਰਭੂ ਦਾ ਟਿਕਾਣਾ। ਨ ਪਾਏ-ਨਹੀਂ ਪਾ ਸਕਦੀ। ਬਲਿ ਗਈ-(ਤ੍ਰਿਸ਼ਨਾ ਦੀ ਅੱਗ ਵਿਚ) ਸੜ ਗਈ। ਬਲਿ ਰਾਮ ਜੀਉ-ਮੈਂ ਪ੍ਰਭੂ ਤੋਂ ਸਦਕੇ ਜਾਂਦਾ ਹਾਂ। ਅੰਤਰਿ-ਹਿਰਦੇ ਅੰਦਰ। ਕੂਰਿ-ਝੂਠੀ। ਵਿਹਾਝੇ-ਖ੍ਰੀਦਦੀ ਹੈ। ਕੂੜਿ ਲਈ-ਕੂੜ ਨੇ ਠੱਗ ਲਈ। ਵਿਣੁ-ਬਿਨਾ। ਮਗੁ-ਰਸਤਾ। ਉਝੜ ਪੰਥਿ-ਉਜਾੜ ਦੇ ਰਸਤੇ ਵਿਚ। ਭ੍ਰਮੈ-ਭਟਕਦੀ ਫਿਰਦੀ ਹੈ। ਗਾਵਾਰੀ-ਮੂਰਖ ਜੀਵ ਇਸਤ੍ਰੀ। ਆਪੇ-ਆਪ ਹੀ। ਜਨ-ਮਨੁੱਖ। ਸਹਜਿ ਸੁਭਾਏ-ਸਹਿਜ ਸੁਭਾਵਕ ਹੀ।੩। ਲਗਨ ਗਣਾਇ-(ਵਿਆਹ ਸਮੇਂ) ਲਗਨਾਂ ਦੀ ਗਿਣਤੀ ਕਰ (ਮਹੂਰਤ ਕਢਾ) ਕੇ। ਹਿਰਦੈ-ਹਿਰਦੇ ਵਿਚ। ਧਨ-ਇਸਤ੍ਰੀ। ਓਮਾਹੀਆ-ਚਾਉ ਨਾਲ ਭਰ ਗਿਆ। ਪੰਡਿਤ ਪਾਧੇ-ਉਪਦੇਸ਼ਕ ਗੁਰੂ। ਆਣਿ-ਲਿਆ ਕੇ। ਪਤੀ-ਵਿਆਹ ਦੀ ਚਿੱਠੀ। ਬਹਿ-ਬੈਠ ਕੇ। ਵਾਚਾਈਆ-ਪੜ੍ਹਾਈ। ਮਨਿ-ਮਨ ਵਿਚ। ਵਜੀ ਵਧਾਈ-ਖੁਸ਼ੀ ਪੈਦਾ ਹੋਈ। ਘਰਿ-ਘਰ ਵਿਚ। ਮਤਾ ਮਕਾਇਆ-ਸਲਾਹ ਕੀਤੀ। ਫੇਰੇ ਦਿਵਾਏ-ਵਿਆਹ ਦੀਆਂ ਪ੍ਰਕਰਮਾਂ ਦਿਵਾ ਦਿਤੀਆਂ। ਤਤੁ-ਤੁਰੰਤ। ਵਰੁ-ਪਤੀ। ਅਗੰਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ

।ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਸਦ–ਸਦਾ। ਨਵਤਨੁ–ਸਦਾ ਜਵਾਨ। ਬਾਲ ਸਖਾਈ–ਬਚਪਨ ਦਾ ਸਾਥੀ।੪।੧।

ਸੂਹੀ ਮਹਲਾ ੪ ॥ ਹਰਿ ਪਹਿਲੜੀ ਲਾਵ, ਪਰਵਿਰਤੀ ਕਰਮ ਦ੍ਰਿੜਾਇਆ, ਬਲਿ ਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ,ਪਾਪ ਤਜਾਇਆ ਬਲਿ ਰਾਮ ਜੀਉ ॥ ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ,ਸਿਮ੍ਰਿਤਿ ਨਾਮੁ ਦ੍ਰਿੜਾਇਆ ॥ ਸਤਿਗੁਰੁ ਗੁਰੁ ਪੂਰਾ ਆਰਾਧਹੁ ,ਸਭਿ ਕਿਲਵਿਖ ਪਾਪ ਗਵਾਇਆ ॥ ਸਹਜ ਅਨੰਦੁ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ ॥ ਜਨੁ ਕਹੈ ਨਾਨਕੁ ਲਾਵ ਪਹਿਲੀ, ਆਰੰਭੁ ਕਾਜੁ ਰਚਾਇਆ ॥੧॥ ਹਰਿ ਦੂਜੜੀ ਲਾਵ, ਸਤਿਗੁਰੁ ਪੁਰਖੁ ਮਿਲਾਇਆ, ਬਲਿ ਰਾਮ ਜੀਉ ॥ ਨਿਰਭਉ ਭੈ ਮਨੁ ਹੋਇ, ਹਉਮੈ ਮੈਲੁ ਗਵਾਇਆ, ਬਲਿ ਰਾਮ ਜੀਉ ॥ ਨਿਰਮਲ ਭਉ ਪਾਇਆ ਹਰਿ ਗੁਣ ਗਾਇਆ, ਹਰਿ ਵੇਖੈ ਰਾਮੁ ਹਦੂਰੇ ॥ ਹੇ ਰਾਮ ਜੀ! ਮੈਂ ਤੈਥੋਂ ਬਲਹਾਰ ਹਾਂ, (ਤੇਰੀ ਮੇਹਰ ਨਾਲ ਗੁਰੂ ਨੇ ਸਿੱਖ ਨੂੰ ਜੋ) ਗ੍ਰਿਸਤ ਵਿਚ ਰਹਿ ਕੇ ਧਾਰਮਕ ਕਰਮਾਂ ਵਿਚ ਸ਼ਾਮਲ ਹੋਣਾ ਦ੍ਰਿੜ ਕਰਾਇਆ ਹੈ, (ਇਹ ਜੀਵ ਇਸਤ੍ਰੀ ਦੇ) ਪਤੀ ਪ੍ਰਭੂ ਨਾਲ ਵਿਆਹ ਦੀ ਪਹਿਲੀ ਲਾਵ ਹੈ।(ਸਿੱਖ ਵਾਸਤੇ) ਗੁਰੂ ਦੀ ਬਾਣੀ ਹੀ ਬ੍ਰਹਮਾ ਦਾ ਵੇਦ ਹੈ, (ਤੁਸੀਂ ਗੁਰਬਾਣੀ ਦਾ) ਧਰਮ ਦ੍ਰਿੜ ਕਰੋ, (ਗੁਰਬਾਣੀ ਮਨੁੱਖ ਦੇ ਸਾਰੇ) ਪਾਪ ਛਡਾ ਦਿੰਦੀ ਹੈ, ਹੇ ਰਾਮ ਜੀ ਮੈਂ ਤੈਥੋਂ ਬਲਿਹਾਰ ਹਾਂ।ਹੇ ਭਾਈ! ਹਰੀ ਦਾ ਨਾਮ ਸਿਮਰੋ, (ਇਹੀ) ਧਰਮ ਦ੍ਰਿੜ ਕਰੋ, ਸਿਮ੍ਰਤੀਆਂ ਨੇ ਵੀ ਨਾਮ ਹੀ ਦ੍ਰਿੜ ਕਰਾਇਆ ਹੈ।(ਹੇ ਭਾਈ! ਤੁਸੀਂ) ਪੂਜਨੀਕ ਪੂਰਨ ਸਤਿਗੁਰੂ (ਪ੍ਰਭੂ) ਨੂੰ ਸਿਮਰੋ, (ਜਿਸ ਮਨੁੱਖ ਨੇ ਉਸ ਨੂੰ ਸਿਮਰਿਆ ਹੈ, ਉਸ ਨੇ) ਵੱਡੇ ਪਾਪ ਤੇ ਛੋਟੇ ਪਾਪ ਸਾਰੇ ਦੂਰ ਕਰ ਲਏ ਹਨ।(ਉਸ) ਵੱਡੇ ਭਾਗਾਂ ਵਾਲੇ ਮਨੁੱਖ ਨੂੰ ਸੁਭਾਵਕ ਹੀ ਅਨੰਦ ਪ੍ਰਾਪਤ ਹੋਇਆ ਹੈ, (ਜਿਸ ਦੇ) ਮਨ ਵਿਚ ਹਰੀ ਦਾ ਨਾਮ ਮਿੱਠਾ ਲਗ ਆਇਆ ਹੈ।ਦਾਸ ਨਾਨਕ ਆਖਦਾ ਹੈ ਕਿ ਪਤੀ ਪ੍ਰਭੂ ਨਾਲ ਜੋ ਵਿਆਹ ਦਾ ਕਾਰਜ ਰਚਾਇਆ ਗਿਆ ਹੈ, (ਉਸ ਦਾ) ਅਰੰਭ ਇਹ ਪਹਿਲੀ ਲਾਵ ਹੈ।੧।ਹੇ ਰਾਮ ਜੀ! ਮੈਂ ਤੈਥੋਂ ਬਲਿਹਾਰ ਹਾਂ, (ਤੈਂ ਮੇਹਰ ਕਰਕੇ ਜੀਵ ਇਸਤ੍ਰੀ ਨੂੰ ਜੋ) ਮਹਾਂ ਪੁਰਖ ਸਤਿਗੁਰੂ ਮਿਲਾ ਦਿਤਾ ਹੈ, (ਪ੍ਰਭੂ ਪਤੀ ਨਾਲ ਜੀਵ ਇਸਤ੍ਰੀ ਦੇ ਵਿਆਹ ਦੀ ਇਹ) ਦੂਜੀ ਲਾਵ ਹੈ।(ਗੁਰੂ ਦਾ ਉਪਦੇਸ਼ ਲੈ ਕੇ ਉਸ ਦਾ) ਮਨ (ਸਭ ਤਰ੍ਹਾਂ ਦੇ) ਡਰ ਤੋਂ ਨਿਡਰ ਹੋ ਗਿਆ ਹੈ ਤੇ (ਪ੍ਰਭੂ ਦੇ ਭੈ ਨੇ ਉਸ ਦੀ) ਹਉਮੈ ਦੀ ਮੈਲ ਨੂੰ ਦੂਰ ਕਰ ਦਿਤਾ ਹੈ, ਹੇ ਰਾਮ ਜੀ ਮੈਂ ਤੈਥੋਂ ਬਲਿਹਾਰ ਹਾਂ।(ਜਿਸ ਜੀਵ ਇਸਤ੍ਰੀ ਨੇ ਪ੍ਰਭੂ ਦਾ) ਨਿਰਮਲ ਭਉ ਪਾਇਆ ਹੈ ਅਤੇ ਹਰੀ ਦੇ ਗੁਣਾਂ ਨੂੰ ਗਾਇਆ ਹੈ, ਉਹ ਪ੍ਰਭੂ ਨੂੰ ਅਪਣੇ ਸਾਮ੍ਹਣੇ ਦੇਖਦੀ ਹੈ।

ਅੰਗ ੭੭੪ = ਹਰਿ ਆਤਮ ਰਾਮੁ ਪਸਾਰਿਆ ਸੁਆਮੀ, ਸਰਬ ਰਹਿਆ ਭਰਪੂਰੇ ॥ ਅੰਤਰਿ ਬਾਹਰਿ ਹਰਿ ਪ੍ਰਭੁ ਏਕੋ, ਮਿਲਿ ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ, ਅਨਹਦ ਸਬਦ ਵਜਾਏ ॥੨॥ (ਉਸ ਜਾਣ ਲੈਂਦੀ ਹੈ ਕਿ) ਹਰੀ ਨੇ ਆਪਣੇ ਆਪ ਨੂੰ ਸਭ ਜਗ੍ਹਾ ਪਸਾਰਿਆ ਹੋਇਆ ਹੈ ਅਤੇ ਉਹ ਪਾਲਕ ਪ੍ਰਭੂ ਸਾਰੇ ਜੀਵਾਂ ਵਿਚ ਭਰਪੂਰ ਹੋ ਰਿਹਾ ਹੈ।(ਉਸ ਨੂੰ ਅਪਣੇ) ਅੰਦਰ ਅਤੇ ਬਾਹਰ (ਜਗਤ ਵਿਚ) ਇਕੋ ਪ੍ਰਭੂ ਦਿਸਦਾ ਹੈ ਅਤੇ (ਉਹ) ਹਰੀ ਦੇ ਭਗਤਾਂ ਨਾਲ ਮਿਲ ਕੇ ਖੁਸ਼ੀ ਦੇ ਗੀਤ ਗਾਉਂਦੀ ਹੈ।ਦਾਸ ਨਾਨਕ ਆਖਦਾ ਹੈ ਕਿ (ਹੁਣ ਜੀਵ ਇਸਤ੍ਰੀ ਦੇ) ਵਿਆਹ ਦੀ ਦੂਜੀ ਲਾਵ ਚਲਾਈ ਹੈ, (ਜਿਸ ਕਰਕੇ ਜੀਵ ਇਸਤ੍ਰੀ ਦੇ ਹਿਰਦੇ ਅੰਦਰ ਹਰੀ ਦੇ) ਸ਼ਬਦ ਦੇ ਇਕ ਰਸ ਵਾਜੇ ਵਜ ਪੈਂਦੇ ਹਨ (ਅਜਪਾ ਜਾਪ ਹੋਣ ਲਗ ਜਾਂਦਾ ਹੈ)।੨।

ਪਦਾਰਥ = ਪਹਿਲੜੀ–ਪਹਿਲੀ।ਲਾਵ–ਵਿਆਹ ਸਮੇਂ ਦੇ ਫੇਰੇ; ਪ੍ਰਕਰਮਾਂ; ਤੋੜਨਾ (ਪਿਤਾ ਦੇ ਘਰ ਤੋਂ ਰਿਸ਼ਤਾ ਤੋੜ ਕੇ ਪਤੀ ਨਾਲ ਜੋੜਿਆ ਜਾਂਦਾ ਹੈ); ਰੁਹਾਨੀ ਮੰਜਲ।ਪਰਵਿਰਤੀ ਕਰਮ–ਸੰਸਾਰ ਵਿਚ ਰਹਿ ਕੇ ਧਰਮ ਕਰਮ ਕਰਨ ਵਾਲਾ ਗ੍ਰਿਹਸਤੀ ਜੀਵਨ (ਇਸ ਦੇ ਉਲਟ ਤਿਆਗ ਵਾਲੇ ਜੀਵਨ ਨੂੰ ਨਿਰਵਿਰਤ ਕਿਹਾ ਹੈ)।ਦ੍ਰਿੜਾਇਆ–ਨਿਸਚੇ ਕਰਾਇਆ।ਬਲਿ–ਸਦਕੇ ਜਾਂਦਾ ਹਾਂ।ਰਾਮ ਜੀਉ–ਹੇ ਰਾਮ ਜੀ!।ਬਾਣੀ–ਗੁਰਬਾਣੀ।ਦ੍ਰਿੜਹੁ–ਨਿਸਚੇ ਕਰੋ; ਮਨ ਵਿਚ ਪੱਕਾ ਕਰੋ।ਧਿਆਵਹੁ–ਸਿਮਰੋ।ਸਿਮ੍ਰਿਤਿ–ਸਿਮ੍ਰਤੀਆਂ (ਧਰਮ ਗ੍ਰੰਥਾਂ) ਨੇ।ਆਰਾਧਹੁ–ਸਿਮਰੋ।ਕਿਲਵਿਖ–ਵੱਡੇ ਪਾਪ।ਗਵਾਇਆ–ਦੂਰ ਕਰ ਲਏ।ਸਹਜ–ਸੁਭਾਵਕ ਹੀ; ਕੁਦਰਤੀ।ਹੋਆ –ਹੋਇਆ ਹੈ।ਵਡਭਾਗੀ–ਵੱਡੇ ਭਾਗਾਂ ਵਾਲੇ ਮਨੁੱਖ ਨੂੰ।ਮਨਿ–ਮਨ ਵਿਚ।ਜਨੁ ਨਾਨਕੁ–ਦਾਸ ਨਾਨਕ।ਕਾਜੁ–ਵਿਆਹ ਦੀ ਰਸਮ। ਰਚਾਇਆ–ਕੀਤਾ ਹੈ।੧।ਹਰਿ ਦੂਜੜੀ ਲਾਵ–ਹਰੀ ਪਤੀ ਨਾਲ (ਜੀਵ ਇਸਤ੍ਰੀ ਦੇ ਵਿਆਹ ਦੀ) ਦੂਜੀ ਲਾਵ।ਭੈ–ਸਭ ਤਰ੍ਹਾਂ ਦੇ ਡਰ ਤੋਂ।ਨਿਰਭਉ–ਨਿਡਰ।ਹੋਇ–ਹੋ ਗਿਆ।ਗਵਾਇਆ–ਦੂਰ ਕਰ ਦਿਤਾ।ਨਿਰਮਲੁ ਭਉ–ਪਵਿਤ੍ਰ ਡਰ।ਹਦੂਰੇ–ਸਾਮ੍ਹਣੇ; ਹਾਜਰ ਨਾਜਰ।ਹਰਿ ਆਤਮ ਰਾਮੁ–ਹਰੀ ਨੇ ਆਪਣੇ ਆਪ ਨੂੰ।ਸਰਬ–ਸਭ ਜਗ੍ਹਾ।ਰਹਿਆ ਭਰਪੂਰੇ–ਵਿਆਪਕ ਹੋ ਰਿਹਾ ਹੈ।ਅੰਤਰਿ–ਅਪਣੇ ਹਿਰਦੇ ਅੰਦਰ।ਬਾਹਰਿ–ਬਾਹਰ (ਜਗਤ ਵਿਚ)।ਏਕੋ–ਇਕ ਪ੍ਰਭੂ ਹੀ।ਮਿਲਿ–ਮਿਲ ਕੇ।ਹਰਿ ਜਨ–ਹਰੀ ਦੇ ਭਗਤਾਂ ਨਾਲ। ਮੰਗਲ ਗਾਏ–ਖੁਸ਼ੀ ਦੇ ਗੀਤ ਗਾਉਂਦੀ ਹੈ।ਅਨਹਦ ਸਬਦ ਵਜਾਏ–ਸ਼ਬਦ ਦੇ ਇਕ ਰਸ ਵਾਜੇ ਵਜ ਪੈਂਦੇ ਹਨ।੨।

ਹਰਿ ਤੀਜੜੀ ਲਾਵ, ਮਨਿ ਚਾਉ ਭਇਆ ਬੈਰਾਗੀਆ, ਬਲਿ ਰਾਮ ਜੀਉ ॥ ਸੰਤ ਜਨਾ ਹਰਿ ਮੇਲੁ ,ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥ ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ, ਮੁਖਿ ਬੋਲੀ ਹਰਿ ਬਾਣੀ ॥ ਸੰਤ ਜਨਾ ਵਡਭਾਗੀ ਪਾਇਆ, ਹਰਿ ਕਥੀਐ ਅਕਥ ਕਹਾਣੀ ॥ ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ,ਹਰਿ ਜਪੀਐ ਮਸਤਕਿ ਭਾਗੁ ਜੀਉ ॥ ਜਨੁ ਨਾਨਕੁ ਬੋਲੇ ਤੀਜੀ ਲਾਵੈ, ਹਰਿ ਉਪਜੈ ਮਨਿ ਬੈਰਾਗੁ ਜੀਉ ॥੩॥ ਹਰਿ ਚਉਥੜੀ ਲਾਵ ਮਨਿ ਸਹਜੁ ਭਇਆ, ਹਰਿ ਪਾਇਆ ਬਲਿ ਰਾਮ ਜੀਉ ॥ ਗੁਰਮੁਖਿ ਮਿਲਿਆ ਸੁਭਾਇ, ਹਰਿ ਮਨਿ ਤਨਿ ਮੀਠਾ ਲਾਇਆ, ਬਲਿ ਰਾਮ ਜੀਉ ॥ ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ, ਅਨਦਿਨੁ ਹਰਿ ਲਿਵ ਲਾਈ ॥ ਮਨ ਚਿੰਦਿਆ ਫਲੁ ਪਾਇਆ ਸੁਆਮੀ, ਹਰਿ ਨਾਮਿ ਵਜੀ ਵਾਧਾਈ ॥ ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ, ਧਨ ਹਿਰਦੈ ਨਾਮਿ ਵਿਗਾਸੀ ॥ ਜਨੁ ਨਾਨਕੁ ਬੋਲੇ ਚਉਥੀ ਲਾਵੈ, ਹਰਿ ਪਾਇਆ ਪ੍ਰਭੁ ਅਵਿਨਾਸੀ ॥੪॥੨॥ ਹੇ ਰਾਮ ਜੀ! ਮੈਂ ਤੈਥੋਂ ਸਦਕੇ ਜਾਂਦਾ ਹਾਂ, (ਤੇਰੀ ਕ੍ਰਿਪਾ ਨਾਲ) ਬੈਰਾਗੀ ਪੁਰਖਾਂ ਦੇ ਮਨ ਵਿਚ ਪਤੀ ਪ੍ਰਮੇਸਰ ਦੇ ਮਿਲਾਪ ਲਈ ਜੋ ਚਾਉ ਪੈਦਾ ਹੋਇਆ ਹੈ, (ਇਹ ਆਤਮਕ ਅਵਸਥਾ) ਪਤੀ ਪ੍ਰਭੂ ਨਾਲ (ਜੀਵ ਇਸਤ੍ਰੀ ਦੇ ਵਿਆਹ ਦੀ) ਤੀਜੀ ਲਾਵ ਹੈ। ਹੇ ਰਾਮ ਜੀ! ਮੈਂ ਬਲਿਹਾਰ ਹਾਂ, (ਤੇਰੀ ਕ੍ਰਿਪਾ ਨਾਲ ਜਿਨ੍ਹਾਂ ਦਾ) ਹਰੀ ਦੇ ਸੰਤ ਜਨਾਂ ਨਾਲ ਮੇਲ ਹੋਇਆ ਹੈ, (ਉਨ੍ਹਾਂ) ਵੱਡੇ ਭਾਗਾਂ ਵਾਲੇ ਪੁਰਖਾਂ ਨੇ ਹਰੀ ਨੂੰ ਪਾ ਲਿਆ ਹੈ। (ਉਨ੍ਹਾਂ ਪੁਰਖਾਂ ਨੇ) ਪਵਿਤ੍ਰ ਹਰੀ ਨੂੰ ਪਾ ਲਿਆ ਹੈ ਤੇ ਹਰੀ ਦੇ ਗੁਣਾਂ ਨੂੰ ਗਾਇਆ ਹੈ ਅਤੇ ਮੂੰਹ ਨਾਲ ਹਰੀ ਦੀ ਸਿਫਤ ਸਲਾਹ ਵਾਲੀ ਬਾਣੀ ਉਚਾਰਨ ਕੀਤੀ ਹੈ। ਵੱਡੇ ਭਾਗਾਂ ਵਾਲੇ ਪੁਰਖਾਂ ਨੇ ਸੰਤ ਜਨਾਂ ਦਾ ਸੰਗ ਪ੍ਰਾਪਤ ਕੀਤਾ ਹੈ, (ਜਿਥੇ) ਅਕੱਥ ਹਰੀ ਦੀ ਕਥਾ ਕਹਾਣੀ ਕਥਨ (ਸਿਫਤ ਸਲਾਹ) ਕੀਤੀ ਜਾਂਦੀ ਹੈ। (ਹਰੀ ਦੀ ਸਿਫਤ ਸਲਾਹ ਕਰਨ ਨਾਲ ਉਨ੍ਹਾਂ ਦੇ) ਹਿਰਦੇ ਵਿਚ ਹਰੀ ਦਾ ਨਾਮ ਜਪਣ ਦੀ ਧੁਨੀ ਪੈਦਾ ਹੋਈ ਹੈ, (ਪਰ) ਪ੍ਰਭੂ ਦਾ ਨਾਮ (ਤਦ ਹੀ) ਜਪਿਆ ਜਾਂਦਾ ਹੈ, ਜੇ ਮੱਥੇ ਉਤੇ ਚੰਗਾ ਭਾਗ ਲਿਖਿਆ ਹੋਵੇ। ਦਾਸ ਨਾਨਕ ਆਖਦਾ ਹੈ (ਕਿ ਪਤੀ ਪ੍ਰਭੂ ਨਾਲ ਜੀਵ ਇਸਤ੍ਰੀ ਦੇ ਵਿਆਹ ਦੀ) ਤੀਜੀ ਲਾਵ ਸਮੇਂ (ਜੀਵ ਇਸਤ੍ਰੀ ਦੇ) ਮਨ ਵਿਚ ਬੈਰਾਗ ਪੈਦਾ ਹੋ ਜਾਂਦਾ ਹੈ। ੩।

ਇਸਤ੍ਰੀ ਵਿਚ ਡਰ ਵਾਲੀ ਪਉੜੀ ਤੋਂ ਬਾਦ ਪ੍ਰੇਮ ਦਾ ਉਤਸ਼ਾਹ ਪੈਦਾ ਹੁੰਦਾ ਹੈ, ਪਰ ਇਹ ਪ੍ਰੇਮ ਥੋਥੇ ਉਛਾਲਿਆ ਵਾਲਾ ਨਹੀਂ ਹੁੰਦਾ, ਸੱਗੋਂ ਵੈਰਾਗ ਵਾਲਾ ਹੁੰਦਾ ਹੈ, ਇਕ ਪਾਸੋਂ ਪੇਕੇ ਘਰ ਵੱਲੋਂ ਆਸਾ ਉਮੈਦਾਂ ਟੁੱਟਦੀਆਂ ਹਨ ਭਾਵ ਬੈਰਾਗ ਪੈਦਾ ਹੁੰਦਾ ਹੈ ਤੇ ਦੂਜੇ ਪਾਸੇ ਪਤੀ ਦੇ ਮਿਲਣ ਉਤੇ ਨਵੇਂ ਨਵੇਂ ਚਾਅ ਖਿੜਦੇ ਹਨ। ਬੁੱਲ੍ਹਾ ਉਤੇ ਮੁਸਕ੍ਰਾਹਟ ਅਤੇ ਅੱਖਾਂ ਵਿਚ ਹੰਝੂ ਹੁੰਦੇ ਹਨ। ਆਤਮਾ ਤੇ ਪ੍ਰਮਾਤਮਾ ਦੇ ਮੇਲ ਵਿਚ ਵੀ ਇਕ ਪਾਸੇ ਪ੍ਰੇਮ ਉਠਦਾ ਹੈ, ਤਾਂ ਦੂਜੇ ਪਾਸੇ ਸੰਸਾਰ ਵੱਲੋਂ ਉਮਰਾਮਤਾ ਹੁੰਦੀ ਹੈ। (ਸ਼ਬਦਾਰਥ)।

ਹੇ ਰਾਮ ਜੀ! ਮੈਂ ਤੈਥੋਂ ਸਦਕੇ ਹਾਂ, (ਤੇਰੀ ਮੇਹਰ ਨਾਲ ਜਦੋਂ ਜੀਵ ਇਸਤ੍ਰੀ ਦੇ) ਮਨ ਵਿਚ ਪ੍ਰਭੂ ਦਾ ਗਿਆਨ ਹੋ ਗਿਆ, (ਤਾਂ ਉਸ ਨੇ) ਪ੍ਰਭੂ ਪਤੀ ਪ੍ਰਾਪਤ ਕਰ ਲਿਆ, (ਇਹ ਆਤਮਕ ਅਵਸਥਾ) ਪ੍ਰਭੂ ਪਤੀ ਨਾਲ (ਜੀਵ ਇਸਤ੍ਰੀ ਦੇ ਵਿਆਹ ਦੀ) ਚੌਥੀ ਲਾਵ ਹੈ। ਹੇ ਰਾਮ ਜੀ! ਮੈਂ ਤੈਥੋਂ ਸਦਕੇ ਹਾਂ, (ਤੇਰੀ ਮੇਹਰ ਨਾਲ ਉਸ ਨੂੰ ਪਤੀ ਪ੍ਰਭੂ) ਗੁਰੂ ਦੁਆਰਾ ਸੁਭਾਵਕ ਹੀ ਮਿਲ ਪਿਆ ਹੈ, (ਜਿਸ ਗੁਰੂ ਨੇ ਉਸ ਦੇ) ਮਨ ਤੇ ਸਰੀਰ ਵਿਚ ਹਰੀ ਮਿੱਠਾ ਲੱਗਣ ਲਗਾ ਦਿਤਾ। (ਹੇ ਭਾਈ! ਜਿਸ ਮਨੁੱਖ ਨੂੰ) ਹਰੀ ਦਾ ਨਾਮ ਮਿੱਠਾ ਲਗ ਆਇਆ ਹੈ, (ਉਹ) ਹਰ ਰੋਜ ਹਰੀ ਵਿਚ ਲਿਵ ਲਾਈ ਰਖਦਾ ਹੈ, (ਜਿਸ ਕਰਕੇ ਉਹ) ਮੇਰੇ ਪ੍ਰਭੂ ਨੂੰ ਚੰਗਾ ਲੱਗਾ ਹੈ। (ਉਸ ਨੇ) ਹਰੀ ਦੇ ਨਾਮ ਦੁਆਰਾ ਮਾਲਕ ਪ੍ਰਭੂ ਦੇ ਮਿਲਾਪ ਦਾ ਮਨ ਚਿੰਦਿਆ ਫਲ ਪ੍ਰਾਪਤ ਕਰ ਲਿਆ ਹੈ, (ਇਸ ਲਈ ਉਸ ਨੂੰ) ਖੁਸ਼ੀ ਪ੍ਰਗਟ ਹੋਈ। ਮਾਲਕ ਹਰੀ ਪ੍ਰਭੂ ਨੇ (ਜਦੋਂ ਜੀਵ ਇਸਤ੍ਰੀ ਦੇ) ਵਿਆਹ ਦਾ ਕਾਰਜ ਰਚਾਇਆ, ਤਾਂ ਜੀਵ ਇਸਤ੍ਰੀ ਨਾਮ ਵਿਚ ਜੁੜ ਕੇ ਹਿਰਦੇ ਵਿਚ ਖੁਸ਼ ਰਹਿੰਦੀ ਹੈ। ਦਾਸ ਨਾਨਕ ਆਖਦਾ ਹੈ ਕਿ ਚੌਥੀ ਲਾਵ ਸਮੇਂ (ਉਚੀ ਆਤਮਕ ਅਵਸਥਾ ਵਿਚ ਜੀਵ ਇਸਤ੍ਰੀ ਨੇ) ਨਾਸ਼ ਰਹਿਤ ਪਤੀ ਪ੍ਰਭੂ ਪ੍ਰਾਪਤ ਕਰ ਲਿਆ ਹੈ। ੪। ੨।

ਪਦਾਰਥ = ਹਰਿ ਤੀਜੜੀ ਲਾਵ–ਪਤੀ ਪ੍ਰਭੂ ਨਾਲ (ਜੀਵ ਇਸਤ੍ਰੀ ਦੇ ਵਿਆਹ ਦੀ) ਤੀਜੀ ਲਾਵ। ਮਨਿ–ਮਨ ਵਿਚ। ਚਾਉ ਭਇਆ–ਚਾਉ ਪੈਦਾ ਹੋਇਆ। ਬੈਰਾਗੀਆ–ਬੈਰਾਗੀ ਪੁਰਖਾਂ ਦੇ। ਬਲਿ–ਬਲਿਹਾਰ ਜਾਂਦਾ ਹਾਂ। ਰਾਮ ਜੀਉ–ਹੇ ਰਾਮ ਜੀ!। ਮੇਲੁ–ਮਿਲਾਪ। ਵਡਭਾਗੀਆ–ਵੱਡੇ ਭਾਗਾਂ ਵਾਲੇ ਮਨੁੱਖ। ਨਿਰਮਲੁ–ਪਵਿਤ੍ਰ। ਮੁਖਿ–ਮੂੰਹ ਨਾਲ। ਬੋਲੀ–ਉਚਾਰਨ ਕੀਤੀ। ਕਥੀਐ–ਕਥਨ ਕੀਤੀ ਜਾਂਦੀ ਹੈ। ਅਕਥ–ਜੋ ਬਿਆਨ ਨਾ ਕੀਤਾ ਜਾ ਸਕੇ। ਕਹਾਣੀ–ਸਿਫਤ ਸਲਾਹ ਦੀ ਕਥਾ। ਹਿਰਦੈ–ਹਿਰਦੇ ਵਿਚ। ਹਰਿ ਧੁਨਿ ਉਪਜੀ –ਹਰੀ ਦਾ ਨਾਮ ਜਪਣ ਦੀ ਧੁਨ ਪੈਦਾ ਹੋਈ (ਬਿਰਤੀ ਬ੍ਰਹਮਾਕਾਰ ਹੋ ਗਈ)। ਮਸਤਕਿ–ਮੱਥੇ ਉਤੇ। ਜਨੁ–ਦਾਸ। ਬੋਲੇ–ਆਖਦਾ ਹੈ। ਲਾਵੈ–ਲਾਵ ਸਮੇਂ। ਬੈਰਾਗੁ–ਲੋਕ ਪ੍ਰਲੋਕ ਦੇ ਪਦਾਰਥਾਂ ਤੋਂ ਉਪਰਾਮਤਾ। ੩। ਹਰਿ ਚਉਥੜੀ ਲਾਵ–ਪਤੀ ਪ੍ਰਮੇਸਰ ਨਾਲ (ਜੀਵ

ਇਸਤ੍ਰੀ ਦੇ ਵਿਆਹ ਦੀ) ਚੌਥੀ ਲਾਵ। ਸਹਜੁ ਭਇਆ-(ਹਰੀ ਦਾ) ਗਿਆਨ ਹੋਇਆ। ਗੁਰਮੁਖਿ-ਗੁਰੂ ਦੁਆਰਾ। ਸੁਭਾਇ-ਸੁਭਾਵਕ ਹੀ। ਤਨਿ-ਸਰੀਰ ਵਿਚ। ਭਾਇਆ-ਚੰਗਾ ਲੱਗਾ। ਅਨਦਿਨੁ-ਹਰ ਰੋਜ। ਲਿਵ ਲਾਈ-ਸੁਰਤ ਜੋੜੀ ਰਖਦਾ ਹੈ। ਮਨ ਚਿੰਦਿਆ-ਮਨ ਦਾ ਚਾਹਿਆ ਹੋਇਆ। ਨਾਮਿ-ਨਾਮ ਦੁਆਰਾ। ਵਜੀ ਵਾਧਾਈ-ਖੁਸ਼ੀ ਪ੍ਰਗਟ ਹੋਈ। ਪ੍ਰਭਿ ਠਾਕੁਰਿ-ਮਾਲਕ ਪ੍ਰਭੂ ਨੇ। ਕਾਜੁ-ਵਿਆਹ ਦਾ ਕਾਰਜ। ਰਚਾਇਆ-ਕੀਤਾ। ਧਨ-ਇਸਤ੍ਰੀ। ਵਿਗਾਸੀ-ਖੁਸ਼ ਹੋਈ। ਪ੍ਰਭੁ ਅਵਿਨਾਸੀ-ਨਾਸ਼ ਰਹਿਤ ਪ੍ਰਭੂ।੪।੨।

ਵਿਆਖਿਆ = ਇਸ ਬਾਣੀ ਵਿਚ ਸ੍ਰੀ ਗੁਰੂ ਰਾਮਦਾਸ ਜੀ ਨੇ ਰੁਹਾਨੀ ਮੰਡਲ ਦੇ ਚਾਰ ਪੜਾਉ ਵਰਨਣ ਕੀਤੇ ਹਨ, ਇਸ ਨੂੰ ਲਾਵਾਂ ਦਾ ਪਾਠ ਕਿਹਾ ਜਾਂਦਾ ਹੈ। ਰਹਿਤ ਮਰਿਆਦਾ ਅਨੁਸਾਰ ਲੜਕੀ ਤੇ ਲੜਕੇ ਦੇ ਵਿਆਹ ਸਮੇਂ ਇਨ੍ਹਾਂ ਚਾਰ ਲਾਵਾਂ ਦਾ ਪਾਠ ਕੀਤਾ ਜਾਂਦਾ ਹੈ। ਆਤਮਾ ਤੇ ਪ੍ਰਮਾਤਮਾ ਦੇ ਮਿਲਨ ਦਾ ਇਨ੍ਹਾਂ ਚਾਰ ਲਾਵਾਂ ਵਿਚ ਜਿਕਰ ਹੈ, ਸਮਾਜਕ ਤੌਰ ਤੇ ਲਾਵਾਂ ਦੀ ਬਾਣੀ ਵਿਚ ਇਸਤ੍ਰੀ ਤੇ ਪੁਰਸ਼ ਨੂੰ ਸੁਚੱਜਾ ਜੀਵਨ ਬਤੀਤ ਕਰਨ ਦੀ ਸਿੱਖਿਆ ਹੈ। ਜਦ ਮਨੁੱਖ ਦੇ ਮਨ ਵਿਚ ਪ੍ਰਭੂ ਨੂੰ ਮਿਲਣ ਦੀ ਇੱਛਾ ਜਾਗਦੀ ਹੈ, ਤਾਂ ਉਹ ਧਾਰਮਕ ਕਰਮ ਕਰਨ ਲਗਦਾ ਹੈ। ਬ੍ਰਹਮਾ ਦੀ ਬਾਣੀ ਜੋ ਬੇਦ ਹੈ, ਇਸ ਵਿਚ ਹਵਨ, ਜਗ ਆਦਿ ਕਰਨੇ ਜੋ ਦ੍ਰਿੜ ਕਰਾਏ ਹਨ, ਇਹ ਪ੍ਰਵਿਰਤੀ ਕਰਮ ਹਨ, ਜਿਨ੍ਹਾਂ ਦੁਆਰਾ ਮਨੁੱਖ ਤੇ ਇਸਤ੍ਰੀ ਨੇ ਅਪਣੇ ਧਰਮ ਵਿਚ ਪੱਕੇ ਰਹਿ ਕੇ ਪਾਪਾਂ ਦਾ ਤਿਆਗ ਕਰਨਾ ਹੈ। ਅੰਮ੍ਰਿਤ ਵੇਲੇ ਜਾਗਣਾ, ਨਾਮ ਜਪਣਾ, ਬਾਣੀ ਪੜ੍ਹਨਾ, ਗੁਰਦੁਆਰੇ ਜਾ ਕੇ ਕੀਰਤਨ ਤੇ ਕਥਾ ਸੁਣਨਾ ਅਤੇ ਸੇਵਾ ਕਰਨੀ ਆਦਿ ਪ੍ਰਵਿਰਤੀ ਕਰਮ ਗੁਰੂ ਨੇ ਸਿੱਖ ਨੂੰ ਦ੍ਰਿੜ ਕਰਾਏ ਹਨ। ਗੁਰੂ ਤੋਂ ਮਿਲਿਆ ਨਾਮ ਜਿਸ ਮਨੁੱਖ ਨੂੰ ਮਿੱਠਾ ਲਗਣ ਲਗ ਪੈਂਦਾ ਹੈ, ਉਸ ਨੂੰ ਸਹਜੇ ਹੀ ਅਨੰਦ ਪ੍ਰਾਪਤ ਹੁੰਦਾ ਹੈ। ਦੂਜੀ ਲਾਵ ਵਿਚ ਦੱਸਿਆ ਹੈ ਕਿ ਪ੍ਰਭੂ ਦੀ ਕ੍ਰਿਪਾ ਹੋਣ ਤੇ ਹੀ ਸਤਿਗੁਰੂ ਦਾ ਮਿਲਾਪ ਹੁੰਦਾ ਹੈ। ਸਤਿਗੁਰੂ ਦੇ ਉਪਦੇਸ਼ ਤੇ ਅਮਲ ਕਰਨ ਨਾਲ ਸਿੱਖ ਅਪਣੇ ਅੰਦਰੋਂ ਹਉਮੈ ਦੀ ਮੈਲ ਦੂਰ ਕਰਦਾ ਹੈ। ਪ੍ਰਭੂ ਪਵਿਤ੍ਰ ਹੈ, ਉਸ ਦਾ ਭੈ ਵੀ ਪਵਿਤ੍ਰ ਹੈ, ਰੱਬੀ ਭੈ ਮਨੁੱਖ ਨੂੰ ਵੀ ਪਵਿਤ੍ਰ ਕਰ ਦੇਂਦਾ ਹੈ। ਪ੍ਰਭੂ ਦੇ ਗੁਣ ਗਾਉਂਦਿਆਂ ਪ੍ਰਭੂ ਦੀ ਨੇੜਤਾ ਪ੍ਰਤੀਤ ਹੋਣ ਲਗਦੀ ਹੈ ਅਤੇ ਉਹ ਸਭ ਜਗ੍ਹਾ ਪਸਰਿਆ ਅਨੁਭਵ ਹੁੰਦਾ ਹੈ। ਤੀਜੀ ਲਾਵ ਗੁਰੂ ਜੀ ਆਖਦੇ ਹਨ ਕਿ ਵੱਡੇ ਭਾਗਾਂ ਕਰਕੇ ਜਦੋਂ ਮਨੁੱਖ ਨੂੰ ਸੰਤ ਜਨਾਂ ਦਾ ਮੇਲ ਹੁੰਦਾ ਹੈ ਤਾਂ ਰੱਬ ਦੇ ਮਿਲਾਪ ਦੀ ਚਾਹਤ ਤੇ ਤੜਪ ਜਾਗ ਪੈਂਦੀ ਹੈ। ਪਹਿਲਾਂ ਸਮਝਦਾ ਸੀ ਕਿ ਸੰਸਾਰ ਹੀ ਸਭ ਕੁਛ ਹੈ, ਪ੍ਰਵਾਰ, ਧਨ ਦੌਲਤ ਹੀ ਸੁਖ ਦੇ ਸਾਧਨ ਹਨ। ਸੰਤਾਂ ਦੀ ਸੰਗਤ ਵਿਚ ਹਰੀ ਦੇ ਗੁਣ ਗਾਉਂਦਿਆਂ ਰੱਬ ਨੂੰ ਮਿਲਣ ਦਾ ਚਾਉ ਪੈਦਾ ਹੁੰਦਾ ਹੈ {ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ੭੦੩}। ਗੁਰੂ ਤੋਂ ਪ੍ਰਾਪਤ ਹੋਏ ਗਿਆਨ ਨਾਲ ਪਤਾ ਲਗ ਪਿਆ ਕਿ ਸੰਸਾਰ ਤਾਂ ਕੁਛ ਵੀ ਨਹੀਂ, ਸੰਸਾਰ ਦਾ, ਪ੍ਰਵਾਰ ਤੇ ਧਨ ਦੌਲਤ ਤੋਂ ਮਿਲਿਆ ਸੁਖ ਸਦੀਵੀ ਨਹੀਂ ਹੈ। ਅਸਲੀ ਸੁਖ ਤਾਂ ਸੰਸਾਰ ਤੋਂ ਉਪਰ ਉਠ ਕੇ ਪ੍ਰਭੂ ਨਾਲ ਜੁੜਿਆਂ ਮਿਲਦਾ ਹੈ, ਇਸ ਨਾਲ ਮਨੁੱਖ ਦਾ ਮਨ ਸੰਸਾਰ ਤੋਂ ਉਦਾਸ ਹੋ ਜਾਂਦਾ ਹੈ। ਜਿਵੇਂ ਨਾਰੀਅਲ ਪੱਕ ਕੇ ਖੋਲ ਨੂੰ ਛਡ ਦਿੰਦਾ ਹੈ, ਇਵੇਂ ਮਨੁੱਖ ਸੰਸਾਰ ਵਿਚ ਰਹਿੰਦਾ ਹੈ, ਘਰ ਨੂੰ ਛਡ ਕੇ ਕਿਧਰੇ ਨਹੀਂ ਜਾਂਦਾ। ਕੰਮ ਧੰਦੇ ਕਰਦਾ ਹੋਇਆ ਵੀ ਇਨ੍ਹਾਂ ਦੀ ਪਕੜ ਵਿਚ ਨਹੀਂ ਫਸਦਾ, ਰਾਜੇ ਜਨਕ ਵਾਂਗ ਨਿਰਲੇਪ ਹੋ ਜਾਂਦਾ ਹੈ, ਜਿਵੇਂ ਪਾਣੀ ਵਿਚ ਕਮਲ। ਜਿਵੇਂ ਜੇਲ੍ਹ ਵਿਚ ਕੈਦੀ ਬੰਦ ਹੁੰਦੇ ਹਨ, ਜੇਲ ਸੁਪਰਡੈਂਟ ਜੇਲ੍ਹ ਵਿਚ ਕੰਮ ਕਰਦਾ ਹੋਇਆ ਵੀ ਕੈਦੀ ਨਹੀਂ। ਅਜੇਹੇ ਬੈਰਾਗੀ ਅਤੇ ਨਿਰਲੇਪ ਮਨੁੱਖ ਦੇ ਅੰਦਰ ਸਦਾ ਹਰੀ ਦੇ ਨਾਮ ਸਿਮਰਨ ਦੀ ਧੁਨ ਗੂੰਜਦੀ ਰਹਿੰਦੀ ਹੈ। ਚਉਥੇ ਪੜਾਅ ਵਿਚ ਮਨੁੱਖ ਦੇ ਮਨ ਵਿਚ ਪ੍ਰਭੂ ਦਾ ਗਿਆਨ ਹੋਇਆ, ਤਾਂ ਉਸ ਨੂੰ ਪ੍ਰਭੂ ਦਾ ਨਾਮ ਮਿੱਠਾ ਲਗਣ ਲਗ ਪਿਆ, ਉਹ ਪ੍ਰਭੂ ਵਿਚ ਧਿਆਨ ਜੋੜਦਾ ਹੈ। ਜਿਸ ਕਰਕੇ ਉਸ ਨੇ ਮਨ ਚਾਹਿਆ ਪ੍ਰਭੂ ਮਿਲਾਪ ਦਾ ਫਲ ਪਾ ਲਿਆ ਹੈ।

ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥ ਗੁਰਮੁਖਿ ਹਰਿ ਗੁਣ ਗਾਏ ॥ ਹਿਰਦੈ ਰਸਨ ਰਸਾਏ ॥ ਹਰਿ ਰਸਨ ਰਸਾਏ ਮੇਰੇ ਪ੍ਰਭ ਭਾਏ, ਮਿਲਿਆ ਸਹਜਿ ਸੁਭਾਏ ॥ ਅਨਦਿਨੁ ਭੋਗ ਭੋਗੇ ਸੁਖਿ ਸੋਵੈ, ਸਬਦਿ ਰਹੈ ਲਿਵ ਲਾਏ ॥ ਵਡੈ ਭਾਗਿ ਗੁਰੁ ਪੂਰਾ ਪਾਈਐ, ਅਨਦਿਨੁ ਨਾਮੁ ਧਿਆਏ ॥ ਸਹਜੇ ਸਹਜਿ ਮਿਲਿਆ ਜਗਜੀਵਨੁ ,ਨਾਨਕ ਸੁੰਨਿ ਸਮਾਏ ॥੧॥ ਸੰਗਤਿ ਸੰਤ ਮਿਲਾਏ ॥ ਹਰਿ ਸਰਿ ਨਿਰਮਲ ਨਾਏ ॥ ਨਿਰਮਲਿ ਜਲਿ ਨਾਏ ਮੈਲੁ ਗਵਾਏ, ਭਏ ਪਵਿਤੁ ਸਰੀਰਾ ॥ ਦੁਰਮਤਿ ਮੈਲੁ ਗਈ ਭ੍ਰਮੁ ਭਾਗਾ, ਹਉਮੈ ਬਿਨਠੀ ਪੀਰਾ ॥ ਨਦਰਿ ਪ੍ਰਭੂ ਸਤ ਸੰਗਤਿ ਪਾਈ, ਨਿਜ ਘਰਿ ਹੋਆ ਵਾਸਾ ॥ ਹਰਿ ਮੰਗਲ ਰਸਿ ਰਸਨ ਰਸਾਏ, ਨਾਨਕ ਨਾਮੁ ਪ੍ਰਗਾਸਾ ॥੨॥ (ਹੇ ਭਾਈ! ਜਿਸ) ਗੁਰਮੁਖ ਨੇ ਹਰੀ ਦੇ ਗੁਣ ਗਾਏ ਹਨ, (ਉਸ ਨੇ) ਹਿਰਦੇ ਦੁਆਰਾ ਅਤੇ ਜੀਭ ਦੁਆਰਾ (ਹਰੀ ਦੇ ਗੁਣਾਂ ਦਾ) ਰਸ ਮਾਣਿਆ ਹੈ। (ਜੋ ਮਨੁੱਖ) ਜੀਭ ਨਾਲ ਹਰੀ ਦੇ ਗੁਣਾਂ ਦਾ ਰਸ ਮਾਣਦਾ ਹੈ, ਉਹ ਮੇਰੇ ਪ੍ਰਭੂ ਨੂੰ ਚੰਗਾ ਲਗਦਾ ਹੈ, (ਉਸ ਨੂੰ) ਸਹਿਜ ਸੁਭਾਵਕ ਹੀ ਹਰੀ ਮਿਲ ਪਿਆ ਹੈ। (ਉਹ) ਹਰ ਰੋਜ ਅਨੰਦ ਮਾਣਦਾ ਹੈ, ਸੁਖ ਨਾਲ

ਸੌਂਦਾ ਹੈ ਅਤੇ ਗੁਰੂ ਦੇ ਸ਼ਬਦ ਵਿਚ ਲਿਵ ਲਾਈ ਰਖਦਾ ਹੇ।(ਹੇ ਭਾਈ!) ਵੱਡੇ ਭਾਗਾਂ ਨਾਲ ਪੂਰਾ ਗੁਰੂ ਪਾਈਦਾ ਹੈ, (ਜਿਸ ਮਨੁੱਖ ਨੂੰ ਗੁਰੂ ਮਿਲ ਜਾਂਦਾ ਹੈ, ਉਹ) ਹਰ ਰੋਜ ਹਰੀ ਦਾ ਨਾਮ ਸਿਮਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਫਿਰ ਉਸ ਮਨੁੱਖ ਨੂੰ) ਗਿਆਨ ਦੁਆਰਾ ਸੁਭਾਵਕ ਹੀ ਜਗਤ ਦਾ ਜੀਵਨ ਪ੍ਰਭੂ ਮਿਲ ਜਾਂਦਾ ਹੈ ਅਤੇ (ਉਹ) ਨਿਰਗੁਣ ਪ੍ਰਭੂ ਵਿਚ ਸਮਾ ਜਾਂਦਾ ਹੈ।੧।(ਹੇ ਭਾਈ! ਪ੍ਰਭੂ ਨੇ ਜਿਹੜੇ ਮਨੁੱਖ) ਸੰਤਾਂ ਦੀ ਸੰਗਤ ਵਿਚ ਮਿਲਾਏ ਹਨ।(ਉਨ੍ਹਾਂ ਨੇ) ਹਰੀ ਦੀ ਸਤਸੰਗਤ ਦੇ ਨਿਰਮਲ ਸਰੋਵਰ ਵਿਚ ਇਸ਼ਨਾਨ ਕੀਤਾ ਹੈ।(ਉਨ੍ਹਾਂ ਨੇ ਪਾਪਾਂ ਦੀ) ਮੈਲ ਦੂਰ ਕਰ ਲਈ ਹੈ ਅਤੇ ਨਿਰਮਲ ਜਲ ਵਿਚ ਇਸ਼ਨਾਨ ਕਰਕੇ (ਉਨ੍ਹਾਂ ਦੇ) ਸਰੀਰ ਪਵਿਤ੍ਰ ਹੋ ਗਏ ਹਨ।(ਉਨ੍ਹਾਂ ਦੀ) ਖੋਟੀ ਬੁੱਧੀ ਦੀ ਮੈਲ ਉਤਰ ਗਈ ਹੈ, ਭਰਮ ਭੱਜ ਗਿਆ ਹੈ ਅਤੇ ਹਉਮੈ ਦੀ ਪੀੜ ਨਾਸ਼ ਹੋ ਗਈ ਹੈ।ਪ੍ਰਭੂ ਦੀ ਮੇਹਰ ਦੀ ਨਜਰ ਨਾਲ (ਜਿਸ ਮਨੁੱਖ ਨੂੰ) ਸਤਸੰਗਤ ਪ੍ਰਾਪਤ ਹੋਈ ਹੈ, (ਉਸ ਦਾ) ਅਪਨੇ ਅਸਲੀ ਘਰ (ਰੱਬ ਦੀ ਹਜੂਰੀ) ਵਿਚ ਨਿਵਾਸ ਹੋ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਜੀਭ ਦੁਆਰਾ ਅਨੰਦ ਨਾਲ ਪ੍ਰਭੂ ਦੇ ਮੰਗਲ ਮਈ ਜਸ ਦਾ ਰਸ ਮਾਣਦਾ ਹੈ ਅਤੇ ਪ੍ਰਭੂ ਦਾ ਨਾਮ (ਉਸ ਦੇ ਅੰਦਰ) ਪ੍ਰਕਾਸ਼ ਕਰ ਦੇਂਦਾ ਹੈ।੨।

ਪਦਾਰਥ = ਗੁਰਮੁਖਿ-ਗੁਰੂ ਅਨੁਸਾਰੀ ਮਨੁੱਖ ਨੇ।ਗਾਏ-ਗਾਇਨ ਕੀਤੇ ਹਨ।ਹਿਰਦੈ-ਹਿਰਦੇ ਦੁਆਰਾ।ਰਸਨ-ਜੀਭ ਦੁਆਰਾ। ਰਸਾਏ-ਰਸ ਮਾਣਿਆ ਹੈ।ਭਾਏ-ਚੰਗਾ ਲਗਦਾ ਹੈ।ਸਹਜਿ ਸੁਭਾਏ-ਸਹਿਜ ਸੁਭਾਵਕ।ਅਨਦਿਨੁ-ਹਰ ਰੋਜ।ਭੋਗ ਭੋਗੇ-ਅਨੰਦ ਮਾਣਦਾ ਹੈ।ਸੁਖਿ ਸੋਵੈ-ਸੁਖ ਨਾਲ ਸੌਂਦਾ ਹੈ।ਸਬਦਿ-ਸ਼ਬਦ ਵਿਚ।ਰਹੈ ਲਿਵ ਲਾਏ-ਸੁਰਤ ਜੋੜੀ ਰਖਦਾ ਹੈ।ਵਡੈ ਭਾਗਿ-ਵੱਡੇ ਭਾਗਾਂ ਨਾਲ।ਸਹਜੇ-ਸੁਭਾਵਕ ਹੀ; ਨਿਰਯਤਨ।ਸਹਜਿ-ਗਿਆਨ ਦੁਆਰਾ।ਜਗਜੀਵਨ-ਜਗਤ ਦਾ ਜੀਵਨ ਪ੍ਰਭੂ।ਸੁੰਨਿ-ਨਿਰਗੁਣ ਪ੍ਰਭੂ (ਰੱਬ ਦੀ ਉਹ ਅਵਸਥਾ, ਜਦੋਂ ਕੁਛ ਵੀ ਨਹੀਂ ਸੀ, ਉਹ ਆਪ ਹੀ ਆਪ ਫੁਰਨੇ ਰਹਿਤ ਹਾਲਤ ਵਿਚ ਸੀ)।ਸਮਾਏ-ਲੀਨ ਹੋ ਗਿਆ।੧।ਸਰਿ ਨਿਰਮਲਿ-ਪਵਿਤ੍ਰ ਸਰੋਵਰ ਵਿਚ।ਨਾਏ-ਨ੍ਹਾਤੇ (ਇਸ਼ਨਾਨ ਕੀਤਾ)।ਨਿਰਮਲਿ ਜਲਿ-ਪਵਿਤ੍ਰ ਜਲ ਵਿਚ। ਗਵਾਏ-ਦੂਰ ਕਰ ਲਈ।ਭਏ ਪਵਿਤੁ-ਪਵਿਤ੍ਰ ਹੋ ਗਏ।ਦੁਰਮਤਿ-ਖੋਟੀ ਬੁੱਧੀ।ਭ੍ਰਮੁ ਭਾਗਾ-ਭਰਮ ਭੱਜ ਗਿਆ।ਬਿਨਠੀ-ਨਾਸ਼ ਹੋ ਗਈ।ਪੀਰਾ-ਪੀੜ।ਨਦਰਿ-ਮੇਹਰ ਦੀ ਨਜਰ ਨਾਲ।ਨਿਜ ਘਰਿ-ਅਪਣੇ ਅਸਲੀ ਘਰ (ਰੱਬ ਦੀ ਹਜੂਰੀ) ਵਿਚ।ਹੋਆ ਵਾਸਾ-ਨਿਵਾਸ ਹੋ ਗਿਆ।ਮੰਗਲ-ਖੁਸ਼ੀ ਦਾ ਗੀਤ (ਜਸ)।ਰਸਿ-ਅਨੰਦ ਨਾਲ।ਪ੍ਰਗਾਸਾ-ਚਾਨਣ।੨।

ਅੰਤਰਿ ਰਤਨੁ ਬੀਚਾਰੇ ॥ ਗੁਰਮੁਖਿ ਨਾਮੁ ਪਿਆਰੇ ॥ ਹਰਿ ਨਾਮੁ ਪਿਆਰੇ ਸਬਦਿ ਨਿਸਤਾਰੇ, ਅਗਿਆਨੁ ਅਧੇਰੁ ਗਵਾਇਆ ॥ ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ,ਘਰ ਮੰਦਰ ਸੋਹਾਇਆ ॥ ਤਨੁ ਮਨੁ ਅਰਪਿ ਸੀਗਾਰ ਬਣਾਏ, ਹਰਿ ਪ੍ਰਭ ਸਾਚੇ ਭਾਇਆ ॥ (ਹੇ ਭਾਈ! ਜਿਸ ਪੁਰਖ ਦੇ) ਹਿਰਦੇ ਅੰਦਰ ਬਿਚਾਰ ਰੂਪ ਰਤਨ ਹੈ, (ਉਹ) ਗੁਰਮੁਖ ਪ੍ਰਭੂ ਦੇ ਨਾਮ ਨੂੰ ਪਿਆਰ ਕਰਦਾ ਹੈ। (ਉਹ) ਹਰੀ ਦੇ ਨਾਮ ਨੂੰ ਪਿਆਰ ਕਰਦਾ ਹੈ, (ਗੁਰੂ ਉਸ ਨੂੰ ਅਪਣੇ) ਸ਼ਬਦ ਦੁਆਰਾ (ਭਵਜਲ ਤੋਂ) ਤਾਰ ਦਿੰਦਾ ਹੈ ਤੇ ਅਗਿਆਨ ਰੂਪ ਹਨ੍ਹੇਰਾ ਦੂਰ ਕਰ ਦਿੰਦਾ ਹੈ।(ਉਸ ਦੇ) ਹਿਰਦੇ ਅੰਦਰ ਤੇਜ ਗਿਆਨ ਰੂਪ ਦੀਵਾ ਬਲ ਪਿਆ ਹੈ, (ਜਿਸ ਨਾਲ ਉਸ ਦਾ) ਸਰੀਰ ਅਤੇ ਹਿਰਦਾ ਸੋਹਣਾ ਬਣ ਗਿਆ ਹੈ।(ਜਿਸ ਮਨੁੱਖ ਨੇ ਪ੍ਰਭੂ ਨੂੰ ਅਪਣਾ) ਸਰੀਰ ਤੇ ਮਨ ਅਰਪਣ ਕਰਕੇ ਸ਼ੁੱਭ ਗੁਣਾਂ ਦੇ ਸ਼ਿੰਗਾਰ ਬਣਾਏ ਹਨ, (ਉਹ) ਸਚੇ ਹਰੀ ਨੂੰ ਚੰਗਾ ਲੱਗਾ ਹੈ।

ਅੰਗ ੭੭੫ = ਜੋ ਪ੍ਰਭੁ ਕਹੈ ਸੋਈ ਪਰੁ ਕੀਜੈ, ਨਾਨਕ ਅੰਕਿ ਸਮਾਇਆ ॥੩॥ ਹਰਿ ਪ੍ਰਭਿ ਕਾਜੁ ਰਚਾਇਆ ॥ ਗੁਰਮੁਖਿ ਵੀਆਹਣਿ ਆਇਆ ॥ ਵੀਆਹਣਿ ਆਇਆ ਗੁਰਮੁਖਿ ਹਰਿ ਪਾਇਆ, ਸਾ ਧਨ ਕੰਤ ਪਿਆਰੀ ॥ ਸੰਤ ਜਨਾ ਮਿਲਿ ਮੰਗਲ ਗਾਏ, ਹਰਿ ਜੀਉ ਆਪਿ ਸਵਾਰੀ ॥ ਸੁਰਿ ਨਰ ਗਣ ਗੰਧਰਬ ਮਿਲਿ ਆਏ, ਅਪੂਰਬ ਜੰਞ ਬਣਾਈ ॥ ਨਾਨਕ ਪ੍ਰਭੁ ਪਾਇਆ ਮੈ ਸਾਚਾ, ਨਾ ਕਦੇ ਮਰੈ ਨ ਜਾਈ ॥੪॥੧॥੩॥ ਜੋ ਕੰਮ ਪ੍ਰਭੂ ਕਹਿੰਦਾ ਹੈ, ਉਹ ਹੀ ਚੰਗੀ ਤਰ੍ਹਾਂ ਕਰਨਾ ਚਾਹੀਦਾ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ ਕਰਨ ਵਾਲਾ ਮਨੁੱਖ) ਪ੍ਰਭੂ ਦੇ ਸਰੂਪ ਵਿਚ ਸਮਾ ਜਾਂਦਾ ਹੈ।੩।(ਹੇ ਭਾਈ! ਜੀਵ ਇਸਤ੍ਰੀ ਨੂੰ ਅਪਣੇ ਨਾਲ ਮਿਲਾਉਣ ਲਈ) ਹਰੀ ਪ੍ਰਮੇਸਰ ਨੇ (ਜੀਵ ਇਸਤ੍ਰੀ ਦੇ ਵਿਆਹ) ਦਾ ਕਾਰਜ ਰਚਾਇਆ ਹੈ।(ਉਹ ਪਤੀ ਪ੍ਰਮੇਸਰ) ਗੁਰੂ ਰਾਹੀਂ (ਜੀਵ ਇਸਤ੍ਰੀ ਨੂੰ) ਵਿਆਹੁਣ ਲਈ ਆਇਆ ਹੈ।(ਉਹ ਪ੍ਰਭੂ) ਵਿਆਹੁਣ ਆਇਆ ਹੈ, (ਇਉਂ ਜੀਵ ਇਸਤ੍ਰੀ ਨੇ) ਗੁਰੂ ਰਾਹੀਂ ਹਰੀ ਨੂੰ ਪਾਇਆ ਹੈ, (ਕਿਉਂਕਿ) ਉਹ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਪਿਆਰ ਕਰਨ ਵਾਲੀ ਹੈ।(ਉਸ ਨੇ) ਸੰਤ ਜਨਾਂ ਨਾਲ ਮਿਲ ਕੇ ਖੁਸ਼ੀ ਦੇ ਗੀਤ ਗਾਏ ਅਤੇ ਹਰੀ ਜੀ ਨੇ ਆਪ (ਉਸ ਦੀ ਬੁੱਧੀ) ਸਵਾਰ ਦਿਤੀ ਹੈ।(ਇਸ ਜੀਵ ਇਸਤ੍ਰੀ ਦੇ ਵਿਆਹ ਵਿਚ) ਦੈਵੀ ਗੁਣਾਂ ਵਾਲੇ ਮਨੁੱਖ, ਦੇਵਤਿਆਂ ਦੇ ਸੇਵਕ ਤੇ ਦੇਵ ਲੋਕ ਦੇ ਗਵੱਈਏ ਮਿਲ ਕੇ ਆਏ, (ਇਹ ਇਕ) ਅਸਚਰਜ ਜੰਞ

ਬਣ ਕੇ ਆਈ ਹੈ (ਆਤਮਾ ਦਾ ਪ੍ਰਮਾਤਮਾ ਨਾਲ ਹੋਏ ਮਿਲਾਪ ਦਾ ਸੁੰਦਰ ਨਕਸ਼ਾ ਖਿੱਚਿਆ ਹੈ, ਜਿਸ ਵਿਚ ਦੇਵ ਲੋਕ ਦੀਆਂ ਮਹਾਨ ਹਸਤੀਆਂ ਦਾ ਸ਼ਾਮਲ ਹੋਣਾ ਦੱਸਿਆ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸੱਚੇ ਪ੍ਰਭੂ ਨੂੰ ਪਾਇਆ ਹੈ, ਜੋ ਨਾ ਕਦੇ ਮਰਦਾ ਹੈ ਅਤੇ ਨਾ ਹੀ ਛਡ ਕੇ ਜਾਂਦਾ ਹੈ; ਨਾ ਜੰਮਦਾ ਹੈ।੪।੧।੩।

ਪਦਾਰਥ = ਅੰਤਰਿ–ਹਿਰਦੇ ਅੰਦਰ। ਰਤਨੁ ਬੀਚਾਰੇ–ਵਿਚਾਰ ਰੂਪ ਰਤਨ (ਬਹੁਤ ਉਚੇ ਤੇ ਕੀਮਤੀ ਵਿਚਾਰ)। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਪਿਆਰੇ–ਪਿਆਰ ਕਰਦਾ ਹੈ। ਸਬਦਿ–ਸ਼ਬਦ ਦੁਆਰਾ। ਨਿਸਤਾਰੇ–ਤਾਰ ਦਿੰਦਾ ਹੈ। ਅਧੇਰੁ–ਹਨ੍ਹੇਰਾ। ਗਵਾਇਆ –ਦੂਰ ਕਰ ਦਿੰਦਾ ਹੈ। ਪ੍ਰਚੰਡੁ–ਬਹੁਤ ਤੇਜ। ਬਲਿਆ–ਜਗ ਪਿਆ। ਘਟਿ–ਹਿਰਦੇ ਵਿਚ। ਘਰ ਮੰਦਰ–ਸਰੀਰ ਤੇ ਹਿਰਦਾ। ਸੋਹਾਇਆ –ਸੋਹਣਾ ਬਣ ਗਿਆ। ਤਨੁ–ਸਰੀਰ। ਅਰਪਿ–ਭੇਟਾ ਕਰਕੇ। ਪ੍ਰਭ ਸਾਚੇ–ਸੱਚੇ ਪ੍ਰਭੂ ਨੂੰ। ਭਾਇਆ–ਚੰਗਾ ਲੱਗਾ। ਸੋਈ–ਉਹ ਹੀ। ਪਰੁ–ਚੰਗੀ ਤਰ੍ਹਾਂ। ਕੀਜੈ–ਕਰਨਾ ਚਾਹੀਦਾ ਹੈ। ਅੰਕਿ–ਗੋਦ (ਸਰੂਪ) ਵਿਚ। ਸਮਾਇਆ–ਲੀਨ ਹੋ ਜਾਂਦਾ ਹੈ।੩। ਪ੍ਰਭਿ–ਪ੍ਰਭੂ ਨੇ। ਕਾਜੁ–ਵਿਆਹ ਦਾ ਕਾਰਜ। ਰਚਾਇਆ–ਸਜਾਇਆ। ਗੁਰਮੁਖਿ–ਗੁਰੂ ਰਾਹੀਂ। ਸਾ ਧਨ–ਉਹ ਜੀਵ ਇਸਤ੍ਰੀ। ਕੰਤ ਪਿਆਰੀ–ਪਤੀ ਨੂੰ ਪਿਆਰ ਕਰਨ ਵਾਲੀ। ਮਿਲਿ–ਮਿਲ ਕੇ। ਮੰਗਲ–ਖੁਸ਼ੀ ਦੇ ਗੀਤ। ਸਵਾਰੀ–ਸੁਧਾਰ ਦਿਤੀ। ਸੁਰਿ ਨਰ–ਦੈਵੀ ਗੁਣਾਂ ਵਾਲੇ ਮਨੁੱਖ। ਗਣ–ਸ਼ਿਵ ਜੀ ਦੇ ਸੇਵਕ। ਗੰਧਰਬ–ਦੇਵ ਲੋਕ ਦੇ ਗਵੱਈਏ। ਅਪੁਰਬ–ਜੋ ਪਹਿਲਾਂ ਕਦੇ ਨਾ ਹੋਇਆ ਹੋਵੇ (ਅਨੋਖਾ)। ਮਰੈ ਨ–ਮਰਦਾ ਨਹੀਂ। ਨ ਜਾਈ–ਜਾਂਦਾ ਨਹੀਂ; ਜੰਮਦਾ ਨਹੀਂ।੪।੧।੩।

ਰਾਗੁ ਸੂਹੀ ਛੰਤ ਮਹਲਾ ੪ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਆਵਹੋ ਸੰਤ ਜਨਹੁ ,ਗੁਣ ਗਾਵਹ ਗੋਵਿੰਦ ਕੇਰੇ ਰਾਮ ॥ ਗੁਰਮੁਖਿ ਮਿਲਿ ਰਹੀਐ, ਘਰਿ ਵਾਜਹਿ ਸਬਦ ਘਨੇਰੇ ਰਾਮ ॥ ਸਬਦ ਘਨੇਰੇ ਹਰਿ ਪ੍ਰਭ ਤੇਰੇ, ਤੂ ਕਰਤਾ ਸਭ ਥਾਈ ॥ ਅਹਿਨਿਸਿ ਜਪੀ ਸਦਾ ਸਾਲਾਹੀ, ਸਾਚ ਸਬਦਿ ਲਿਵ ਲਾਈ ॥ ਅਨਦਿਨੁ ਸਹਜਿ ਰਹੈ ਰੰਗਿ ਰਾਤਾ, ਰਾਮ ਨਾਮੁ ਰਿਦ ਪੂਜਾ ॥ ਨਾਨਕ ਗੁਰਮੁਖਿ ਏਕੁ ਪਛਾਣੈ, ਅਵਰੁ ਨ ਜਾਣੈ ਦੂਜਾ ॥੧॥ ਸਭ ਮਹਿ ਰਵਿ ਰਹਿਆ, ਸੋ ਪ੍ਰਭੁ ਅੰਤਰਜਾਮੀ ਰਾਮ ॥ ਗੁਰ ਸਬਦਿ ਰਵੈ ਰਵਿ ਰਹਿਆ ,ਸੋ ਪ੍ਰਭੁ ਮੇਰਾ ਸੁਆਮੀ ਰਾਮ ॥ ਪ੍ਰਭੁ ਮੇਰਾ ਸੁਆਮੀ ਅੰਤਰਜਾਮੀ, ਘਟਿ ਘਟਿ ਰਵਿਆ ਸੋਈ ॥ ਗੁਰਮਤਿ ਸਚੁ ਪਾਈਐ ਸਹਜਿ ਸਮਾਈਐ, ਤਿਸੁ ਬਿਨੁ ਅਵਰੁ ਨ ਕੋਈ ॥ ਸਹਜੇ ਗੁਣ ਗਾਵਾ ਜੇ ਪ੍ਰਭ ਭਾਵਾ, ਆਪੇ ਲਏ ਮਿਲਾਏ ॥ ਨਾਨਕ ਸੋ ਪ੍ਰਭੁ ਸਬਦੇ ਜਾਪੈ ,ਅਹਿਨਿਸਿ ਨਾਮੁ ਧਿਆਏ॥੨॥ ਹੇ ਸੰਤ ਜਨੋਂ! ਆਓ, ਅਸੀਂ (ਰਲ ਕੇ) ਗੋਬਿੰਦ ਦੇ ਗੁਣ ਗਾਈਏ। (ਉਨ੍ਹਾਂ) ਗੁਰਮੁਖਾਂ ਦੀ ਸੰਗਤ ਵਿਚ ਮਿਲ ਕੇ ਰਹਿਣਾ ਚਾਹੀਦਾ ਹੈ, (ਜਿਨ੍ਹਾਂ ਦੇ) ਹਿਰਦੇ ਘਰ ਵਿਚ ਸ਼ਬਦ ਦੀਆਂ ਬਹੁਤ ਧੁਨਾਂ ਵਜਦੀਆਂ ਹਨ (ਅਜਪਾ ਜਾਪ ਹੁੰਦਾ ਰਹਿੰਦਾ ਹੈ)। ਹੇ ਪ੍ਰਭੂ! ਤੇਰੇ ਸ਼ਬਦ ਬਹੁਤ ਹਨ, ਤੂੰ ਸ੍ਰਿਸਟੀ ਦਾ ਕਰਤਾ ਹੈਂ ਅਤੇ ਸਭ ਥਾਈਂ ਵਿਆਪਕ ਹੈਂ। (ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ) ਮੈਂ ਤੈਨੂੰ ਦਿਨ ਰਾਤ ਜਪਦਾ ਰਹਾਂ, ਤੈਨੂੰ ਸਦਾ ਸਲਾਹੁੰਦਾ ਰਹਾਂ ਅਤੇ ਸੱਚੇ ਸ਼ਬਦ ਵਿਚ ਲਿਵ ਲਾਈ ਰੱਖਾਂ। (ਹੇ ਭਾਈ! ਜਿਹੜਾ ਮਨੁੱਖ) ਪ੍ਰਭੂ ਦੇ ਨਾਮ ਨੂੰ ਹਿਰਦੇ ਦੀ ਪੂਜਾ ਬਣਾਉਂਦਾ ਹੈ ਅਤੇ ਹਰ ਰੋਜ ਸਹਜੇ ਹੀ ਪ੍ਰਭੂ ਦੇ ਪ੍ਰੇਮ ਰੰਗਿ ਵਿਚ ਰੰਗਿਆ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਗੁਰੂ ਰਾਹੀਂ ਇਕ ਪ੍ਰਭੂ ਨੂੰ ਪਛਾਣ ਲੈਂਦਾ ਹੈ ਅਤੇ ਹੋਰ ਦੂਜੇ ਕਿਸੇ ਨੂੰ ਨਹੀਂ ਜਾਣਦਾ।੧। ਹੇ ਭਾਈ! ਉਹ ਅੰਤਰਜਾਮੀ ਪ੍ਰਭੂ ਸਾਰੇ ਜੀਵਾਂ ਵਿਚ ਵਿਆਪਕ ਹੋ ਰਿਹਾ ਹੈ। (ਜਿਹੜਾ ਮਨੁੱਖ) ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਨੂੰ ਸਿਮਰਦਾ ਹੈ, (ਉਸ ਨੂੰ) ਉਹ ਮੇਰਾ ਮਾਲਕ ਪ੍ਰਭੂ ਸਭ ਵਿਚ ਵਿਆਪਕ ਹੋ ਰਿਹਾ ਦਿਸਦਾ ਹੈ। ਮੇਰਾ ਮਾਲਕ ਪ੍ਰਭੂ ਅੰਤਰਜਾਮੀ ਹੈ, ਉਹ ਹੀ ਘਟ ਘਟ ਵਿਚ ਰਮਿਆ ਹੋਇਆ ਹੈ। ਗੁਰਮਤ ਦੁਆਰਾ ਸੱਚ ਸਰੂਪ ਪ੍ਰਭੂ ਨੂੰ ਪਾਈਦਾ ਹੈ ਅਤੇ ਸਹਿਜ ਪਦ ਵਿਚ ਸਮਾ ਜਾਈਦਾ ਹੈ, (ਜਾਣ ਲਈਦਾ ਹੈ ਕਿ) ਉਸ ਤੋਂ ਬਿਨਾ ਹੋਰ ਕੋਈ ਨਹੀਂ। ਜੇ ਮੈਂ ਪ੍ਰਭੂ ਨੂੰ ਚੰਗਾ ਲਗ ਜਾਵਾਂ ਤਾਂ ਸੁਭਾਵਕ ਹੀ (ਪ੍ਰਭੂ ਦੇ) ਗੁਣ ਗਾਉਣ ਲਗ ਜਾਵਾਂ, (ਫਿਰ ਉਹ ਮੈਨੂੰ) ਆਪੇ ਮਿਲਾ ਲਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੇ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਨੂੰ ਦਿਨ ਰਾਤ ਧਿਆਵੇ, (ਤਾਂ ਉਹ ਪ੍ਰਭੂ) ਜਾਣਿਆ ਜਾਂਦਾ ਹੈ।੨।

ਪਦਾਰਥ = ਆਵਹੁ–ਆਓ। ਸੰਤ ਜਨਹੁ–ਹੇ ਸੰਤ ਜਨੋਂ!। ਗਾਵਹ–ਅਸੀਂ ਗਾਈਏ। ਕੇਰੇ–ਦੇ। ਗੁਰਮੁਖਿ–ਗੁਰਮੁਖਾਂ ਨਾਲ। ਮਿਲਿ ਰਹੀਐ–ਮਿਲ ਕੇ ਰਹਿਣਾ ਚਾਹੀਦਾ ਹੈ। ਘਰਿ–ਘਰ ਵਿਚ। ਵਾਜਹਿ ਸਬਦ–ਸ਼ਬਦ ਦੀਆਂ ਧੁਨਾਂ ਵਜਦੀਆਂ ਹਨ (ਕੀਰਤਨ ਹੁੰਦਾ ਹੈ; ਅਜਪਾ ਜਾਪ ਹੁੰਦਾ ਹੈ)। ਘਨੇਰੇ–ਬਹੁਤ। ਕਰਤਾ–ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਪ੍ਰਭੂ। ਸਭ ਥਾਈ–ਸਭ ਥਾਵਾਂ ਵਿਚ। ਅਹਿ–ਦਿਨ। ਨਿਸਿ–ਰਾਤ। ਜਪੀ–ਮੈਂ ਜਪਦਾ ਰਹਾਂ। ਸਾਲਾਹੀ–ਸਲਾਹੁੰਦਾ ਰਹਾਂ। ਸਾਚ ਸਬਦਿ–ਸੱਚੇ ਸ਼ਬਦ ਵਿਚ। ਲਿਵ ਲਾਈ–ਸੁਰਤ ਜੋੜੀ ਰੱਖਾਂ। ਅਨਦਿਨੁ–ਹਰ ਰੋਜ। ਸਹਜੇ–ਸੁਭਾਵਕ ਹੀ। ਰਹੈ ਰੰਗਿ ਰਾਤਾ–ਪ੍ਰੇਮ ਰੰਗਿ ਵਿਚ ਰੰਗਿਆ ਰਹਿੰਦਾ ਹੈ। ਰਿਦ ਪੂਜਾ–

ਹਿਰਦੇ ਦੀ ਪੂਜਾ। ਗੁਰਮਖਿ–ਗੁਰੂ ਰਾਹੀਂ। ਏਕੁ–ਇਕ ਪ੍ਰਭੂ ਨੂੰ। ਅਵਰੁ ਦੂਜਾ–ਹੋਰ ਕਿਸੇ ਦੂਜੇ ਨੂੰ।੧। ਸਭ ਮਹਿ–ਸਾਰੇ ਜੀਵਾਂ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਸੋ–ਉਹ। ਅੰਤਰਜਾਮੀ–ਹਰੇਕ ਦੇ ਦਿਲ ਦੀ ਜਾਨਣ ਵਾਲਾ। ਗੁਰ ਸਬਦਿ–ਗੁਰੂ ਦੇ ਸ਼ਬਦ ਰਾਹੀਂ। ਰਵੈ–ਸਿਮਰਦਾ ਹੈ। ਘਟਿ ਘਟਿ–ਹਰੇਕ ਜੀਵ ਦੇ ਦਿਲ ਵਿਚ। ਰਵਿਆ–ਵਿਆਪਕ ਹੈ। ਸੋਈ–ਉਹ ਹੀ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਸਚੁ–ਸੱਚ ਸਰੂਪ ਪ੍ਰਭੂ। ਸਹਜਿ ਸਮਾਈਐ–ਸਹਿਜ ਪਦ ਵਿਚ ਸਮਾ ਜਾਈਦਾ ਹੈ। ਤਿਸੁ–ਉਸ। ਭਾਵਾ–ਚੰਗਾ ਲੱਗ ਜਾਵਾਂ। ਆਪੇ–ਆਪ ਹੀ। ਸਬਦੇ ਜਾਪੈ–ਸ਼ਬਦ ਦੁਆਰਾ ਜਾਣਿਆ ਜਾਂਦਾ ਹੈ।੨।

ਇਹੋ ਜਗੋ ਦੁਤਰੁ ,ਮਨਮੁਖੁ ਪਾਰਿ ਨ ਪਾਈ ਰਾਮ ॥ ਅੰਤਰੇ ਹਉਮੈ ਮਮਤਾ, ਕਾਮੁ ਕ੍ਰੋਧੁ ਚਤੁਰਾਈ ਰਾਮ ॥ ਅੰਤਰਿ ਚਤੁਰਾਈ ਥਾਇ ਨ ਪਾਈ, ਬਿਰਥਾ ਜਨਮੁ ਗਵਾਇਆ ॥ ਜਮ ਮਗਿ ਦੁਖੁ ਪਾਵੈ ਚੋਟਾ ਖਾਵੈ, ਅੰਤਿ ਗਇਆ ਪਛੁਤਾਇਆ ॥ ਬਿਨੁ ਨਾਵੈ ਕੋ ਬੇਲੀ ਨਾਹੀ, ਪੁਤੁ ਕੁਟੰਬੁ ਸੁਤੁ ਭਾਈ ॥ ਨਾਨਕ ਮਾਇਆ ਮੋਹੁ ਪਸਾਰਾ, ਆਗੈ ਸਾਥਿ ਨ ਜਾਈ ॥੩॥ ਹਉ ਪੂਛਉ ਅਪਨਾ ਸਤਿਗੁਰੁ ਦਾਤਾ, ਕਿਨ ਬਿਧਿ ਦੁਤਰੁ ਤਰੀਐ ਰਾਮ ॥ ਸਤਿਗੁਰ ਭਾਇ ਚਲਹੁ ,ਜੀਵਤਿਆ ਇਵ ਮਰੀਐ ਰਾਮ ॥ ਜੀਵਤਿਆ ਮਰੀਐ ਭਉਜਲੁ ਤਰੀਐ, ਗੁਰਮੁਖਿ ਨਾਮਿ ਸਮਾਵੈ ॥ ਪੂਰਾ ਪੁਰਖੁ ਪਾਇਆ ਵਡਭਾਗੀ, ਸਚਿ ਨਾਮਿ ਲਿਵ ਲਾਵੈ ॥ ਮਤਿ ਪਰਗਾਸੁ ਭਈ ਮਨੁ ਮਾਨਿਆ, ਰਾਮ ਨਾਮਿ ਵਡਿਆਈ ॥ ਨਾਨਕ ਪ੍ਰਭੁ ਪਾਇਆ ਸਬਦਿ ਮਿਲਾਇਆ, ਜੋਤੀ ਜੋਤਿ ਮਿਲਾਈ ॥੪॥੧॥੪॥

ਹੇ ਭਾਈ! ਇਹ ਸੰਸਾਰ ਸਮੁੰਦਰ ਨੂੰ ਤਰਨਾ ਔਖਾ ਹੈ, ਮਨਮੁਖ (ਇਸ ਦਾ) ਪਾਰਲਾ ਪਾਸਾ ਪ੍ਰਾਪਤ ਨਹੀਂ ਕਰ ਸਕਦਾ। (ਕਿਉਂਕਿ ਉਸ ਦੇ) ਮਨ ਦੇ ਅੰਦਰ ਹਉਮੈ, ਮਮਤਾ, ਕਾਮ, ਕ੍ਰੋਧ ਅਤੇ ਚਤਰਾਈ (ਟਿਕੀ ਹੋਈ) ਹੈ। (ਜਿਸ ਮਨੁੱਖ ਦੇ) ਅੰਦਰ ਚਤਰਾਈ ਹੈ ,(ਉਹ ਪ੍ਰਭੂ ਦਾ) ਟਿਕਾਣਾ ਨਹੀਂ ਪਾ ਸਕਦਾ, (ਉਸ ਨੇ ਅਪਣਾ) ਜਨਮ ਬਿਰਥਾ ਗਵਾ ਲਿਆ ਹੈ। ਉਹ ਜਮ ਦੇ ਰਸਤੇ ਤੇ ਜਾਂਦਾ ਹੋਇਆ ਚੋਟਾਂ ਖਾਂਦਾ ਹੈ ਤੇ ਦੁਖ ਪਾਉਂਦਾ ਹੈ ਅਤੇ ਅੰਤ ਸਮੇਂ ਪਛਤਾਉਂਦਾ ਹੋਇਆ (ਉਹ ਸੰਸਾਰ ਤੋਂ) ਚਲਾ ਗਿਆ ਹੈ। ਪ੍ਰਭੂ ਦੇ ਨਾਮ ਤੋਂ ਬਿਨਾ ਪੁਤ੍ਰ ,ਪ੍ਰਵਾਰ ਤੇ ਭਾਈ ਦਾ ਪੁਤ੍ਰ ਆਦਿ ਕੋਈ ਵੀ ਸਹਾਈ ਨਹੀਂ ਬਣਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਹ ਸੰਸਾਰ) ਮਾਇਆ ਦੇ ਮੋਹ ਦਾ ਪਸਾਰਾ ਹੈ, ਅੱਗੇ ਪ੍ਰਲੋਕ ਵਿਚ ਕੁਛ ਵੀ (ਜੀਵ ਦੇ) ਨਾਲ ਨਹੀਂ ਜਾਂਦਾ।੩। ਹੇ ਭਾਈ! ਮੈਂ ਨਾਮ ਦੇ ਦਾਤੇ ਅਪਣੇ ਸਤਿਗੁਰੂ ਤੋਂ ਪੁਛਦਾ ਹਾਂ ਕਿ ਕਿਸ ਤਰ੍ਹਾਂ ਔਖਾ ਤਰਿਆ ਜਾਣ ਵਾਲਾ ਸੰਸਾਰ ਸਮੁੰਦਰ ਤਰਿਆ ਜਾ ਸਕਦਾ ਹੈ? (ਅੱਗੋਂ ਇਹ ਉਤਰ ਮਿਲਿਆ ਕਿ) ਹੇ ਭਾਈ! ਸਤਿਗੁਰੂ ਦੇ ਭਾਣੇ ਵਿਚ ਚੱਲੋ, ਇਉਂ ਜਿਉਂਦਿਆਂ ਮਰ ਜਾ ਜਾਈਦਾ ਹੈ। ਜੇ ਜਿਉਂਦਿਆ ਹੀ ਮਰ ਜਾਈਏ, ਤਾਂ ਭਵਜਲ ਤੋਂ ਤਰ ਜਾਈਦਾ ਹੈ ਅਤੇ ਜੋ ਗੁਰਮੁਖ ਹੈ, ਉਹ ਨਾਮ ਵਿਚ ਸਮਾ ਜਾਂਦਾ ਹੈ। (ਇਉ ਉਸ ਨੇ) ਵੱਡੇ ਭਾਗਾਂ ਨਾਲ ਪੂਰਨ ਅਕਾਲ ਪੁਰਖ ਪਾ ਲਿਆ ਹੈ ਅਤੇ (ਉਹ) ਸੱਚੇ ਨਾਮ ਵਿਚ ਲਿਵ ਲਾਈ ਰਖਦਾ ਹੈ। (ਉਸ ਦੀ) ਬੁੱਧੀ ਪ੍ਰਕਾਸ਼ਵਾਨ ਹੋ ਗਈ ਹੈ, ਮਨ ਪਤੀਜ ਗਿਆ ਹੈ ਅਤੇ (ਉਸ ਨੂੰ) ਰਾਮ ਦੇ ਨਾਮ ਦੁਆਰਾ (ਲੋਕ ਪ੍ਰਲੋਕ ਵਿਚ) ਵਡਿਆਈ ਮਿਲੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਅਪਣੇ ਮਨ ਨੂੰ) ਗੁਰੂ ਦੇ ਸ਼ਬਦ ਵਿਚ ਮਿਲਾਇਆ ਹੈ, (ਉਸ ਨੇ) ਪ੍ਰਭੂ ਨੂੰ ਪਾਇਆ ਹੈ ਅਤੇ (ਉਸ ਨੇ ਅਪਣੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲਾ ਲਈ ਹੈ।੪।੧।੪।

ਪਦਾਰਥ = ਜਗੋ (ਜਗੁ)–ਜਗਤ। ਦੁਤਰੁ–ਔਖਾ ਤਰਿਆ ਜਾਣ ਵਾਲਾ। ਪਾਰਿ ਨ ਪਾਈ–ਪਾਰਲਾ ਪਾਸਾ ਪ੍ਰਾਪਤ ਨਹੀਂ ਕਰ ਸਕਦਾ। ਅੰਤਰਿ–ਮਨ ਦੇ ਅੰਦਰ। ਮਮਤਾ–ਅਪਣੱਤ (ਮੇਰਾਪਣ); ਪਦਾਰਥਾਂ ਵਿਚ ਪ੍ਰੇਮ। ਰਾਮ–ਹੇ ਭਾਈ!। ਥਾਇ ਨ ਪਾਈ–ਟਿਕਾਣਾ ਨਹੀਂ ਪਾ ਸਕਦਾ; ਪ੍ਰਵਾਨ ਹੀਂ ਹੁੰਦਾ। ਬਿਰਥਾ–ਬਿਅਰਥ। ਜਮ ਮਗਿ–ਜਮ ਦੇ ਰਸਤੇ ਉਤੇ। ਪਾਵੈ–ਪਾਉਂਦਾ ਹੈ। ਅੰਤਿ–ਅੰਤ ਸਮੇਂ। ਕੋ–ਕੋਈ। ਬੇਲੀ–ਮਿਤ੍ਰ; ਸਹਾਇਕ। ਕੁਟੰਬੁ–ਪ੍ਰਵਾਰ। ਸੁਤੁ ਭਾਈ–ਭਰਾ ਦਾ ਪੁਤ੍ਰ (ਭਤੀਜਾ)। ਆਗੈ–ਅੱਗੇ ਪ੍ਰਲੋਕ ਵਿਚ। ਸਾਥਿ–ਨਾਲ। ਨ ਜਾਈ–ਨਹੀਂ ਜਾਂਦਾ।੩। ਹਉ–ਮੈਂ। ਪੂਛਉ–ਪੁੱਛਦਾ ਹਾਂ। ਕਿਨ ਬਿਧਿ–ਕਿਸ ਤਰ੍ਹਾਂ। ਤਰੀਐ–ਤਰਿਆ ਜਾ ਸਕਦਾ ਹੈ। ਭਾਇ–ਭਾਣੇ ਵਿਚ। ਇਵ–ਇਉਂ। ਮਰੀਐ–ਮਰ ਜਾਈਦਾ ਹੈ। ਭਉਜਲੁ–ਸੰਸਾਰ ਸਮੁੰਦਰ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਨਾਮਿ ਸਮਾਵੈ –ਨਾਮ ਵਿਚ ਲੀਨ ਹੁੰਦਾ ਹੈ। ਪੂਰਾ ਪੁਰਖੁ–ਪੂਰਨ ਅਕਾਲ ਪੁਰਖ। ਵਡਭਾਗੀ–ਵੱਡੇ ਭਾਗਾਂ ਨਾਲ। ਸਚਿ ਨਾਮਿ–ਸੱਚੇ ਨਾਮ ਵਿਚ। ਲਿਵ ਲਾਵੈ–ਸੁਰਤ ਜੋੜੀ ਰਖਦਾ ਹੈ। ਮਤਿ–ਬੁੱਧੀ। ਮਨੁ ਮਾਨਿਆ–ਮਨ ਪਤੀਜ ਗਿਆ। ਰਾਮ ਨਾਮਿ–ਪ੍ਰਭੂ ਦੇ ਨਾਮ ਦੁਆਰਾ। ਜੋਤੀ–ਪ੍ਰਭੂ ਦੀ ਜੋਤ ਵਿਚ। ਜੋਤਿ ਮਿਲਾਈ–(ਅਪਣੀ) ਆਤਮ ਜੋਤ ਮਿਲਾ ਲਈ ਹੈ।੪।੧।੪।

ਅੰਗ ੭੭੬ = ਸੂਹੀ ਮਹਲਾ ੪ ਘਰੁ ੫ ੴ ਸਤਿਗੁਰ ਪ੍ਰਸਾਦਿ ॥ ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ, ਮੇਰੀ ਤ੍ਰਿਸਨਾ ਬੁਝਿ ਗਈਆਸੇ ॥ ਹਉ ਮਨੁ ਤਨੁ ਦੇਵਾ ਸਤਿਗੁਰੈ, ਮੈ ਮੇਲੇ ਪ੍ਰਭ ਗੁਣਤਾਸੇ ॥ ਧਨੁ ਧੰਨੁ ਗੁਰੂ ਵਡ ਪੁਰਖੁ ਹੈ, ਮੈ ਦਸੇ ਹਰਿ

ਸਾਬਾਸੇ ॥ ਵਡਭਾਗੀ ਹਰਿ ਪਾਇਆ, ਜਨ ਨਾਨਕ ਨਾਮਿ ਵਿਗਾਸੇ ॥੧॥ ਗੁਰੁ ਸਜਣੁ ਪਿਆਰਾ ਮੈ ਮਿਲਿਆ, ਹਰਿ ਮਾਰਗੁ ਪੰਥੁ ਦਸਾਹਾ ॥ ਘਰਿ ਆਵਹੁ ਚਿਰੀ ਵਿਛੁੰਨਿਆ, ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥ ਹਉ ਤੁਝੁ ਬਾਝਹੁ ਖਰੀ ਉਡੀਣੀਆ, ਜਿਉ ਜਲ ਬਿਨੁ ਮੀਨੁ ਮਰਾਹਾ ॥ ਵਡਭਾਗੀ ਹਰਿ ਧਿਆਇਆ, ਜਨ ਨਾਨਕ ਨਾਮਿ ਸਮਾਹਾ ॥੨॥ ਹੇ ਸੰਤ ਜਨੋਂ! ਮੈਨੂੰ ਪਿਆਰਾ ਗੁਰੂ ਮਿਲ ਗਿਆ ਹੈ, (ਜਿਸ ਦੇ ਉਪਦੇਸ਼ ਨਾਲ) ਮੇਰੀ ਤ੍ਰਿਸ਼ਨਾ ਬੁਝ ਗਈ ਹੈ। ਮੈਂ ਅਪਣਾ ਮਨ ਤੇ ਤਨ ਸਤਿਗੁਰੂ ਨੂੰ ਭੇਟਾ ਕਰ ਦੇਂਦਾ ਹਾਂ, (ਕਿਉਂਕਿ ਉਹ) ਮੈਨੂੰ ਗੁਣਾਂ ਦੇ ਭੰਡਾਰ ਪ੍ਰਭੂ ਨਾਲ ਮਿਲਾ ਦੇਵੇਗਾ। ਗੁਰੂ ਧੰਨ ਧੰਨ ਹੈ, ਵੱਡਾ ਪੁਰਖ ਹੈ, ਜੋ ਮੈਨੂੰ ਧੰਨਤਾ ਦੇ ਯੋਗ ਹਰੀ ਦੇ ਮਿਲਣ ਦਾ ਰਸਤਾ ਦਸਦਾ ਹੈ। ਵੱਡੇ ਭਾਗਾਂ ਨਾਲ ਦਾਸ ਨਾਨਕ ਨੇ ਹਰੀ ਨੂੰ ਪਾਇਆ ਹੈ (ਅਤੇ ਉਸ ਦੇ) ਨਾਮ ਵਿਚ ਜੁੜ ਕੇ ਮੈਂ ਖੁਸ਼ ਹੋ ਗਿਆ ਹਾਂ।੧।(ਹੇ ਸੰਤ ਜਨੋਂ!) ਮੈਨੂੰ ਪਿਆਰਾ ਗੁਰੂ ਸੱਜਣ ਮਿਲਿਆ ਹੈ, (ਉਸ ਪਾਸੋਂ ਮੈਂ ਉਹ) ਰਸਤਾ ਪੁਛਦੀ ਹਾਂ, ਜੋ ਹਰੀ ਦੇ ਮਿਲਣ ਦਾ ਰਸਤਾ ਹੈ। ਚਿਰਾਂ ਤੋਂ ਵਿਛੜੇ ਹੇ ਪ੍ਰਭੂ! ਮੇਰੇ ਹਿਰਦੇ ਘਰਿ ਵਿਚ ਆ ਵਸੋ, ਹੇ ਮਾਲਕ ਪ੍ਰਭੂ! ਗੁਰੂ ਦੇ ਸ਼ਬਦ ਰਾਹੀਂ ਮੈਨੂੰ ਆ ਮਿਲੋ।(ਹੇ ਪ੍ਰਭੂ!) ਮੈਂ ਤੇਰੇ ਬਿਨਾ ਬਹੁਤ ਉਦਾਸ ਰਹਿੰਦੀ ਹਾਂ, ਜਿਵੇਂ ਪਾਣੀ ਤੋਂ ਬਿਨਾ ਮੱਛੀ ਮਰ ਜਾਂਦੀ ਹੈ ।ਦਾਸ ਨਾਨਕ ਨੇ ਵੱਡੇ ਭਾਗਾਂ ਨਾਲ ਹਰੀ ਨੂੰ ਸਿਮਰਿਆ ਹੈ ਅਤੇ (ਉਸ ਦੇ) ਨਾਮ ਵਿਚ ਲੀਨ ਰਹਿੰਦਾ ਹੈ।੨।

ਪਦਾਰਥ = ਸੰਤ ਜਨੋ–ਹੇ ਸੰਤ ਜਨੋਂ!। ਮੈ–ਮੈਨੂੰ। ਬੁਝਿ ਗਈਆਸੇ–ਬੁਝ ਗਈ ਹੈ। ਹਉ–ਮੈਂ। ਤਨੁ–ਸਰੀਰ। ਦੇਵਾ–ਭੇਟਾ ਕਰ ਦੇਂਦਾ ਹਾਂ। ਸਤਿਗੁਰੈ–ਸਤਿਗੁਰੂ ਨੂੰ। ਗੁਣਤਾਸੇ–ਗੁਣਾਂ ਦਾ ਭੰਡਾਰ। ਵਡ ਪੁਰਖੁ–ਮਹਾਂ ਪੁਰਖ। ਦਸੇ–ਦਸਦਾ ਹੈ। ਸਾਬਾਸੇ–ਧੰਨਤਾ ਦੇ ਯੋਗ। ਵਡਭਾਗੀ–ਵੱਡੇ ਭਾਗਾਂ ਨਾਲ। ਜਨ ਨਾਨਕ–ਦਾਸ ਨਾਨਕ। ਵਿਗਾਸੇ–ਖੁਸ਼ ਹੋ ਗਿਆ ਹੈ।੧। ਮਾਰਗੁ–ਰਸਤਾ। ਪੰਥੁ–ਰਸਤਾ। ਦਸਾਹਾ –ਮੈਂ ਪੁਛਦੀ ਹਾਂ। ਘਰਿ–ਹਿਰਦੇ ਘਰ ਵਿਚ। ਅਵਹੁ–ਆ ਜਾਓ। ਚਿਰੀ ਵਿਛੁੰਨਿਆ–ਚਿਰਾਂ ਤੋਂ ਵਿਛੜੇ ਹੋਏ। ਸਬਦਿ ਗੁਰੂ–ਗੁਰੂ ਦੇ ਸ਼ਬਦ ਰਾਹੀਂ। ਪ੍ਰਭ ਨਾਹਾ–ਹੇ ਮਾਲਕ ਪ੍ਰਭੂ!। ਹਉ–ਮੈਂ। ਤੁਝੁ ਬਾਝਹੁ–ਤੇਰੇ ਬਿਨਾ। ਖਰੀ ਉਡੀਣੀਆ–ਬਹੁਤ ਉਦਾਸ ਹਾਂ। ਮੀਨੁ–ਮੱਛੀ। ਮਰਾਹਾ–ਮਰ ਜਾਂਦੀ ਹੈ। ਨਾਮਿ ਸਮਾਹਾ–ਨਾਮ ਵਿਚ ਲੀਨ ਰਹਿੰਦਾ ਹੈ।੨।

ਮਨੁ ਦਹ ਦਿਸਿ ਚਲਿ ਚਲਿ ਭਰਮਿਆ, ਮਨਮੁਖੁ ਭਰਮਿ ਭੁਲਾਇਆ ॥ ਨਿਤ ਆਸਾ ਮਨਿ ਚਿਤਵੈ, ਮਨ ਤ੍ਰਿਸਨਾ ਭੁਖ ਲਗਾਇਆ ॥ ਅਨਤਾ ਧਨੁ ਧਰਿ ਦਬਿਆ, ਫਿਰਿ ਬਿਖੁ ਭਾਲਣ ਗਇਆ ॥ ਜਨ ਨਾਨਕ ਨਾਮੁ ਸਲਾਹਿ ਤੂ ,ਬਿਨੁ ਨਾਵੈ ਪਚਿ ਪਚਿ ਮੁਇਆ ॥੩॥ ਗੁਰੁ ਸੁੰਦਰੁ ਮੋਹਨੁ ਪਾਇ ਕਰੇ, ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥ ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ, ਮਨ ਆਸਾ ਚਿੰਤ ਵਿਸਾਰਿਆ ॥ ਮੈ ਅੰਤਰਿ ਵੇਦਨ ਪ੍ਰੇਮ ਕੀ, ਗੁਰ ਦੇਖਤ ਮਨੁ ਸਾਧਾਰਿਆ ॥ ਵਡਭਾਗੀ ਪ੍ਰਭ ਆਇ ਮਿਲੁ ,ਜਨ ਨਾਨਕੁ ਖਿਨੁ ਖਿਨੁ ਵਾਰਿਆ ॥੪॥੧॥੫॥ (ਹੇ ਭਾਈ!) ਮਨਮੁਖ ਦਾ ਮਨ ਭਰਮ ਵਿਚ ਭੁਲਾਇਆ ਹੋਇਆ (ਕੁਰਾਹੇ ਪੈ ਕੇ) ਭੰਭੀਰੀ ਵਾਂਙ ਚੰਚਲ ਹੋ ਕੇ ਦਸੇ ਦਿਸ਼ਾਵਾਂ ਵਿਚ ਭਟਕਦਾ ਫਿਰਦਾ ਹੈ। ਹਰ ਰੋਜ (ਉਹ ਅਪਣੇ) ਮਨ ਵਿਚ ਆਸਾ ਚਿਤਵਦਾ ਰਹਿੰਦਾ ਹੈ ਅਤੇ (ਉਸ ਨੇ ਅਪਣੇ) ਮਨ ਵਿਚ (ਮਾਇਆ ਦੀ) ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁੱਖ ਨੂੰ ਲਾਇਆ ਹੋਇਆ ਹੈ।(ਉਸ ਦੇ ਹਿਰਦੇ ਰੂਪ) ਧਰਤੀ ਵਿਚ ਬੇਅੰਤ ਧਨ ਦੱਬਿਆ ਪਿਆ ਹੈ, ਫਿਰ ਵੀ (ਬਾਹਰੋਂ) ਜਹਿਰ ਰੂਪ ਧਨ ਭਾਲਣ ਜਾਂਦਾ ਹੈ; (ਪਹਿਲਾਂ ਦਾ ਕਮਾਇਆ) ਧਨ ਧਰਤੀ ਵਿਚ ਦੱਬ ਰੱਖਿਆ ਹੈ, ਫਿਰ ਵੀ (ਹੋਰ ਵਧੇਰੇ) ਜਹਿਰ ਰੂਪ ਧਨ ਭਾਲਣ ਜਾਂਦਾ ਹੈ। ਦਾਸ ਨਾਨਕ ਆਖਦਾ ਹੈ ਕਿ (ਹੇ ਭਾਈ!) ਤੂੰ ਹਰੀ ਦੇ ਨਾਮ ਨੂੰ ਸਲਾਹਿਆ ਕਰ, ਨਾਮ ਤੋਂ ਬਿਨਾ (ਸਾਰਾ ਸੰਸਾਰ ਤ੍ਰਿਸ਼ਨਾ ਦੀ ਅੱਗ ਵਿਚ) ਸੜ ਸੜ ਕੇ ਮਰ ਗਿਆ ਹੈ।੩। ਮਨ ਨੂੰ ਮੋਹ ਲੈਣ ਵਾਲੇ ਸੁੰਦਰ ਗੁਰੂ ਨੂੰ ਪ੍ਰਾਪਤ ਕਰਕੇ ਹਰੀ ਦੇ ਪ੍ਰੇਮ ਵਾਲੀ ਉਸ ਦੀ ਬਾਣੀ ਨਾਲ ਮੈਂ ਮਨ ਨੂੰ ਮਾਰਿਆ ਹੈ (ਸੰਕਲਪ ਵਿਕਲਪ ਮਾਰ ਲਏ ਹਨ)। ਮੇਰੇ ਹਿਰਦੇ ਵਿਚੋਂ (ਸੰਸਾਰ ਦੀ ਠੱਗੀ ਠੋਰੀ ਵਾਲੀ) ਸੁਝ ਬੂਝ ਭੁੱਲ (ਖਤਮ ਹੋ) ਗਈ ਹੈ ਤੇ ਮੈਂ ਮਨ ਦੀ ਆਸਾ ਤੇ ਚਿੰਤਾ ਦੋਵੇਂ ਭੁਲਾ ਦਿਤੀਆਂ ਹਨ। ਮੇਰੇ ਹਿਰਦੇ ਅੰਦਰ ਪ੍ਰੇਮ ਦੀ ਪੀੜ ਹੈ, ਗੁਰੂ ਦੇ ਦਰਸ਼ਨ ਦੇਖਦਿਆ ਹੀ ਮਨ ਆਸਰੇ ਸਹਿਤ ਹੋ (ਟਿਕ) ਗਿਆ ਹੈ। ਹੇ ਪ੍ਰਭੂ! ਦਾਸ ਨਾਨਕ ਨੂੰ (ਜੇ ਤੂੰ) ਆ ਕੇ ਮਿਲ ਪਵੇਂ, ਤਾਂ ਮੈਂ ਵੱਡੇ ਭਾਗਾਂ ਵਾਲਾ ਹੋਵਾਂਗਾ, ਮੈਂ ਤੇਰੇ ਤੋਂ ਹਰ ਪਲ ਕੁਰਬਾਨ ਜਾਂਦਾ ਹਾਂ।੪।੧।੫।

ਪਦਾਰਥ = ਦਹ ਦਿਸਿ–ਦਸੇ ਦਿਸ਼ਾਵਾਂ ਵਿਚ (ਸਾਰੇ ਪਾਸੇ)। ਚਲਿ ਚਲਿ–ਭੰਭੀਰੀ ਵਾਂਙ ਚੰਚਲ ਹੋ ਕੇ (ਗੁ. ਗ੍ਰੰ. ਕੋਸ਼; ਬਾ. ਪ੍ਰ.) ।ਭਰਮਿਆ–ਭਟਕਦਾ ਫਿਰਦਾ ਹੈ। ਭਰਮਿ–ਭਰਮ ਵਿਚ। ਭੁਲਾਇਆ–ਕੁਰਾਹੇ ਪਿਆ ਹੋਇਆ ਹੈ। ਨਿਤ–ਹਰ ਰੋਜ। ਮਨਿ–ਮਨ ਵਿਚ। ਚਿਤਵੈ–ਚਿਤਵਦਾ ਹੈ। ਅਨਤਾ–ਅਨੰਤ (ਬੇਅੰਤ)। ਧਰਿ–ਧਰਤੀ ਵਿਚ। ਫਿਰਿ–ਫਿਰ ਵੀ। ਬਿਖੁ–ਜਹਿਰ ਰੂਪ ਮਾਇਆ। ਭਾਲਣ ਗਇਆ–ਲੱਭਣ ਜਾਂਦਾ ਹੈ । ਸਲਾਹ–ਸਲਾਹਿਆ (ਸਿਮਰਿਆ) ਕਰ। ਬਿਨੁ ਨਾਵੈ–ਨਾਮ ਤੋਂ ਬਿਨਾ। ਪਚਿ ਪਚਿ–ਸੜ ਸੜ

ਕੇ। ਮੁਇਆ–ਮਰ ਗਿਆ। ੩। ਮੋਹਨੁ–ਮਨ ਨੂੰ ਮੋਹ ਲੈਣ ਵਾਲਾ। ਪਾਇ ਕਰੇ–ਪ੍ਰਾਪਤ ਕਰਕੇ। ਹਰਿ ਪ੍ਰੇਮ ਬਾਣੀ–ਹਰੀ ਦੇ ਪ੍ਰੇਮ ਵਾਲੀ ਬਾਣੀ ਨਾਲ। ਹਿਰਦੈ–ਹਿਰਦੇ ਵਿਚੋਂ। ਸੁਧਿ ਬੁਧਿ–(ਲੋਕਾਂ ਨੂੰ ਠੱਗਣ ਵਾਲੀ) ਸੂਝ ਬੂਝ। ਵਿਸਰਿ ਗਈ–ਭੁੱਲ (ਖਤਮ ਹੋ) ਗਈ। ਵਿਸਾਰਿਆ–ਭੁਲਾ ਦਿਤੀਆਂ। ਮੈ ਅੰਤਰਿ–ਮੇਰੇ ਹਿਰਦੇ ਅੰਦਰ। ਵੇਦਨ–ਪੀੜ। ਸਾਧਾਰਿਆ–ਆਸਰੇ ਵਾਲਾ ਹੋ ਗਿਆ। ਪ੍ਰਭ–ਹੇ ਪ੍ਰਭੂ!। ਖਿਨੁ ਖਿਨੁ–ਹਰੇਕ ਪਲ। ਵਾਰਿਆ–ਕੁਰਬਾਨ ਜਾਂਦਾ ਹਾਂ। ੪। ੧। ੫।

ਸੂਹੀ ਛੰਤ ਮਹਲਾ ੪ ॥ ਮਾਰੇਹਿ ਸੁ ਵੇ ਜਨ ਹਉਮੈ ਬਿਖਿਆ, ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥ ਦੇਹ ਕੰਚਨ ਵੇ ਵੰਨੀਆ, ਇਨਿ ਹਉਮੈ ਮਾਰਿ ਵਿਗੁਤੀਆ ॥ ਮੋਹੁ ਮਾਇਆ ਵੇ ਸਭ ਕਾਲਖਾ, ਇਨਿ ਮਨਮੁਖਿ ਮੂੜਿ ਸਜੁਤੀਆ ॥ ਜਨ ਨਾਨਕ ਗੁਰਮੁਖਿ ਉਬਰੇ, ਗੁਰ ਸਬਦੀ ਹਉਮੈ ਛੁਟੀਆ ॥੧॥ ਵਸਿ ਆਣਿਹੁ ਵੇ ਜਨ ਇਸੁ ਮਨ ਕਉ ,ਮਨੁ ਬਾਸੇ ਜਿਉ ਨਿਤ ਭਉਦਿਆ ॥ ਦੁਖਿ ਰੈਣਿ ਵੇ ਵਿਹਾਣੀਆ, ਨਿਤ ਆਸਾ ਆਸ ਕਰੇਦਿਆ ॥ ਗੁਰੁ ਪਾਇਆ ਵੇ ਸੰਤ ਜਨੋ, ਮਨਿ ਆਸ ਪੂਰੀ ਹਰਿ ਚਉਦਿਆ ॥ ਜਨ ਨਾਨਕ ਪ੍ਰਭ ਦੇਹੁ ਮਤੀ, ਛਡਿ ਆਸਾ ਨਿਤ ਸੁਖਿ ਸਉਦਿਆ ॥੨॥ ਹੇ ਭਾਈ ਜਨੋਂ! ਉਸ ਮਾਇਆ ਦੀ ਹਉਮੈ ਨੂੰ ਮਾਰ ਦਿਓ, ਜਿਸ ਨੇ (ਤੁਹਾਨੂੰ) ਹਰੀ ਪ੍ਰਭੂ ਨਾਲ ਮਿਲਣ ਨਹੀਂ ਦਿਤਾ। ਹੇ ਭਾਈ! ਇਹ ਮਨੁੱਖਾ ਦੇਹ ਸੋਨੇ ਦੇ ਰੰਗ ਵਾਲੀ (ਬਹੁਤ ਸੋਹਣੀ ਤੇ ਕੀਮਤੀ) ਹੈ, ਇਸ ਹਉਮੈ ਨੇ ਮਾਰ ਕੇ ਖਰਾਬ ਕਰ ਦਿਤੀ ਹੈ। ਹੇ ਭਾਈ! ਮਾਇਆ ਦਾ ਮੋਹ ਸਭ ਕਾਲਖ ਰੂਪ ਹੈ, ਇਸ ਮਨਮੁਖ ਮੂਰਖ ਨੇ (ਅਪਣੇ ਮਨ ਨੂੰ ਮਾਇਆ ਨਾਲ) ਜੋੜ ਰੱਖਿਆ ਹੈ। ਦਾਸ ਨਾਨਕ ਆਖਦਾ ਹੈ ਕਿ ਗੁਰਮੁਖ (ਇਸ ਹਉਮੈ ਤੋਂ) ਬਚ ਗਏ ਹਨ, (ਕਿਉਂਕਿ) ਗੁਰੂ ਦੇ ਸ਼ਬਦ ਦੁਆਰਾ (ਉਨ੍ਹਾਂ ਦੀ) ਹਉਮੈ ਛੁਟ ਗਈ ਹੈ। ੧। ਹੇ ਭਾਈ ਜਨੋਂ! (ਅਪਣੇ) ਇਸ ਮਨ ਨੂੰ ਵਸ ਵਿਚ ਲਿਆਵੋ, (ਕਿਉਂਕਿ ਇਹ) ਮਨ ਬਾਸ਼ੇ ਵਾਂਗ ਨਿੱਤ ਭਉਂਦਾ ਫਿਰਦਾ ਹੈ। ਹੇ ਭਾਈ! ਨਿਤ ਆਸਾਂ ਹੀ ਆਸਾਂ ਕਰਦਿਆਂ ਤੇਰੀ ਜੀਵਨ ਰੂਪ ਰਾਤ ਦੁੱਖ ਵਿਚ ਬੀਤਦੀ ਜਾ ਰਹੀ ਹੈ। ਹੇ ਸੰਤ ਜਨੋਂ! (ਜਿਸ ਮਨੁੱਖ ਨੂੰ) ਗੁਰੂ ਪ੍ਰਾਪਤ ਹੋਇਆ ਹੈ, (ਉਸ ਦੇ) ਮਨ ਵਿਚ ਜੋ ਵੀ ਆਸ ਹੈ, (ਉਹ ਆਸ) ਹਰੀ ਦਾ ਨਾਮ ਜਪਦਿਆਂ ਪੂਰੀ ਹੋ ਜਾਂਦੀ ਹੈ। ਹੇ ਪ੍ਰਭੂ! ਦਾਸ ਨਾਨਕ ਨੂੰ ਇਹ ਸਮਝ ਬਖਸ਼ ਦੇਹ ਕਿ (ਹਰ ਤਰ੍ਹਾਂ ਦੀ) ਆਸ ਛਡ ਕੇ (ਮੇਰਾ ਜੀਵਨ) ਸੁਖ ਵਿਚ ਸੌਂਦਿਆ (ਅਨੰਦ ਸਹਿਤ) ਬਤੀਤ ਹੋਵੇ। ੨।

ਪਦਾਰਥ = ਮਾਰੇਹਿ–ਮਾਰ ਦਿਓ। ਸੁ–ਉਸ। ਵੇ ਜਨ–ਹੇ (ਭਾਈ) ਜਨੋਂ। ਹਉਮੈ ਬਿਖਿਆ–ਮਾਇਆ ਦੀ ਹਉਮੈ; ਹਉਮੈ ਦੀ ਜਹਿਰ ਨੂੰ। ਜਿਨਿ–ਜਿਸ ਨੇ। ਦੇਹ–ਸਰੀਰ। ਕੰਚਨ ਵੰਨੀਆ–ਸੋਨੇ ਦੇ ਰੰਗ ਵਾਲੀ (ਬਹੁਤ ਸੁੰਦਰ)। ਇਨਿ–ਇਸ ਨੇ। ਮਾਰਿ–ਮਾਰ ਕੇ। ਵਿਗੁਤੀਆ–ਖਰਾਬ (ਤਬਾਹ) ਕਰ ਦਿਤਾ। ਕਾਲਖਾ–ਕਾਲਖ ਰੂਪ। ਮੂੜਿ ਮਨਮੁਖਿ–ਮੂਰਖ ਮਨਮੁਖ ਨੇ। ਸਜੁਤੀਆ–ਜੋੜ ਰੱਖਿਆ ਹੈ। ਜਨ–ਦਾਸ। ਉਬਰੇ–ਬਚ ਗਏ ਹਨ। ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ। ਛੁਟੀਆ–ਛੁਟ ਗਈ। ੧। ਵਸਿ ਆਣਿਹੁ–ਵਸ ਵਿਚ ਲਿਆਵੋ। ਕਉ–ਨੂੰ। ਬਾਸੇ ਜਿਉ–ਬਾਸ਼ਾ ਵਾਂਗ (ਬਾਸ਼ਾ ਇਕ ਸ਼ਿਕਾਰੀ ਪੰਛੀ ਹੈ, ਜੋ ਬਾਜ ਵਰਗਾ ਹੁੰਦਾ ਹੈ)। ਭਉਦਿਆ–ਭਟਕਦਾ ਫਿਰਦਾ ਹੈ। ਦੁਖਿ–ਦੁਖ ਵਿਚ। ਰੈਣਿ–(ਜੀਵਨ ਦੀ) ਰਾਤ। ਵਿਹਾਣੀਆ–ਲੰਘਦੀ ਹੈ। ਮਨਿ–ਮਨ ਵਿਚ। ਚਉਦਿਆ–ਜਪਦਿਆਂ। ਪ੍ਰਭ –ਹੇ ਪ੍ਰਭੂ!। ਦੇਹੁ ਮਤੀ–ਸਮਝ ਬਖਸ਼ ਦੇਹ। ਛਡਿ–ਛਡ ਕੇ। ਸੁਖਿ ਸਉਦਿਆ–ਸੁਖ ਵਿਚ ਸੌਂਦਿਆਂ। ੨।

ਸਾਧਨ ਆਸਾ ਚਿਤਿ ਕਰੇ ਰਾਮ ਰਾਜਿਆ, ਹਰਿ ਪ੍ਰਭ ਸੇਜੜੀਐ ਆਈ ॥ ਮੇਰਾ ਠਾਕੁਰੁ ਅਗਮ ਦਇਆਲੁ ਹੈ ਰਾਮ ਰਾਜਿਆ, ਕਰਿ ਕਿਰਪਾ ਲੇਹੁ ਮਿਲਾਈ ॥ ਮੇਰੈ ਮਨਿ ਤਨਿ ਲੋਚਾ ਗੁਰਮੁਖੇ ਰਾਮ ਰਾਜਿਆ, ਹਰਿ ਸਰਧਾ ਸੇਜ ਵਿਛਾਈ ॥ ਜਨ ਨਾਨਕ ਹਰਿ ਪ੍ਰਭ ਭਾਣੀਆ ਰਾਮ ਰਾਜਿਆ, ਮਿਲਿਆ ਸਹਜਿ ਸੁਭਾਈ ॥੩॥ ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ, ਗੁਰੁ ਦਸੇ ਹਰਿ ਮੇਲੇਈ ॥ ਮੈ ਮਨਿ ਤਨਿ ਪ੍ਰੇਮ ਬੈਰਾਗੁ ਹੈ ਰਾਮ ਰਾਜਿਆ, ਗੁਰੁ ਮੇਲੇ ਕਿਰਪਾ ਕਰੇਈ ॥ ਹੇ ਭਾਈ! ਜੀਵ ਇਸਤ੍ਰੀ ਚਿਤ ਵਿਚ ਆਸ ਕਰਦੀ ਹੈ ਕਿ ਪਤੀ ਪ੍ਰਭੂ ਮੇਰੀ ਹਿਰਦਾ ਰੂਪ ਸੇਜ ਉਤੇ ਆ ਜਾਵੇ। ਹੇ ਭਾਈ! ਮੇਰਾ ਮਾਲਕ ਪ੍ਰਭੂ ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਦਇਆ ਦਾ ਘਰ ਹੈ, (ਮੇਰੀ ਬੇਨਤੀ ਹੈ ਕਿ) ਹੇ ਪ੍ਰਭੂ ਪਤੀ! ਕ੍ਰਿਪਾ ਕਰਕੇ (ਮੈਨੂੰ ਅਪਣੇ ਨਾਲ) ਮਿਲਾ ਲਵੋ। ਹੇ ਭਾਈ! ਗੁਰੂ ਦੇ ਰਾਹੀਂ ਮੇਰੇ ਮਨ ਵਿਚ ਤੇ ਸਰੀਰ ਵਿਚ (ਪ੍ਰਭੂ ਪਤੀ ਦੇ ਮਿਲਾਪ ਦੀ) ਚਾਹ ਪੈਦਾ ਹੋਈ ਹੈ ਅਤੇ ਮੈਂ ਹਰੀ ਪਤੀ ਦੇ ਮਿਲਾਪ ਲਈ ਸ਼ਰਧਾ ਰੂਪ ਸੇਜ ਵਿਛਾਈ ਹੈ। ਦਾਸ ਨਾਨਕ ਆਖਦਾ ਹੈ ਕਿ ਹੇ ਭਾਈ! (ਜਿਹੜੀ ਜੀਵ ਇਸਤ੍ਰੀ) ਪਤੀ ਪ੍ਰਭੂ ਨੂੰ ਚੰਗੀ ਲਗ ਗਈ ਹੈ, (ਉਸ ਨੂੰ ਉਹ) ਸਹਿਜ ਸੁਭਾਵਕ ਹੀ ਮਿਲ ਪਿਆ ਹੈ। ੩। ਹੇ ਭਾਈ! ਇਕੋ ਸੇਜ ਉਤੇ (ਜੀਵ ਇਸਤ੍ਰੀ ਅਤੇ) ਪਤੀ ਪ੍ਰਭੂ ਵਸਦੇ ਹਨ, (ਪਰ ਦਿਸਦਾ ਨਹੀਂ, ਜੇ) ਗੁਰੂ ਦੱਸੇ (ਤਾਂ ਗੁਰੂ ਉਸ ਨੂੰ) ਹਰੀ ਨਾਲ ਮਿਲਾ ਦੇਂਦਾ ਹੈ। ਹੇ ਭਾਈ! ਮੇਰੇ ਮਨ ਵਿਚ ਤੇ ਸਰੀਰ ਵਿਚ ਪ੍ਰੇਮ ਤੇ ਬੈਰਾਗ ਹੈ, (ਪਰ ਜੇ) ਗੁਰੂ ਕ੍ਰਿਪਾ ਕਰੇ ਤਾਂ ਪਤੀ ਪ੍ਰਭੂ ਨਾਲ ਮਿਲਾ ਦੇਂਦਾ ਹੈ।

ਅੰਗ ੭੭੭ = ਹਉ ਗੁਰ ਵਿਟਹੁ ਘੋਲਿ ਘੁਮਾਇਆ ਰਾਮ ਰਾਜਿਆ, ਜੀਉ ਸਤਿਗੁਰ ਆਗੈ ਦੇਈ ॥ ਗੁਰੁ ਤੁਠਾ ਜੀਉ ਰਾਮ ਰਾਜਿਆ, ਜਨ ਨਾਨਕ ਹਰਿ ਮੇਲੇਈ ॥੪॥੨॥੬॥੧੮॥ ਹੇ ਭਾਈ! ਮੈਂ ਗੁਰੂ ਤੋਂ ਮਨ ਤੇ ਤਨ ਕਰਕੇ ਕੁਰਬਾਨ ਜਾਂਦਾ ਹਾਂ ਅਤੇ ਅਪਣਾ ਜੀਵਨ ਸਤਿਗੁਰੂ ਅੱਗੇ ਭੇਟਾ ਦੇਂਦਾ ਹਾਂ। ਦਾਸ ਨਾਨਕ ਆਖਦਾ ਹੈ ਕਿ ਹੇ ਭਾਈ! (ਜਿਸ ਮਨੁੱਖ ਉਤੇ) ਗੁਰੂ ਪ੍ਰਸੰਨ ਹੁੰਦਾ ਹੈ, (ਉਹ ਉਸ ਨੂੰ) ਹਰੀ ਨਾਲ ਮਿਲਾ ਦੇਂਦਾ ਹੈ।੪।੨।੬।੧੮।

ਪਦਾਰਥ = ਸਾਧਨ-ਜੀਵ ਇਸਤ੍ਰੀ। ਚਿਤਿ-ਚਿੱਤ ਵਿਚ। ਰਾਮ ਰਾਜਿਆ-ਹੇ ਭਾਈ! (ਇਹ ਛੰਦ ਦੀ ਚਾਲ ਲਈ ਵਰਤਿਆ ਹੈ, ਜਿਵੇਂ ਕਿਸੇ ਨੂੰ ਹੇ ਭਾਈ, ਹੇ ਮਿਤ੍ਰ ਜਾਂ ਹੇ ਪਿਆਰੇ ਕਹਿ ਕੇ ਬੁਲਾਈਦਾ ਹੈ)। ਸੇਜੜੀਐ-ਹਿਰਦੇ ਰੂਪ ਸੇਜ ਉਤੇ। ਠਾਕੁਰੁ-ਮਾਲਕ ਪ੍ਰਭੂ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਦਇਆਲੁ-ਦਇਆ ਦਾ ਘਰ। ਕਰਿ-ਕਰ ਕੇ। ਮਨਿ-ਮਨ ਵਿਚ। ਤਨਿ-ਸਰੀਰ ਵਿਚ। ਲੋਚਾ-ਇੱਛਾ; ਰੁਚੀ। ਗੁਰਮੁਖੇ-ਗੁਰੂ ਰਾਹੀਂ। ਸਰਧਾ ਸੇਜ-ਸ਼ਰਧਾ ਰੂਪ ਸੇਜ। ਭਾਣੀਆ-ਚੰਗੀ ਲਗ ਗਈ ਹੈ। ਸਹਜਿ ਸੁਭਾਈ-ਸਹਿਜ ਸੁਭਾਵਕ ਹੀ।੩। ਇਕਤੁ ਸੇਜੈ-ਇਕ ਹਿਰਦਾ ਰੂਪ ਪਲੰਘ ਉਤੇ। ਪ੍ਰਭੋ-ਪ੍ਰਭੂ। ਦਸੇ-(ਪਤੀ ਨੂੰ ਮਿਲਣ ਦਾ ਰਸਤਾ) ਦੱਸੇ। ਮੇਲੇਈ-ਮਿਲਾ ਦੇਂਦਾ ਹੈ। ਮੈ-ਮੇਰੇ। ਕਰੇਈ-ਕਰਦਾ ਹੈ। ਹਉ-ਮੈਂ। ਵਿਟਹੁ-ਤੋਂ। ਘੋਲਿ ਘੁਮਾਇਆ-ਮਨ ਤੇ ਤਨ ਕਰਕੇ ਕੁਰਬਾਨ ਜਾਂਦਾ ਹਾਂ। ਜੀਉ-ਜੀਵਨ; ਜਿੰਦ। ਦੇਈ-ਦੇਂਦਾ ਹਾਂ। ਤੁਠਾ-ਪ੍ਰਸੰਨ ਹੋਇਆ।੪।੨।੬।੧੮।

ਰਾਗੁ ਸੂਹੀ ਛੰਤ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਸੁਣਿ ਬਾਵਰੇ, ਤੂ ਕਾਏ ਦੇਖਿ ਭੁਲਾਨਾ ॥ ਸੁਣਿ ਬਾਵਰੇ, ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ ॥ ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ, ਗੋਵਿਦ ਨਾਮੁ ਮਜੀਠਾ ॥ ਥੀਵਹਿ ਲਾਲਾ ਅਤਿ ਗੁਲਾਲਾ, ਸਬਦੁ ਚੀਨਿ ਗੁਰ ਮੀਠਾ ॥ ਮਿਥਿਆ ਮੋਹਿ ਮਗਨੁ ਥੀ ਰਹਿਆ, ਝੂਠ ਸੰਗਿ ਲਪਟਾਨਾ ॥ ਨਾਨਕ ਦੀਨ ਸਰਣਿ ਕਿਰਪਾ ਨਿਧਿ, ਰਾਖੁ ਲਾਜ ਭਗਤਾਨਾ ॥੧॥ ਸੁਣਿ ਬਾਵਰੇ, ਸੇਵਿ ਠਾਕੁਰੁ ਨਾਥੁ ਪਰਾਣਾ ॥ ਸੁਣਿ ਬਾਵਰੇ, ਜੋ ਆਇਆ ਤਿਸੁ ਜਾਣਾ ॥ ਨਿਹਚਲੁ ਹਭ ਵੈਸੀ ਸੁਣਿ ਪਰਦੇਸੀ, ਸੰਤ ਸੰਗਿ ਮਿਲਿ ਰਹੀਐ ॥ ਹਰਿ ਪਾਈਐ ਭਾਗੀ ਸੁਣਿ ਬੈਰਾਗੀ, ਚਰਣ ਪ੍ਰਭੂ ਗਹਿ ਰਹੀਐ ॥ ਏਹੁ ਮਨੁ ਦੀਜੈ ਸੰਕ ਨ ਕੀਜੈ, ਗੁਰਮੁਖਿ ਤਜਿ ਬਹੁ ਮਾਣਾ ॥ ਨਾਨਕ ਦੀਨ ਭਗਤ ਭਵ ਤਾਰਣ, ਤੇਰੇ ਕਿਆ ਗੁਣ ਆਖਿ ਵਖਾਣਾ ॥੨॥ ਹੇ ਕਮਲੇ ਮਨੁੱਖ! ਤੂੰ (ਗੁਰੂ ਦੀ ਸਿੱਖਿਆ) ਸੁਣ, ਤੂੰ (ਜਗਤ ਦੇ ਪਦਾਰਥਾਂ ਨੂੰ) ਦੇਖ ਕੇ ਕਿਉਂ ਭੁੱਲ ਗਿਆ ਹੈਂ ਭਾਵ ਕੁਰਾਹੇ ਪੈ ਗਿਆ ਹੈਂ। ਹੇ ਕਮਲੇ ਮਨੁੱਖ! ਤੂੰ ਸੁਣ, ਕਸੁੰਭੇ ਫੁੱਲ ਦੇ ਰੰਗ ਵਾਂਗ ਜੋ ਨਾਸ਼ਵੰਤ ਮਾਇਕ ਪਦਾਰਥ ਹਨ, ਉਨ੍ਹਾਂ ਨਾਲ ਤੈਂ ਝੂਠਾ ਪ੍ਰੇਮ ਲਾਇਆ ਹੋਇਆ ਹੈ। ਜਿਸ ਝੂਠੀ ਸਮੱਗਰੀ ਨੂੰ ਦੇਖ ਕੇ ਤੂੰ ਭੁੱਲ ਗਿਆ ਹੈਂ, ਉਸ ਦਾ ਮੁੱਲ ਤਾਂ ਅੱਧੀ ਕੌਡੀ ਵੀ ਨਹੀਂ ਲੱਭਦਾ, (ਦੂਜੇ ਪਾਸੇ) ਹਰੀ ਦਾ ਨਾਮ ਮਜੀਠ ਦੇ ਪੱਕੇ ਰੰਗ ਵਾਂਗ ਹੈ (ਜੋ ਕਦੇ ਨਾਸ਼ ਨਹੀਂ ਹੁੰਦਾ। ਹੇ ਭਾਈ! ਜੇ ਤੂੰ) ਗੁਰੂ ਦੇ ਮਿੱਠੇ ਸ਼ਬਦ ਨੂੰ ਸਮਝ ਕੇ (ਨਾਮ ਜਪਦਾ ਰਹੇਂ, ਤਾਂ ਤੂੰ) ਬਹੁਤ ਗੂੜ੍ਹੇ ਲਾਲ ਰੰਗ ਦੇ ਫੁੱਲ ਵਾਂਗ ਹੋ ਜਾਵੇਂਗਾ (ਨਾਮ ਦਾ ਗੂੜ੍ਹਾ ਰੰਗ ਚੜ੍ਹ ਜਾਵੇਗਾ। ਹੇ ਭਾਈ! ਤੂੰ) ਝੂਠੇ ਮੋਹ ਵਿਚ ਮਗਨ ਹੋ ਰਿਹਾ ਹੈਂ ਅਤੇ ਝੂਠ ਨਾਲ ਚਿੰਬੜਿਆ ਹੋਇਆ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਮਨੁੱਖ ਤੂੰ ਇਸ ਤਰ੍ਹਾਂ ਬੇਨਤੀ ਕਰ ਕਿ) ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਮੈਂ ਗਰੀਬ ਤੇਰੀ ਸ਼ਰਨ ਵਿਚ ਆਇਆ ਹਾਂ, (ਤੂੰ ਅਪਣੇ) ਭਗਤਾਂ ਦੀ ਲਾਜ ਰੱਖ।੧। ਹੇ ਝੱਲੇ ਮਨੁੱਖ! ਤੂੰ (ਗੁਰੂ ਦੀ ਸਿੱਖਿਆ) ਸੁਣ, ਜੋ ਪ੍ਰਾਣਾਂ ਦਾ ਮਾਲਕ ਪ੍ਰਭੂ ਹੈ, (ਤੂੰ ਉਸ ਦੀ) ਸੇਵਾ ਭਗਤੀ ਕਰਿਆ ਕਰ। ਹੇ ਝੱਲੇ ਮਨੁੱਖ! ਸੁਣ, ਜੋ (ਜੀਵ ਸੰਸਾਰ ਵਿਚ) ਆਇਆ ਹੈ, (ਉਸ ਨੇ ਜਰੂਰ ਇਥੋਂ) ਚਲੇ ਜਾਣਾ ਹੈ (ਕੋਈ ਵੀ ਇਥੇ ਸਦਾ ਵਾਸਤੇ ਰਹਿਣ ਵਾਲਾ ਨਹੀਂ)। ਹੇ ਪਰਦੇਸ ਰੂਪ ਜਗਤ ਵਿਚ ਆਏ ਮਨੁੱਖ! ਤੂੰ ਸੁਣ, (ਜਿਸ ਜਗਤ ਨੂੰ ਤੂੰ) ਨਿਸਚਲ ਸਮਝਦਾ ਹੈਂ, ਇਹ ਸਾਰਾ ਚਲੇ (ਨਾਸ਼) ਜਾਵੇਗਾ, (ਇਸ ਲਈ ਤੈਨੂੰ) ਸੰਤਾਂ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ (ਸੰਤਾਂ ਦੀ ਸੰਗਤ ਕਰਿਆ ਕਰ)। ਹੇ ਬੈਰਾਗਵਾਨ ਮਨੁੱਖ! ਤੂੰ ਸੁਣ, ਹਰੀ ਨੂੰ ਚੰਗੇ ਭਾਗਾਂ ਨਾਲ ਪਾਈਦਾ ਹੈ, ਪ੍ਰਭੂ ਦੇ ਚਰਨ ਪਕੜ ਕੇ ਰਹਿਣਾ ਚਾਹੀਦਾ ਹੈ। (ਹੇ ਭਾਈ!) ਗੁਰੂ ਦੀ ਸਰਣ ਵਿਚ ਪੈ ਕੇ ਧਨ ਆਦਿ ਦਾ ਬਹੁਤਾ ਮਾਣ ਛਡ ਦੇਹ, ਇਹ ਮਨ (ਗੁਰੂ ਦੇ) ਹਵਾਲੇ ਕਰ ਦੇਹ, (ਇਸ ਵਿਚ ਤੂੰ ਕੋਈ) ਸ਼ੰਕਾ ਨਾ ਕਰ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਗਰੀਬਾਂ ਤੇ ਭਗਤਾਂ ਨੂੰ ਭਵਜਲ ਤੋਂ ਤਾਰਨ ਵਾਲੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਬੋਲ ਕੇ ਦੱਸਾਂ? (ਕਿਉਂਕਿ ਤੇਰੇ ਗੁਣ ਬੇਅੰਤ ਹਨ)।੨।

ਪਦਾਰਥ = ਬਾਵਰੇ-ਹੇ ਝੱਲੇ ਮਨੁੱਖ!। ਕਾਏ-ਕਿਉਂ। ਭੁਲਾਨਾ-ਭੁੱਲਿਆ ਹੈਂ। ਨੇਹੁ-ਪ੍ਰੇਮ। ਕੂੜਾ-ਝੂਠਾ (ਨਾਸ਼ਵੰਤ)। ਕੁਸੰਭ ਰੰਗਾਨਾ-ਕੁਸੰਭੇ ਫੁੱਲ ਦੇ ਰੰਗ ਵਾਂਗ। ਕੂੜੀ-ਝੂਠੀ। ਡੇਖਿ-ਦੇਖ ਕੇ। ਭੁਲੋ-ਭੁੱਲ ਗਿਆ ਹੈਂ। ਅਢੁ-ਅੱਧੀ ਕੌਡੀ। ਲਹੈ ਨ-ਲੱਭਦਾ ਨਹੀਂ। ਮੁਲੋ-ਮੁੱਲ। ਮਜੀਠਾ-ਇਕ ਬੇਲ ਦੀ ਡੰਡੀ, ਜਿਸ ਵਿਚੋਂ ਪੱਕਾ ਲਾਲ ਰੰਗ ਨਿਕਲਦਾ ਹੈ (ਗੁਰਬਾਣੀ ਵਿਚ ਮਜੀਠ ਨੂੰ ਰੱਬ ਦੇ ਨਾਮ ਜਾਂ

ਪ੍ਰੇਮ ਰੰਗ ਲਈ ਵਰਤਿਆ ਹੈ)।ਥਿਵਿਹਿ–ਹੋ ਜਾਵੇਂਗਾ।ਲਾਲਾ–ਇਕ ਲਾਲ ਰੰਗ ਦਾ ਫੁੱਲ।ਅਤਿ–ਬਹੁਤ।ਗੁਲਾਲਾ–ਗੂੜ੍ਹੇ ਰੰਗ ਵਾਲਾ।ਚੀਨਿ–ਜਾਣ ਕੇ।ਮਿਥਿਆ–ਝੂਠਾ; ਨਾਸ਼ਵੰਤ।ਮੋਹਿ–ਮੋਹ ਵਿਚ।ਮਗਨੁ–ਮਸਤ।ਥੀ ਰਹਿਆ–ਹੋ ਰਿਹਾ ਹੈ।ਲਪਟਾਨਾ–ਚਿੰਬੜ ਰਿਹਾ ਹੈ।ਸੰਗਿ–ਨਾਲ।ਦੀਨ–ਗਰੀਬ; ਨਿਮਾਣਾ।ਕਿਰਪਾ ਨਿਧਿ–ਹੇ ਕ੍ਰਿਪਾ ਦੇ ਖਜਾਨੇ!।ਲਾਜੁ–ਇੱਜਤ।੧।ਸੇਵਿ–ਸੇਵਾ ਭਗਤੀ ਕਰ।ਨਾਥੁ ਪਰਾਣਾ–ਪ੍ਰਾਣਾਂ ਦਾ ਮਾਲਕ।ਆਇਆ–(ਜਗਤ ਵਿਚ) ਆਇਆ (ਜੰਮਿਆ) ਹੈ।ਤਿਸੁ ਜਾਣਾ–ਉਸ ਨੇ ਚਲੇ ਜਾਣਾ ਹੈ।ਨਿਹਚਲੁ–ਅਟੱਲ।ਹਭ ਵੈਸੀ–ਸਭ ਚਲੇ (ਨਾਸ਼ ਹੋ) ਜਾਵੇਗਾ।ਪਰਦੇਸੀ–ਪਰਾਏ ਦੇਸ ਵਿਚ ਆਏ ਹੋਏ ਹੇ ਮਨੁੱਖ!।ਮਿਲਿ ਰਹੀਐ–ਮਿਲ ਕੇ ਰਹਿਣਾ ਚਾਹੀਦਾ ਹੈ।ਭਾਗੀ–ਚੰਗੇ ਭਾਗਾਂ ਨਾਲ।ਬੈਰਾਗੀ–ਜਗਤ ਦੇ ਪਦਾਰਥਾਂ ਵੱਲੋਂ ਉਦਾਸ ਹੋਇਆ ਮਨੁੱਖ।ਗਹਿ–ਫੜ ਕੇ।ਦੀਜੈ–ਹਵਾਲੇ ਕਰ ਦੇਹ।ਸੰਕ–ਸ਼ੰਕਾ।ਨ ਕੀਜੈ–ਨਾ ਕਰ।ਗੁਰਮੁਖਿ–ਗੁਰੂ ਦੀ ਸ਼ਰਣ ਪੈ ਕੇ।ਤਜਿ–ਛਡ ਦੇਹ।ਬਹੁ ਮਾਨਾ–ਬਹੁਤਾ ਹੰਕਾਰ।ਭਵ ਤਾਰਣ–ਭਵਜਲ ਤੋਂ ਤਾਰਨ ਵਾਲਾ।ਆਖਿ ਵਖਾਨਾ–ਬੋਲ ਕੇ ਦੱਸਾਂ।੨।

ਸੁਣਿ ਬਾਵਰੇ, ਕਿਆ ਕੀਚੈ ਕੂੜਾ ਮਾਨੋ ॥ ਸੁਣਿ ਬਾਵਰੇ, ਹਭੁ ਵੈਸੀ ਗਰਬੁ ਗੁਮਾਨੋ ॥ ਨਿਹਚਲੁ ਹਭ ਜਾਣਾ ਮਿਥਿਆ ਮਾਣਾ, ਸੰਤ ਪ੍ਰਭੂ ਹੋਇ ਦਾਸਾ ॥ ਜੀਵਤ ਮਰੀਐ ਭਉਜਲੁ ਤਰੀਐ, ਜੇ ਥੀਵੈ ਕਰਮਿ ਲਿਖਿਆਸਾ ॥ ਗੁਰੁ ਸੇਵੀਜੈ ਅੰਮ੍ਰਿਤੁ ਪੀਜੈ, ਜਿਸੁ ਲਾਵਹਿ ਸਹਜਿ ਧਿਆਨੋ ॥ ਨਾਨਕ ਸਰਣਿ ਪਇਆ ਹਰਿ ਦੁਆਰੈ, ਹਉ ਬਲਿ ਬਲਿ ਸਦ ਕੁਰਬਾਨੋ ॥੩॥ ਸੁਣਿ ਬਾਵਰੇ, ਮਤੁ ਜਾਣਹਿ ਪ੍ਰਭੁ ਮੈ ਪਾਇਆ ॥ ਸੁਣਿ ਬਾਵਰੇ, ਥੀਉ ਰੇਣੁ ,ਜਿਨੀ ਪ੍ਰਭੁ ਧਿਆਇਆ ॥ ਜਿਨਿ ਪ੍ਰਭੁ ਧਿਆਇਆ ਤਿਨਿ ਸੁਖੁ ਪਾਇਆ, ਵਡਭਾਗੀ ਦਰਸਨੁ ਪਾਈਐ ॥ ਥੀਉ ਨਿਮਾਣਾ ਸਦ ਕੁਰਬਾਣਾ, ਸਗਲਾ ਆਪੁ ਮਿਟਾਈਐ ॥ ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ, ਹਮ ਤਿਸੁ ਪਹਿ ਆਪੁ ਵੇਚਾਇਆ ॥ ਨਾਨਕ ਦੀਨ ਸਰਣਿ ਸੁਖ ਸਾਗਰ, ਰਾਖੁ ਲਾਜ ਅਪਨਾਇਆ ॥੪॥੧॥ ਹੇ ਝੱਲੇ ਮਨੁੱਖ! (ਤੂੰ ਗੁਰੂ ਦੀ ਸਿੱਖਿਆ) ਸੁਣ, ਤੂੰ ਝੂਠਾ ਮਾਣ ਕਿਉਂ ਕਰਦਾ ਹੈਂ? ਹੇ ਝੱਲੇ ਮਨੁੱਖ! ਤੂੰ ਸੁਣ, ਧਨ ਦਾ ਹੰਕਾਰ ਤੇ ਵਿਦਿਆ (ਜਾਂ ਜਾਤ) ਦਾ ਗੁਮਾਨ ਸਭ ਨਾਸ਼ ਹੋ ਜਾਵੇਗਾ।(ਹੇ ਭਾਈ! ਜਿਸ ਜਗਤ ਨੂੰ ਤੂੰ) ਨਿਹਚਲ ਸਮਝਦਾ ਹੈਂ, (ਇਹ) ਸਭ ਨਾਸ਼ ਹੋ ਜਾਣ ਵਾਲਾ ਹੈ, (ਇਸ ਦਾ) ਮਾਣ ਕਰਨਾ ਮਿਥਿਆ ਹੈ, (ਜੀਵਨ ਨੂੰ ਸਫਲ ਕਰਨ ਲਈ ਤੂੰ) ਸੰਤਾਂ ਦਾ ਦਾਸ ਹੋ ਜਾਹ।(ਹੇ ਭਾਈ!) ਜੇ ਭਾਗਾਂ ਵਿਚ ਲਿਖਿਆ ਹੋਵੇ, ਤਾਂ ਜੀਵਤ ਭਾਵ ਤੋਂ ਮਰ ਜਾਈਦਾ ਹੈ, (ਫਿਰ) ਭਵਜਲ ਤੋਂ ਤਰ ਜਾਈਦਾ ਹੈ।(ਹੇ ਪ੍ਰਭੂ! ਤੂੰ) ਜਿਸ ਮਨੁੱਖ ਦਾ ਧਿਆਨ ਸਹਿਜ ਅਵਸਥਾ ਵਿਚ ਲਾ ਦੇਂਦਾ ਹੈਂ, ਉਹ ਗੁਰੂ ਦੀ ਸੇਵਾ ਕਰਦਾ ਹੈ ਅਤੇ ਨਾਮ ਅੰਮ੍ਰਿਤ ਪੀਂਦਾ ਹੈ।ਹੇ ਹਰੀ! ਨਾਨਕ ਤੇਰੇ ਦਰ ਉਤੇ ਤੇਰੀ ਸ਼ਰਣ ਪਿਆ ਹੈ, ਮੈਂ ਤੈਥੋਂ ਸਦਾ ਮਨ ਤੇ ਤਨ ਕਰਕੇ ਕੁਰਬਾਨ ਹਾਂ, ਸਦਕੇ ਜਾਂਦਾ ਹਾਂ।੩।ਹੇ ਕਮਲੇ ਮਨੁੱਖ! ਤੂੰ (ਗੁਰੂ ਦੀ ਸਿੱਖਿਆ) ਸੁਣ, ਮੱਤਾਂ ਜਾਣੇਂ ਕਿ ਮੈਂ ਪ੍ਰਭੂ ਨੂੰ ਪਾ ਲਿਆ ਹੈ (ਹੰਕਾਰ ਨਾ ਕਰ)।ਹੇ ਝੱਲੇ ਮਨੁੱਖ! ਜਿਨ੍ਹਾਂ ਪੁਰਖਾਂ ਨੇ ਪ੍ਰਭੂ ਨੂੰ ਸਿਮਰਿਆ ਹੈ, ਉਨ੍ਹਾਂ ਦੇ ਚਰਨਾਂ ਦੀ ਧੂੜ ਹੋ ਜਾਹ।ਜਿਸ ਪੁਰਖ ਨੇ ਪ੍ਰਭੂ ਨੂੰ ਧਿਆਇਆ ਹੈ, ਉਸ ਨੇ ਆਤਮਕ ਸੁਖ ਪਾਇਆ ਹੈ, (ਅਜੇਹੇ ਗੁਰਮੁਖ ਦਾ) ਦਰਸ਼ਨ ਵੱਡੇ ਭਾਗਾਂ ਨਾਲ ਪਾਈਦਾ ਹੈ।(ਹੇ ਭਾਈ! ਤੂੰ) ਨਿਮਾਣਾ ਹੋ ਜਾਹ, ਪ੍ਰਭੂ ਤੋਂ ਸਦਾ ਕੁਰਬਾਨ ਹੋ ਅਤੇ (ਤੈਨੂੰ) ਆਪਾ ਭਾਵ ਸਾਰਾ ਮਿਟਾ ਦੇਣਾ ਚਾਹੀਦਾ ਹੈ।ਉਹ ਮਨੁੱਖ ਧੰਨ ਹੈ ਤੇ ਚੰਗੇ ਭਾਗਾਂ ਵਾਲਾ ਹੈ, ਜਿਸ ਨੇ ਪ੍ਰਭੂ ਨੂੰ ਲੱਭਿਆ ਹੈ, ਅਸੀਂ ਆਪਣਾ ਆਪ ਉਸ ਪਾਸ ਵੇਚ ਦਿਤਾ ਹੈ (ਉਸ ਦੇ ਸੇਵਕ ਬਣ ਗਏ ਹਾਂ)।ਹੇ ਸੁੱਖਾਂ ਦੇ ਸਮੁੰਦਰ ਪ੍ਰਭੂ! ਨਿਮਾਣਾ ਨਾਨਕ ਤੇਰੀ ਸ਼ਰਣ ਆਇਆ ਹੈ, ਅਪਣੇ ਦਾਸ ਦੀ ਲਾਜ ਰੱਖ ਲੈ।੪।੧।

ਪਦਾਰਥ = ਬਾਵਰੇ–ਹੇ ਝੱਲੇ ਮਨੁੱਖ!।ਕਿਆ ਕੀਚੈ–ਕਿਉਂ ਕਰਦਾ ਹੈਂ।ਕੂੜਾ ਮਾਨੋ–ਝੂਠਾ ਹੰਕਾਰ।ਹਭੁ–ਸਾਰਾ।ਵੈਸੀ (ਵੰਞਸੀ)–ਚਲੇ (ਨਾਸ਼ ਹੋ) ਜਾਵੇਗਾ।ਗਰਬੁ–ਹੰਕਾਰ।ਗੁਮਾਨੋ–ਗੁਮਾਨ।ਨਿਹਚਲੁ–ਅਟੱਲ।ਜਾਣਾ–ਨਾਸ਼ ਹੋ ਜਾਣ ਵਾਲਾ ਹੈ।ਮਿਥਿਆ–ਝੂਠਾ (ਨਾਸ਼ਵੰਤ)।ਮਾਣਾ–ਮਾਣ; ਫਖਰ।ਜੀਵਤ ਮਰੀਐ–ਜੀਵਤ ਭਾਵ ਤੋਂ ਮਰ ਜਾਈਏ।ਭਉਜਲੁ ਤਰੀਐ–ਸੰਸਾਰ ਸਮੁੰਦਰ ਤੋਂ ਤਰ ਜਾਈਦਾ ਹੈ।ਥੀਵੈ ਲਿਖਿਆਸਾ–ਲਿਖਿਆ ਹੋਇਆ ਹੋਵੇ।ਕਰਮਿ–ਭਾਗਾਂ ਵਿਚ।ਸੇਵੀਜੈ–ਸੇਵਾ ਕਰਦਾ ਹੈ।ਪੀਜੈ–ਪੀਂਦਾ ਹੈ।ਸਹਜਿ–ਸਹਿਜ ਅਵਸਥਾ ਵਿਚ।ਲਾਵਹਿ–ਲਾ ਦੇਂਦਾ ਹੈ।ਹਰਿ ਦੁਆਰੈ–ਹਰੀ ਦੇ ਦਰ ਉਤੇ।ਹਉ–ਮੈਂ।ਬਲਿ ਬਲਿ–ਮਨ ਤਨ ਕਰਕੇ ਸਦਕੇ ਜਾਂਦਾ ਹਾਂ।ਸਦ–ਸਦਾ।੩।ਮਤੁ ਜਾਣਹਿ–ਮੱਤਾਂ ਤੂੰ ਜਾਣੇਂ।ਪਾਇਆ–ਪਾ ਲਿਆ ਹੈ।ਥੀਉ–ਹੋ ਜਾਹ।ਰੇਣੁ–ਚਰਨ ਧੂੜ।ਜਿਨੀ–ਜਿਨ੍ਹਾਂ ਨੇ।ਜਿਨਿ–ਜਿਸ ਨੇ।ਤਿਨਿ–ਉਸ ਨੇ।ਵਡਭਾਗੀ–ਵੱਡੇ ਭਾਗਾਂ ਨਾਲ।ਨਿਮਾਣਾ–ਨੀਵਾਂ; ਮਾਣ ਰਹਿਤ।ਸਗਲਾ–ਸਾਰਾ।ਧਨੁ–ਧੰਨਤਾ ਦੇ ਯੋਗ ਹੈ।ਭਾਗ ਸੁਧਾ–ਭਾਗਾਂ ਸਹਿਤ (ਭਾਗਾਂ ਵਾਲਾ)।ਲਧਾ (ਲੱਧਾ ਬੋਲੋ)–ਲੱਭਿਆ ਹੈ।ਹਮ–ਅਸੀਂ।ਤਿਸੁ ਪਹਿ–ਉਸ ਪਾਸ।ਆਪੁ–ਅਪਣਾ ਆਪ।ਦੀਨ–ਨਿਮਾਣਾ।ਸੁਖ ਸਾਗਰ–ਹੇ ਸੁਖਾਂ ਦੇ ਸਮੁੰਦਰ!।ਅਪਨਾਇਆ–ਅਪਣੇ (ਦਾਸ) ਦੀ।੪।੧।

ਸੂਹੀ ਮਹਲਾ ੫ ॥ ਹਰਿ ਚਰਣ ਕਮਲ ਕੀ ਟੇਕ, ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ ॥ ਹਰਿ ਅੰਮ੍ਰਿਤਿ ਭਰੇ ਭੰਡਾਰ, ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ ॥ ਬਾਬੁਲੁ ਮੇਰਾ ਵਡ ਸਮਰਥਾ, ਕਰਣ ਕਾਰਣ ਪ੍ਰਭੁ ਹਾਰਾ ॥ ਜਿਸੁ ਸਿਮਰਤ ਦੁਖੁ ਕੋਈ ਨ ਲਾਗੈ, ਭਉਜਲੁ ਪਾਰਿ ਉਤਾਰਾ ॥ ਆਦਿ ਜੁਗਾਦਿ ਭਗਤਨ ਕਾ ਰਾਖਾ, ਉਸਤਤਿ ਕਰਿ ਕਰਿ ਜੀਵਾ ॥ ਹੇ ਪ੍ਰਭੂ! ਮੈਂ ਤੈਥੋਂ ਸਦਕੇ ਜਾਂਦਾ ਹਾਂ, (ਤੇਰੀ ਮੇਹਰ ਨਾਲ) ਸਤਿਗੁਰੂ ਨੇ ਪ੍ਰਸੰਨ ਹੋ ਕੇ ਹਰੀ ਦੇ ਚਰਨਾਂ ਕਮਲਾਂ ਦੀ ਟੇਕ ਬਖਸ਼ ਦਿਤੀ ਹੈ। ਹੇ ਪ੍ਰਭੂ! ਮੈਂ ਸਦਕੇ ਜਾਵਾਂ, ਅੰਮ੍ਰਿਤ ਨਾਮ ਨਾਲ ਹਰੀ ਦੇ ਭੰਡਾਰ ਭਰੇ ਹੋਏ ਹਨ, ਉਸ (ਹਰੀ) ਦੇ ਘਰ ਵਿਚ ਸਭ ਕੁਛ ਹੈ (ਕਿਸੇ ਪਦਾਰਥ ਦੀ ਕਮੀ ਨਹੀਂ)। ਮੇਰਾ ਪਿਤਾ ਪ੍ਰਮੇਸਰ ਵੱਡੀ ਸ਼ਕਤੀ ਵਾਲਾ ਹੈ ਅਤੇ ਉਹ ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ। ਜਿਸ ਪ੍ਰਭੂ ਨੂੰ ਸਿਮਰਦਿਆਂ ਕੋਈ ਦੁਖ ਨਹੀਂ ਲਗ ਸਕਦਾ ਅਤੇ ਭਵਜਲ ਤੋਂ ਵੀ ਪਾਰ ਉਤਾਰਾ ਹੋ ਜਾਂਦਾ ਹੈ। (ਉਹ ਪ੍ਰਭੂ) ਸ੍ਰਿਸਟੀ ਦੇ ਮੁੱਢ ਤੋਂ ਹੀ ਭਗਤਾਂ ਦਾ ਰਾਖਾ ਹੈ, ਮੈਂ (ਉਸ ਦੀ) ਉਸਤਤੀ ਕਰ ਕਰਕੇ ਜਿਉਂਦਾ ਹਾਂ।

ਅੰਗ ੭੭੮ = ਨਾਨਕ ਨਾਮੁ ਮਹਾ ਰਸੁ ਮੀਠਾ, ਅਨਦਿਨੁ ਮਨਿ ਤਨਿ ਪੀਵਾ ॥੧॥ ਹਰਿ ਆਪੇ ਲਏ ਮਿਲਾਏ, ਕਿਉ ਵਿਛੋੜਾ ਥੀਵਈ ਬਲਿ ਰਾਮ ਜੀਉ ॥ ਜਿਸ ਨੋ ਤੇਰੀ ਟੇਕ, ਸੋ ਸਦਾ ਸਦ ਜੀਵਈ ਬਲਿ ਰਾਮ ਜੀਉ ॥ ਤੇਰੀ ਟੇਕ ਤੁਝੈ ਤੇ ਪਾਈ, ਸਾਚੇ ਸਿਰਜਣਹਾਰਾ ॥ ਜਿਸ ਤੇ ਖਾਲੀ ਕੋਈ ਨਾਹੀ, ਐਸਾ ਪ੍ਰਭੂ ਹਮਾਰਾ ॥ ਸੰਤ ਜਨਾ ਮਿਲਿ ਮੰਗਲੁ ਗਾਇਆ, ਦਿਨੁ ਰੈਨਿ ਆਸ ਤੁਮਾਰੀ ॥ ਸਫਲੁ ਦਰਸੁ ਭੇਟਿਆ ਗੁਰੁ ਪੂਰਾ, ਨਾਨਕ ਸਦ ਬਲਿਹਾਰੀ ॥੨॥ ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਰਸ ਬਹੁਤ ਮਿੱਠਾ ਹੈ, ਮੈ ਹਰ ਰੋਜ (ਉਸ ਰਸ ਨੂੰ) ਮਨ ਕਰਕੇ ਤੇ ਸਰੀਰ ਕਰਕੇ ਪੀਂਦਾ ਰਹਿੰਦਾ ਹਾਂ।੧। ਹੇ ਪ੍ਰਭੂ ਜੀ! ਮੈਂ ਤੈਥੋਂ ਸਦਕੇ ਹਾਂ, (ਜਿਸ ਮਨੁੱਖ ਨੂੰ) ਹਰੀ ਆਪ ਹੀ ਅਪਣੇ ਨਾਲ ਮਿਲਾ ਲਵੇ, (ਉਸ ਦਾ ਪ੍ਰਭੂ ਨਾਲੋਂ) ਵਿਛੋੜਾ ਕਿਵੇਂ ਹੋ ਸਕਦਾ ਹੈ? (ਨਹੀਂ ਹੁੰਦਾ)। ਹੇ ਪ੍ਰਭੂ ਜੀ! ਮੈਂ ਸਦਕੇ ਜਾਵਾਂ, ਜਿਸ ਮਨੁੱਖ ਨੂੰ ਤੇਰੀ ਟੇਕ ਹੈ, ਉਹ ਸਦਾ ਸਦਾ ਜਿਉਂਦਾ ਰਹਿੰਦਾ ਹੈ। ਹੇ ਸੱਚੇ ਸਿਰਜਨਹਾਰ ਪ੍ਰਭੂ! ਤੇਰੀ ਟੇਕ ਤੇਰੇ ਪਾਸੋਂ ਹੀ ਪ੍ਰਾਪਤ ਹੁੰਦੀ ਹੈ। ਤੂੰ ਸਾਡਾ ਐਸਾ ਪ੍ਰਭੂ ਹੈਂ, ਜਿਸ ਤੋਂ ਕੋਈ ਜੀਵ ਖਾਲੀ ਨਹੀਂ ਹੈ (ਸਭ ਵਿਚ ਮੌਜੂਦ ਹੈ। ਹੇ ਪ੍ਰਭੂ!) ਸੰਤ ਜਨਾਂ ਨਾਲ ਮਿਲ ਕੇ ਮੈਂ ਮੰਗਲ ਗਾਇਆ ਹੈ, ਮੈਨੂੰ ਦਿਨ ਰਾਤ ਤੇਰੀ ਹੀ ਆਸ ਹੈ। ਨਾਨਕ ਤੈਥੋਂ ਸਦਾ ਕੁਰਬਾਨ ਹੈ, (ਤੇਰੀ ਕ੍ਰਿਪਾ ਨਾਲ ਮੈਨੂੰ) ਪੂਰਾ ਗੁਰੂ ਮਿਲ ਪਿਆ ਹੈ, (ਜਿਸ ਦਾ) ਦਰਸ਼ਨ ਫਲ ਦੇਣ ਵਾਲਾ ਹੈ।੨।

ਪਦਾਰਥ = ਟੇਕ–ਆਸਰਾ। ਸਤਿਗੁਰਿ–ਸਤਿਗੁਰੂ ਨੇ। ਤੁਸਿ ਕੈ–ਖੁਸ਼ ਹੋ ਕੇ। ਬਲਿ ਰਾਮ ਜੀਉ–ਮੈਂ ਪ੍ਰਭੂ ਜੀ ਤੋਂ ਸਦਕੇ ਹਾਂ। ਅੰਮ੍ਰਿਤਿ –ਅੰਮ੍ਰਿਤ ਨਾਲ। ਭੰਡਾਰ–ਖਜਾਨੇ। ਘਰਿ–ਘਰ ਵਿਚ। ਤਿਸੁ ਕੈ–ਉਸ ਦੇ। ਬਾਬੁਲੁ–ਪਿਤਾ। ਵਡ ਸਮਰਥਾ–ਵੱਡੀ ਤਾਕਤ ਵਾਲਾ। ਕਰਣ ਕਾਰਣ ਹਾਰਾ–ਸਾਰੇ ਕਾਰਨਾਂ ਦੇ ਕਰਨ ਵਾਲਾ। ਸਿਮਰਤ–ਸਿਮਰਦਿਆਂ। ਭਉਜਲੁ–ਸੰਸਾਰ ਸਮੁੰਦਰ। ਪਾਰਿ ਉਤਾਰਾ–ਪਾਰ ਲੰਘ ਹੋ ਜਾਂਦਾ ਹੈ। ਆਦਿ ਜੁਗਦਿ–ਸ੍ਰਿਸਟੀ ਦੇ ਸ਼ੁਰੂ ਤੋਂ ਹੀ। ਕਰਿ ਕਰਿ–ਕਰ ਕਰਕੇ। ਜੀਵਾ–ਮੈਂ ਜਿਉਂਦਾ ਹਾਂ। ਅਨਦਿਨੁ–ਹਰ ਰੋਜ। ਮਨਿ–ਮਨ ਕਰਕੇ। ਤਨਿ–ਸਰੀਰ ਕਰਕੇ। ਪੀਵਾ–ਪੀਂਦਾ ਹਾਂ।੧। ਆਪੇ–ਆਪ ਹੀ। ਥੀਵਈ–ਹੋ ਸਕਦਾ ਹੈ। ਸਦ–ਸਦਾ। ਸੋ–ਉਹ। ਜੀਵਈ–ਜਿਉਂਦਾ ਹੈ। ਤੁਝੈ ਤੇ–ਤੇਰੇ ਪਾਸੋਂ। ਪਾਈ–ਪ੍ਰਾਪਤ ਹੁੰਦੀ ਹੈ। ਤੇ–ਤੋਂ; ਪਾਸੋਂ। ਹਮਾਰਾ–ਸਾਡਾ। ਮੰਗਲ–ਸਿਫਤ ਸਲਾਹ । ਰੈਨਿ–ਰਾਤ। ਸਫਲ–ਸਭ ਫਲ ਦੇਣ ਵਾਲਾ। ਭੇਟਿਆ–ਮਿਲ ਪਿਆ। ਬਲਿਹਾਰੀ–ਕੁਰਬਾਨ ਹਾਂ।੨।

ਸੰਮ੍ਲਿਆ ਸਚੁ ਥਾਨੁ ,ਮਾਨੁ ਮਹਤੁ ਸਚੁ ਪਾਇਆ ਬਲਿਰਾਮ ਜੀਉ ॥ ਸਤਿਗੁਰੁ ਮਿਲਿਆ ਦਇਆਲੁ ,ਗੁਣ ਅਬਿਨਾਸੀ ਗਾਇਆ ਬਲਿਰਾਮ ਜੀਉ ॥ ਗੁਣ ਗੋਵਿੰਦ ਗਾਉ ਨਿਤ ਨਿਤ, ਪ੍ਰਾਣ ਪ੍ਰੀਤਮ ਸੁਆਮੀਆ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ, ਮਿਲੇ ਅੰਤਰਜਾਮੀਆ ॥ ਸਤੁ ਸੰਤੋਖੁ ਵਜਹਿ ਵਾਜੇ, ਅਨਹਦਾ ਝੁਣਕਾਰੇ ॥ ਸੁਣਿ ਭੈ ਬਿਨਾਸੇ ਸਗਲ ਨਾਨਕ, ਪ੍ਰਭ ਪੁਰਖ ਕਰਣੈਹਾਰੇ ॥੩॥ ਉਪਜਿਆ ਤਤੁ ਗਿਆਨੁ ,ਸਾਹੁਰੈ ਪੇਈਐ ਇਕੁ ਹਰਿ ਬਲਿਰਾਮ ਜੀਉ ॥ ਬ੍ਰਹਮੈ ਬ੍ਰਹਮੁ ਮਿਲਿਆ, ਕੋਇ ਨ ਸਾਕੈ ਭਿੰਨ ਕਰਿ ਬਲਿਰਾਮ ਜੀਉ ॥ ਬਿਸਮੁ ਪੇਖੈ ਬਿਸਮੁ ਸੁਣੀਐ, ਬਿਸਮਾਦੁ ਨਦਰੀ ਆਇਆ ॥ ਜਲਿ ਥਲਿ ਮਹੀ ਅਲਿ ਪੂਰਨ ਸੁਆਮੀ, ਘਟਿ ਘਟਿ ਰਹਿਆ ਸਮਾਇਆ ॥ ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ, ਕੀਮਤਿ ਕਹਣੁ ਨ ਜਾਏ ॥ ਜਿਸ ਕੇ ਚਲਤ ਨ ਜਾਹੀ ਲਖਣੇ, ਨਾਨਕ ਤਿਸਹਿ ਧਿਆਏ ॥੪॥੨॥ ਹੇ ਪ੍ਰਭੂ! ਮੈਂ ਸਦਕੇ ਜਾਂਦਾ ਹਾਂ, (ਤੇਰੀ ਕਿਰਪਾ ਨਾਲ ਜਿਸ ਮਨੁੱਖ ਨੇ) ਸੱਚੇ ਅਸਥਾਨ ਸਤਸੰਗਤ ਨੂੰ ਸੰਭਾਲਿਆ ਹੈ, (ਉਸ ਨੇ) ਸੱਚਾ ਮਾਣ ਤੇ ਸੱਚੀ ਵਡਿਆਈ ਪ੍ਰਾਪਤ ਕੀਤੀ ਹੈ। ਹੇ ਰਾਮ ਜੀ! ਮੈਂ ਸਦਕੇ ਜਾਂਦਾ ਹਾਂ, (ਤੇਰੀ ਕ੍ਰਿਪਾ ਨਾਲ ਮੈਨੂੰ ਜਦੋਂ) ਦਇਆ ਦਾ ਘਰ ਸਤਿਗੁਰੂ ਮਿਲਿਆ, ਤਾਂ ਨਾਸ਼ ਰਹਿਤ ਪ੍ਰਭੂ ਦੇ ਗੁਣ ਗਾਏ ਹਨ। ਨਿਤਾ ਪ੍ਰਤੀ ਮੈਂ ਪਿਆਰੇ ਮਾਲਕ ਗੋਵਿੰਦ ਦੇ ਗੁਣ ਗਾਉਂਦਾ ਹਾਂ। (ਜਿਸ ਕਰਕੇ ਹੁਣ ਮੇਰੇ) ਚੰਗੇ ਦਿਨ ਆ ਗਏ ਹਨ, ਪ੍ਰਭੂ ਨੇ ਫੜ ਕੇ

(ਮੈਨੂੰ ਅਪਣੇ) ਗਲ ਨਾਲ ਲਾ ਲਿਆ, (ਇਸ ਤਰ੍ਹਾਂ ਮੈਨੂੰ) ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਪ੍ਰਭੂ ਮਿਲ ਪਿਆ ਹੈ।(ਜਦੋਂ ਮੇਰੇ ਹਿਰਦੇ ਅੰਦਰ) ਸਤ ਸੰਤੋਖ ਪ੍ਰਵੇਸ਼ ਹੋ ਗਿਆ, (ਤਾਂ ਹਿਰਦੇ ਅੰਦਰ) ਮਿੱਠੀ ਸੁਰ ਵਿਚ ਆਤਮ ਸੰਗੀਤ ਦੇ ਇਕ ਰਸ ਵਾਜੇ ਵੱਜਣ ਲਗ ਪਏ।ਨਾਨਕ ਗੁਰੂ ਜੀ ਆਖਦੇ ਹਨ ਕਿ ਕਰਨਹਾਰ ਪ੍ਰਭੂ ਪੁਰਖ ਦੇ ਅਨਹਦ ਵਾਜੇ ਸੁਣ ਕੇ ਸਾਰੇ ਡਰ ਨਾਸ਼ ਹੋ ਗਏ ਹਨ।੩।ਹੇ ਰਾਮ ਜੀ! ਮੈਂ ਤੈਥੋਂ ਸਦਕੇ ਜਾਂਦਾ ਹਾਂ, (ਤੇਰੀ ਮੇਹਰ ਨਾਲ ਜਦ ਮੈਨੂੰ) ਤੱਤ ਸਰੂਪ ਦਾ ਗਿਆਨ ਪੈਦਾ ਹੋਇਆ, ਤਾਂ ਮੈਂ ਸਹੁਰੇ ਤੇ ਪੇਕੇ ਘਰ (ਲੋਕ ਪ੍ਰਲੋਕ) ਵਿਚ ਇਕ ਹਰੀ ਨੂੰ ਵਿਆਪਕ ਹੋਇਆ ਦੇਖ ਲਿਆ ਹੈ।ਹੇ ਰਾਮ ਜੀ! ਮੈਂ ਸਦਕੇ ਜਾਂਦਾ ਹਾਂ, ਬ੍ਰਹਮ ਰੂਪ ਹੋਏ ਨੂੰ ਬ੍ਰਹਮ ਮਿਲ ਪਿਆ ਹੈ (ਜੀਵਾਤਮਾ ਪ੍ਰਮਾਤਮਾ ਵਿਚ ਮਿਲ ਗਈ।ਜੀਵ ਦਾ ਅਸਲਾ ਬ੍ਰਹਮ ਹੈ, ਹੁਣ ਜੀਵਾਤਮਾ ਤੇ ਬ੍ਰਹਮ ਨੂੰ) ਕੋਈ ਵੀ ਵੱਖ ਨਹੀਂ ਸਕਦਾ।(ਹੁਣ ਮੈਂ ਸਭ ਜਗ੍ਹਾ) ਅਸਚਰਜ ਰੂਪ ਪ੍ਰਭ ਨੂੰ ਦੇਖਦਾ ਹੈ, ਅਸਚਰਜ ਰੂਪ ਪ੍ਰਭੂ ਨੂੰ ਸੁਣੀਦਾ ਹੈ ਅਤੇ (ਸਾਰੇ ਜੀਵਾਂ ਵਿਚ ਮੈਨੂੰ) ਅਸਚਰਜ ਰੂਪ ਪ੍ਰਭੂ ਨਜਰ ਆਇਆ ਹੈ।(ਮੈਨੂੰ ਪ੍ਰਭੂ) ਜਲ ਵਿਚ, ਸੁੱਕੀ ਧਰਤੀ ਵਿਚ ਤੇ ਧਰਤੀ ਤੇ ਅਕਾਸ਼ ਵਿਚਕਾਰ ਪੂਰਨ ਹੋਇਆ ਅਤੇ ਹਰੇਕ ਜੀਵ ਵਿਚ ਸਮਾਇਆ ਹੋਇਆ ਦਿਸਦਾ ਹੈ।ਜਿਸ ਪ੍ਰਭੂ ਤੋਂ ਮੈਂ ਪੈਦਾ ਹੋਇਆ ਸੀ, ਉਸੇ ਵਿਚ ਮਿਲ ਗਿਆ ਹਾਂ (ਉਸ ਮਿਲਾਪ ਦੀ) ਕੀਮਤ ਕਹੀ ਨਹੀਂ ਜਾ ਸਕਦੀ।ਜਿਸ ਪ੍ਰਭੂ ਦੇ ਕੌਤਕ ਜਾਣੇ ਨਹੀਂ ਜਾਂਦੇ, ਨਾਨਕ ਉਸੇ ਨੂੰ ਸਿਮਰਦਾ ਹੈ।੪।੨।

ਪਦਾਰਥ = ਸੰਮ੍ਹਲਿਆ–ਸੰਭਾਲਿਆ; ਯਾਦ ਕੀਤਾ।ਸਚੁ ਥਾਨੁ–ਸੱਚਾ ਟਿਕਾਣਾ ਪ੍ਰਭੂ ਦਾ ਦਰ; ਸੱਚਾ ਅਸਥਾਨ ਸਤ ਸੰਗਤ।ਮਾਨੁ–ਆਦਰ।ਮਹਤੁ–ਵਡਿਆਈ।ਬਲਿ ਰਾਮ ਜੀਉ–ਹੇ ਰਾਮ ਜੀ ਮੈਂ ਸਦਕੇ ਜਾਂਦਾ ਹਾਂ।ਦਇਆਲੁ–ਦਇਆ ਦਾ ਘਰ।ਅਬਿਨਾਸੀ–ਨਾਸ਼ ਰਹਿਤ ਪ੍ਰਭੂ।ਗਾਉ–ਮੈਂ ਗਾਉਂਦਾ ਹਾਂ।ਨਿਤ ਨਿਤ–ਨਿਤਾ ਪ੍ਰਤੀ।ਪ੍ਰਾਣ ਪ੍ਰੀਤਮ ਸੁਆਮੀਆ–ਪ੍ਰਾਣਾਂ ਦਾ ਮਾਲਕ ਪਿਆਰਾ ਪ੍ਰਭੂ ।ਸੁਭ ਦਿਵਸ–ਚੰਗੇ ਦਿਨ।ਗਹਿ–ਫੜ ਕੇ।ਕੰਠਿ ਲਾਏ–ਗਲ ਨਾਲ ਲਾ ਲਿਆ।ਅੰਤਰਜਾਮੀਆ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਪ੍ਰਭੂ।ਵਜਹਿ–ਵਜਦੇ ਹਨ।ਅਨਹਦਾ–ਇਕ ਰਸ; ਲਗਾਤਾਰ।ਝੁਣਕਾਰੇ–ਮਿੱਠੀ ਸੁਰ ਵਿਚ।ਭੈ–ਡਰ।ਬਿਨਾਸੇ–ਨਾਸ਼ ਹੋ ਗਏ ।ਸਗਲ–ਸਾਰੇ।ਕਰਣੈਹਾਰੇ–ਸਭ ਕੁਛ ਕਰਨ ਵਾਲਾ ਪ੍ਰਭੂ।੩।ਉਪਜਿਆ–ਪੈਦਾ ਹੋਇਆ।ਤਤੁ ਗਿਆਨੁ–ਅਸਲੀ ਗਿਆਨ; ਆਤਮ ਗਿਆਨ; ਬ੍ਰਹਮ ਗਿਆਨ।ਸਾਹੁਰੈ–ਸਹੁਰੇ ਘਰ (ਪ੍ਰਲੋਕ) ਵਿਚ।ਪੇਈਐ–ਪੇਕੇ ਘਰ (ਮਾਤ ਲੋਕ) ਵਿਚ।ਬ੍ਰਹਮੈ–ਜੀਵਾਤਮਾ ਨੂੰ।ਬ੍ਰਹਮੁ–ਪ੍ਰਮਾਤਮਾ।ਨ ਸਾਕੈ ਭਿੰਨ ਕਰਿ–ਵੱਖ ਨਹੀਂ ਕਰ ਸਕਦਾ।ਬਿਸਮੁ–ਅਸਚਰਜ ਰੂਪ ਪ੍ਰਭੂ।ਪੇਖੈ–ਦੇਖਦਾ ਹੈ।ਨਦਰੀ ਆਇਆ–ਨਜਰ ਆਇਆ।ਜਲਿ–ਪਾਣੀਆਂ ਵਿਚ।ਥਲਿ–ਸੁੱਕੀ ਧਰਤੀ ਵਿਚ।ਮਹੀਅਲਿ–ਧਰਤੀ ਤੇ ਅਕਾਸ਼ ਵਿਚਕਾਰ।ਪੂਰਨ–ਵਿਆਪਕ।ਘਟਿ ਘਟਿ–ਹਰੇਕ ਜੀਵ ਵਿਚ।ਤੇ–ਤੋਂ।ਤਿਸੁ ਮਾਹਿ–ਉਸੇ ਵਿਚ।ਸਮਾਇਆ–ਮਿਲ ਗਿਆ।ਰਹਿਆ ਸਮਾਇਆ–ਮਿਲ ਰਿਹਾ ਹੈ।ਚਲਤ–ਕੌਤਕ।ਨ ਜਾਹੀ ਲਖਣੇ–ਜਾਣੇ ਨਹੀਂ ਜਾਂਦੇ।ਤਿਸਹਿ–ਉਸ ਨੂੰ।ਧਿਆਏ–ਸਿਮਰਦਾ ਹੈ।੪।੨। ਰਾਗੁ

ਰਾਗੁ ਸੂਹੀ ਛੰਤ ਮਹਲਾ ੫ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਗੋਬਿੰਦ ਗੁਣ ਗਾਵਣ ਲਾਗੇ ॥ ਹਰਿ ਰੰਗਿ ਅਨਦਿਨੁ ਜਾਗੇ ॥ ਹਰਿ ਰੰਗਿ ਜਾਗੇ ਪਾਪ ਭਾਗੇ, ਮਿਲੇ ਸੰਤ ਪਿਆਰਿਆ ॥ ਗੁਰ ਚਰਣ ਲਾਗੇ ਭਰਮ ਭਾਗੇ, ਕਾਜ ਸਗਲ ਸਵਾਰਿਆ ॥ ਸੁਣਿ ਸ੍ਰਵਣ ਬਾਣੀ ਸਹਜਿ ਜਾਣੀ, ਹਰਿ ਨਾਮੁ ਜਪਿ ਵਡਭਾਗੈ ॥ ਬਿਨਵੰਤਿ ਨਾਨਕ ਸਰਣਿ ਸੁਆਮੀ, ਜੀਉ ਪਿੰਡੁ ਪ੍ਰਭ ਆਗੈ ॥੧॥ ਅਨਹਤ ਸਬਦੁ ਸੁਹਾਵਾ ॥ ਸਚੁ ਮੰਗਲੁ ਹਰਿ ਜਸੁ ਗਾਵਾ ॥ ਗੁਣ ਗਾਇ ਹਰਿ ਹਰਿ ਦੂਖ ਨਾਸੇ, ਰਹਸੁ ਉਪਜੈ ਮਨਿ ਘਣਾ ॥ ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ,ਨਾਮੁ ਪ੍ਰਭ ਕਾ ਮੁਖਿ ਭਣਾ ॥ ਹੋਇ ਰੇਣ ਸਾਧੂ ਪ੍ਰਭ ਅਰਾਧੂ ,ਆਪਣੇ ਪ੍ਰਭ ਭਾਵਾ ॥ ਬਿਨਵੰਤਿ ਨਾਨਕ ਦਇਆ ਧਾਰਹੁ ,ਸਦਾ ਹਰਿ ਗੁਣ ਗਾਵਾ ॥੨॥ (ਹੇ ਭਾਈ! ਅਸੀਂ) ਗੋਬਿੰਦ ਦੇ ਗੁਣ ਗਾਉਣ ਲੱਗੇ ਹਾਂ ਅਤੇ ਹਰ ਰੋਜ ਹਰੀ ਦੇ ਪ੍ਰੇਮ ਰੰਗਿ ਵਿਚ ਜਾਗਦੇ ਰਹਿੰਦੇ ਹਾਂ।(ਸਾਨੂੰ) ਪਿਅਰੇ ਸੰਤ (ਗੁਰੂ ਰਾਮਦਾਸ ਜੀ) ਮਿਲੇ ਹਨ, (ਜਿਨ੍ਹਾਂ ਦੀ ਕ੍ਰਿਪਾ ਨਾਲ ਅਸੀਂ) ਹਰੀ ਦੇ ਪ੍ਰੇਮ ਰੰਗਿ ਵਿਚ ਜਾਗਦੇ ਰਹਿੰਦੇ ਹਾਂ, (ਜਿਸ ਕਰਕੇ ਸਾਰੇ) ਪਾਪ ਭੱਜ ਗਏ ਹਨ।ਗੁਰੂ ਦੇ ਚਰਨਾਂ ਵਿਚ ਲਗਣ ਕਰਕੇ (ਸਭ ਕਿਸਮ ਦੇ) ਭਰਮ ਭੱਜ ਗਏ ਹਨ, (ਗੁਰੂ ਨੇ ਸਾਡੇ) ਸਾਰੇ ਕਾਰਜ ਸੁਆਰ ਦਿਤੇ ਹਨ।ਵੱਡੇ ਭਾਗਾਂ ਨਾਲ ਹਰੀ ਦਾ ਨਾਮ ਜਪ ਕੇ ਅਤੇ ਕੰਨਾਂ ਨਾਲ ਗੁਰੂ ਦੀ ਬਾਣੀ ਸੁਣ ਕੇ ਸਹਿਜ ਅਵਸਥਾ ਜਾਣ ਲਈ ਹੈ (ਸਹਿਜ ਪਦ ਪ੍ਰਾਪਤ ਹੋ ਗਿਆ)।ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਮਾਲਕ ਪ੍ਰਭੂ ਦੀ ਸ਼ਰਣ ਵਿਚ ਪੈ ਕੇ (ਅਸੀਂ ਅਪਣਾ) ਮਨ ਤੇ ਸਰੀਰ ਪ੍ਰਭੂ ਅੱਗੇ ਭੇਟਾ ਕਰ ਦਿਤਾ ਹੈ।੧।(ਹੇ ਭਾਈ! ਜਦੋਂ ਮੈਂ) ਖੁਸ਼ੀ ਦਾ ਸੱਚਾ ਗੀਤ ਹਰੀ ਦਾ ਜਸ ਗਾਇਆ, ਤਾਂ (ਮੇਰੇ ਅੰਦਰ ਆਤਮ ਸੰਗੀਤ ਦਾ) ਇਕ ਰਸ ਸੋਹਣਾ ਸ਼ਬਦ ਵੱਜਣ ਲਗ ਪਿਆ।ਹਰੀ ਦੇ ਗੁਣ ਗਾਉਣ ਨਾਲ (ਮੇਰੇ) ਦੁੱਖ ਨਾਸ ਹੋ ਗਏ ਹਨ ਅਤੇ ਮਨ ਵਿਚ ਬਹੁਤ ਅਨੰਦ

ਪੈਦਾ ਹੋਇਆ। ਮੂੰਹ ਨਾਲ ਪ੍ਰਭੂ ਦਾ ਨਾਮ (ਜਦੋਂ) ਜਪਿਆ ਤਾਂ (ਪ੍ਰਭੂ ਦਾ) ਦਰਸ਼ਨ ਦੇਖ ਕੇ ਮਨ ਤੇ ਤਨ ਨਿਰਮਲ ਹੋ ਗਿਆ ਹੈ। (ਜੋ ਮਨੁੱਖ) ਪ੍ਰਭੂ ਨੂੰ ਸਿਮਰਦੇ ਹਨ, ਮੈਂ (ਉਨ੍ਹਾਂ ਦੇ) ਚਰਨਾਂ ਦੀ ਧੂੜ ਹੋ ਜਾਵਾਂ, (ਤਾਂ ਜੋ) ਅਪਣੇ ਪ੍ਰਭੂ ਨੂੰ ਚੰਗਾ ਲੱਗਾਂ। ਨਾਨਕ ਬੇਨਤੀ ਕਰਦਾ ਹੈ ਕਿ (ਹੇ ਪ੍ਰਭੂ! ਮੇਰੇ ਉਤੇ) ਦਇਆ ਕਰੋ, (ਤਾਂ ਜੋ) ਮੈਂ ਸਦਾ ਤੇਰੇ ਗੁਣ ਗਾਉਂਦਾ ਰਹਾਂ।੨।

ਪਦਾਰਥ = ਗਾਵਣ ਲਾਗੇ–ਗਾਉਣ ਲੱਗੇ ਹਾਂ। ਰੰਗਿ–ਪ੍ਰੇਮ ਰੰਗਿ ਵਿਚ। ਅਨਦਿਨੁ–ਹਰ ਰੋਜ। ਜਾਗੇ–(ਮੋਹ ਮਾਇਆ ਦੀ ਨੀਂਦ ਤੋਂ) ਜਾਗਦੇ ਰਹਿੰਦੇ ਹਾਂ। ਭਾਗੇ–ਭੱਜ ਗਏ। ਕਾਜ–ਕਾਰਜ। ਸਗਲ–ਸਾਰੇ। ਸਵਾਰਿਆ–(ਸੁਆਰ (ਪੂਰੇ ਕਰ) ਦਿਤੇ। ਸ੍ਰਵਣ–ਕੰਨਾਂ ਨਾਲ। ਸਹਜਿ ਜਾਣੀ–ਸਹਿਜ ਅਵਸਥਾ ਜਾਣ ਲਈ। ਵਡਭਾਗੈ–ਵੱਡੇ ਭਾਗਾਂ ਨਾਲ। ਬਿਨਵੰਤਿ–ਬੇਨਤੀ ਕਰਦਾ ਹੈ। ਜੀਉ–ਜਿੰਦ; ਮਨ। ਪਿੰਡੁ –ਸਰੀਰ। ਆਗੈ–ਅੱਗੇ ਭੇਟਾ ਕਰਦਾ ਹੈ।੧। ਅਨਹਤ–ਇਕ ਰਸ; ਲਗਾਤਾਰ। ਸੁਹਾਵਾ–ਸੋਹਣਾ। ਸਚੁ ਮੰਗਲੁ–ਖੁਸ਼ੀ ਦਾ ਸੱਚਾ ਗੀਤ। ਗਾਵਾ–ਗਾਇਆ। ਨਾਸੇ–ਨਾਸ਼ ਹੋ ਗਏ। ਰਹਸੁ–ਅਨੰਦ। ਉਪਜੈ–ਪੈਦਾ ਹੋਇਆ। ਮਨਿ–ਮਨ ਵਿਚ। ਘਣਾ–ਬਹੁਤ। ਤੰਨ–ਸਰੀਰ। ਨਿਰਮਲੁ–ਪਵਿਤ੍ਰ। ਮੁਖਿ–ਮੂੰਹ ਨਾਲ। ਭਣਾ–ਜਪਿਆ। ਰੇਣ–ਚਰਨ ਦੀ ਧੂੜ। ਅਰਾਧੁ–ਸਿਮਰਦੇ ਹਨ। ਭਾਵਾ–ਚੰਗਾ ਲੱਗਾਂ। ਧਾਰਹੁ–ਕਰੋ। ਗਾਵਾ–ਗਾਉਂਦਾ ਰਹਾਂ।੨।

ਗੁਰ ਮਿਲਿ ਸਾਗਰੁ ਤਰਿਆ ॥ (ਹੇ ਭਾਈ! ਮੈਂ) ਗੁਰੂ ਨੂੰ ਮਿਲ ਕੇ ਸੰਸਾਰ ਸਮੁੰਦਰ ਨੂੰ ਤਰ ਗਿਆ ਹਾਂ।

ਅੰਗ ੭੭੯ = ਹਰਿ ਚਰਣ ਜਪਤ ਨਿਸਤਰਿਆ ॥ ਹਰਿ ਚਰਣ ਧਿਆਏ ਸਭਿ ਫਲ ਪਾਏ, ਮਿਟੇ ਆਵਣ ਜਾਣਾ ॥ ਭਾਇ ਭਗਤਿ ਸੁਭਾਇ ਹਰਿ ਜਪਿ, ਆਪਣੇ ਪ੍ਰਭ ਭਾਵਾ ॥ ਜਪਿ ਏਕੁ ਅਲਖ ਅਪਾਰ ਪੂਰਨ, ਤਿਸੁ ਬਿਨਾ ਨਹੀ ਕੋਈ ॥ ਬਿਨਵੰਤਿ ਨਾਨਕ ਗੁਰਿ ਭਰਮੁ ਖੋਇਆ, ਜਤ ਦੇਖਾ ਤਤ ਸੋਈ ॥੩॥ ਪਤਿਤ ਪਾਵਨ ਹਰਿ ਨਾਮਾ ॥ ਪੂਰਨ ਸੰਤ ਜਨਾ ਕੇ ਕਾਮਾ ॥ ਗੁਰੁ ਸੰਤੁ ਪਾਇਆ ਪ੍ਰਭੁ ਧਿਆਇਆ, ਸਗਲ ਇਛਾ ਪੁੰਨੀਆ ॥ ਹਉ ਤਾਪ ਬਿਨਸੇ ਸਦਾ ਸਰਸੇ, ਪ੍ਰਭ ਮਿਲੇ ਚਿਰੀ ਵਿਛੁੰਨਿਆ ॥ ਮਨਿ ਸਾਤਿ ਆਈ ਵਜੀ ਵਧਾਈ, ਮਨਹੁ ਕਦੇ ਨ ਵੀਸਰੈ ॥ ਬਿਨਵੰਤਿ ਨਾਨਕ ਸਤਿਗੁਰਿ ਦ੍ਰਿੜਾਇਆ, ਸਦਾ ਭਜੁ ਜਗਦੀਸਰੈ ॥੪॥੧॥੩॥ ਹਰੀ ਦੇ ਚਰਣ ਜਪਦਿਆਂ (ਸੰਸਾਰ ਸਮੁੰਦਰ ਤੋਂ) ਮੈਂ ਤਰ ਗਿਆ ਹਾਂ। (ਹੇ ਭਾਈ! ਜਿਸ ਮਨੁੱਖ ਨੇ) ਹਰੀ ਦੇ ਚਰਣ ਧਿਆਏ ਹਨ, (ਉਸ ਨੇ) ਸਾਰੇ ਫਲ ਪਾ ਲਏ ਹਨ ਅਤੇ (ਉਸ ਦਾ) ਆਉਣਾ ਜਾਣਾ (ਜੰਮਣਾ ਮਰਣਾ) ਮਿਟ ਗਏ ਹਨ। (ਉਹ) ਪ੍ਰੇਮਾ ਭਗਤੀ ਦੁਆਰਾ ਹਰੀ ਦਾ ਨਾਮ ਜਪ ਕੇ ਸੁਭਾਵਕ ਹੀ ਅਪਣੇ ਪ੍ਰਭੂ ਨੂੰ ਚੰਗਾ ਲਗ ਪਿਆ ਹੈ। (ਉਸ ਨੇ) ਲੱਖਤਾ ਤੋਂ ਰਹਿਤ ਬੇਅੰਤ ਤੇ ਵਿਆਪਕ ਪ੍ਰਭੂ ਦਾ ਨਾਮ ਜਪਿਆ ਹੈ, (ਕਿਉਂਕਿ) ਉਸ ਤੋਂ ਬਿਨਾ ਹੋਰ ਕੋਈ ਨਹੀਂ। ਨਾਨਕ ਬੇਨਤੀ ਕਰਦਾ ਹੈ ਕਿ ਗੁਰੂ ਨੇ ਮੇਰਾ ਭਰਮ ਨਾਸ਼ ਕਰ ਦਿਤਾ ਹੈ, (ਹੁਣ ਮੈਂ) ਜਿਥੇ ਦੇਖਦਾ ਹਾਂ, ਉਥੇ ਉਹ ਹੀ ਦਿਸਦਾ ਹੈ।੩। (ਹੇ ਭਾਈ!) ਹਰੀ ਨਾਮ ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ ਹੈ ਅਤੇ ਸੰਤ ਜਨਾਂ ਦੇ ਕੰਮ ਪੂਰੇ ਕਰਦਾ ਹੈ। (ਜਿਨ੍ਹਾਂ ਮਨੁੱਖਾਂ ਨੇ) ਸੰਤ ਗੁਰੂ ਨੂੰ ਪਾਇਆ ਹੈ ਅਤੇ ਪ੍ਰਭੂ ਨੂੰ ਸਿਮਰਿਆ ਹੈ, (ਉਨ੍ਹਾਂ ਦੀਆ) ਸਾਰੀਆਂ ਇੱਛਾਵਾਂ ਪੂਰੀਆਂ ਹੋਈਆਂ ਹਨ। (ਉਨ੍ਹਾਂ ਦੇ) ਹਉਮੈ ਤੇ (ਤਿੰਨੇ) ਤਾਪ ਨਾਸ਼ ਹੋ ਗਏ ਹਨ ਤੇ (ਉਹ) ਪ੍ਰਸੰਨ ਰਹਿਣ ਲਗ ਪਏ ਹਨ ਅਤੇ ਚਿਰਾਂ ਤੋਂ ਵਿਛੜੇ ਪ੍ਰਭੂ ਨੂੰ ਮਿਲ ਪਏ ਹਨ। (ਉਨ੍ਹਾਂ ਦੇ) ਮਨ ਵਿਚ ਸ਼ਾਂਤੀ ਆਈ ਹੈ, ਵਧਾਈ ਮਿਲ ਰਹੀ ਹੈ ਅਤੇ (ਉਨ੍ਹਾਂ ਦੇ) ਮਨ ਤੋਂ ਪ੍ਰਭੂ ਕਦੇ ਭੁੱਲਦਾ ਨਹੀਂ। ਨਾਨਕ ਬੇਨਤੀ ਕਰਦਾ ਹੈ ਕਿ ਸਤਿਗੁਰੂ ਨੇ ਦ੍ਰਿੜ ਕਰਾਇਆ ਹੈ ਕਿ (ਹੇ ਗੁਰਸਿੱਖੋ!) ਜਗਤ ਦੇ ਮਾਲਕ ਪ੍ਰਭੂ ਨੂੰ ਸਦਾ ਜਪਦੇ ਰਹੋ।੪।੧।੩।

ਪਦਾਰਥ = ਮਿਲਿ–ਮਿਲ ਕੇ। ਸਾਗਰੁ–(ਸੰਸਾਰ) ਸਮੁੰਦਰ। ਜਪਤ–ਜਪਦਿਆਂ। ਨਿਸਤਰਿਆ–ਤਰ ਗਿਆ ਹਾਂ। ਧਿਆਏ–ਸਿਮਰ ਕੇ। ਆਵਣ ਜਾਣਾ–ਜੰਮਣ ਮਰਨ ਦਾ ਗੇੜ। ਭਾਇ ਭਗਤਿ–ਪ੍ਰੇਮਾ ਭਗਤੀ। ਸੁਭਾਇ–ਸੁਭਾਵਕ ਹੀ। ਭਾਵਾ–ਚੰਗਾ ਲੱਗਾ ਹੈ। ਅਲਖ–(ਅਲੱਖ ਬੋਲੋ) ਜਿਸ ਦਾ ਸਹੀ ਸਰੂਪ ਜਾਣਿਆ ਨਾ ਜਾ ਸਕੇ। ਅਪਾਰ–ਬੇਅੰਤ। ਪੂਰਨ–ਵਿਆਪਕ ਪ੍ਰਭੂ। ਬਿਨਵੰਤਿ–ਬੇਨਤੀ ਕਰਦਾ ਹੈ। ਗੁਰਿ–ਗੁਰੂ ਨੇ। ਖੋਇਆ–ਨਾਸ਼ ਕਰ ਦਿਤਾ। ਜਤ–ਜਿਥੇ। ਦੇਖਾ–ਦੇਖਦਾ ਹਾਂ। ਤਤ–ਉਥੇ। ਸੋਈ–ਉਹ ਹੀ।੩। ਪਤਿਤ–ਪਾਪੀਆਂ ਨੂੰ। ਪਾਵਨ–ਪਵਿਤ੍ਰ ਕਰਨ ਵਾਲਾ ਹੈ। ਕੇ–ਦੇ। ਕਾਮਾ–ਕੰਮ। ਸਗਲ–ਸਾਰੀਆਂ। ਪੁੰਨੀਆ–ਪੂਰੀਆਂ ਹੋਈਆਂ ਹਨ। ਹਉ–ਹਉਮੈ। ਤਾਪ–(ਆਧ, ਬਿਆਧ ਤੇ ਉਪਾਧ ਦੇ) ਰੋਗ। ਸਰਸੇ–ਪ੍ਰਸੰਨ। ਚਿਰੀ–ਚਿਰਾਂ ਤੋਂ। ਵਿਛੁੰਨਿਆ–ਵਿਛੜੇ ਹੋਏ। ਮਨਿ–ਮਨ ਵਿਚ। ਵਜੀ ਵਧਾਈ–ਵਧਾਈ ਮਿਲੀ। ਮਨਹੁ–ਮਨ ਤੋਂ। ਨ ਵੀਸਰੈ–ਭੁਲਦਾ ਨਹੀਂ। ਸਤਿਗੁਰਿ–ਸਤਿਗੁਰੂ ਨੇ। ਦ੍ਰਿੜਾਇਆ–ਦ੍ਰਿੜ ਕਰਾ ਦਿਤਾ ਹੈ। ਭਜੁ–ਭਜੋ (ਜਪੋ)। ਜਗਦੀਸਰੈ–ਜਗਤ ਦੇ ਮਾਲਕ ਪ੍ਰਭੂ ਨੂੰ।੪।੨।੩।

ਰਾਗੁ ਸੂਹੀ ਛੰਤ ਮਹਲਾ ੫ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥ ਤੂ ਠਾਕਰੋ ਬੈਰਾਗਰੋ, ਮੈ ਘਣ ਚੇਰੀ ਰਾਮ ॥ ਤੂੰ ਸਾਗਰੋ

ਰਤਨਾਗਰੋ, ਹਉ ਸਾਰ ਨ ਜਾਣਾ ਤੇਰੀ ਰਾਮ ॥ ਸਾਰ ਨ ਜਾਣਾ ਤੂ ਵਡ ਦਾਣਾ, ਕਰਿ ਮਿਹਰੰਮਤਿ ਸਾਂਈ ॥ ਕਿਰਪਾ ਕੀਜੈ ਸਾ ਮਤਿ ਦੀਜੈ, ਆਠ ਪਹਰ ਤੁਧੁ ਧਿਆਈ ॥ ਗਰਬੁ ਨ ਕੀਜੈ ਰੇਣ ਹੋਵੀਜੈ, ਤਾ ਗਤਿ ਜੀਅਰੇ ਤੇਰੀ ॥ ਸਭ ਊਪਰਿ ਨਾਨਕ ਕਾ ਠਾਕੁਰੁ ,ਮੈ ਜੇਹੀ ਘਣ ਚੇਰੀ ਰਾਮ ॥੧॥ ਤੁਮ੍ ਗਉਹਰ ਅਤਿ ਗਹਿਰ ਗੰਭੀਰਾ, ਤੁਮ ਪਿਰ ਹਮ ਬਹੁਰੀਆ ਰਾਮ ॥ ਤੁਮ ਵਡੇ ਵਡੇ ਵਡ ਊਚੇ, ਹਉ ਇਤਨੀਕ ਲਹੁਰੀਆ ਰਾਮ ॥ ਹਉ ਕਿਛੁ ਨਾਹੀ ਏਕੋ ਤੂ ਹੈ, ਆਪੇ ਆਪਿ ਸੁਜਾਨਾ ॥ ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ, ਸਰਬ ਰੰਗ ਰਸ ਮਾਨਾ ॥ ਚਰਣਹ ਸਰਨੀ ਦਾਸਹ ਦਾਸੀ, ਮਨਿ ਮਉਲੈ ਤਨੁ ਹਰੀਆ ॥ ਨਾਨਕ ਠਾਕੁਰੁ ਸਰਬ ਸਮਾਣਾ, ਆਪਨ ਭਾਵਨ ਕਰੀਆ ॥੨॥ ਹੇ ਰਾਮ! ਤੂੰ (ਸਭ ਦਾ) ਮਾਲਕ ਹੈਂ, ਇੱਛਾ ਰਹਿਤ ਹੈਂ, ਮੇਰੇ ਜੇਹੀਆਂ ਤੇਰੀਆਂ ਬਹੁਤ ਦਾਸੀਆਂ ਹਨ। ਹੇ ਰਾਮ! ਤੂੰ ਸਮੁੰਦਰ ਹੈਂ, ਰਤਨਾਂ ਦੀ ਖਾਣ ਹੈਂ, (ਪਰ ਅਗਿਆਨਤਾ ਕਰਕੇ) ਮੈਂ ਤੇਰੀ ਕਦਰ ਨਹੀਂ ਜਾਣਦੀ। ਤੂੰ ਵੱਡਾ ਸਿਆਣਾ ਹੈਂ, ਮੈਂ ਤੇਰੀ ਕਦਰ ਨਹੀਂ ਜਾਣਦੀ, ਹੇ ਮਾਲਕ ਪ੍ਰਭੂ! (ਮੇਰੇ ਉਤੇ) ਤੂੰ ਮੇਹਰ ਕਰ। (ਹੇ ਪ੍ਰਭੂ! ਮੇਰੇ ਉਤੇ) ਤੂੰ ਕ੍ਰਿਪਾ ਕਰ, (ਮੈਨੂੰ) ਉਹ ਮੱਤ ਦੇਹ ਕਿ ਮੈਂ ਤੈਨੂੰ ਅੱਠੇ ਪਹਿਰ ਸਿਮਰਦੀ ਰਹਾਂ। ਹੇ ਜੀਵ! ਹੰਕਾਰ ਨ ਕਰ, (ਸਭ ਦੀ) ਚਰਨ ਧੂੜ ਹੋ ਜਾਹ, ਤਾਂ ਤੇਰੀ ਗਤੀ ਹੋ ਸਕੇਗੀ। ਨਾਨਕ ਦਾ ਮਾਲਕ ਪ੍ਰਭੂ ਸਭ ਦੇ ਸਿਰ ਉਪਰ ਹੈ, ਮੇਰੇ ਜੇਹੀਆਂ (ਉਸ ਦੀਆਂ) ਬਹੁਤ ਦਾਸੀਆਂ ਹਨ।੧। ਹੇ ਪ੍ਰਭੂ! ਤੂੰ ਬਹੁਤ ਸਿਆਣਾ, ਡੂੰਘੇ ਵਿਚਾਰ ਵਾਲਾ ਤੇ ਗੰਭੀਰ (ਅਡੋਲ) ਹੈਂ, ਤੂੰ (ਸਾਡਾ) ਪਤੀ ਅਤੇ ਅਸੀਂ ਜੀਵ ਤੇਰੀਆਂ ਇਸਤ੍ਰੀਆਂ ਹਾਂ {ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ ੪੮੩}। ਹੇ ਪ੍ਰਭੂ! (ਤੁਸੀਂ ਸਾਰੇ ਦੇਵੀ ਦੇਵਤਿਆਂ ਤੋਂ) ਵੱਡੇ ਹੋ, ਵੱਡਿਆਂ ਤੋਂ ਵੀ ਵੱਡੇ ਅਤੇ ਉਚੇ ਹੋ, ਮੈਂ ਇਤਨੀ ਕੁ (ਬਹੁਤ ਛੋਟੀ) ਦਾਸੀ ਹਾਂ। (ਹੇ ਪ੍ਰਭੂ!) ਮੈਂ ਕੁਛ ਵੀ ਨਹੀਂ ਹਾਂ, ਇਕ ਤੂੰ ਹੀਂ (ਸਭ ਕੁਛ) ਹੈਂ ਅਤੇ ਤੂੰ ਆਪ ਹੀ ਆਪ ਸਿਆਣਾ ਹੈਂ। (ਹੇ ਪ੍ਰਭੂ!) ਤੇਰੀ ਨਿਮਖ ਮਾਤ੍ਰ ਅੰਮ੍ਰਿਤ ਦ੍ਰਿਸਟੀ ਨਾਲ ਮੈਂ ਜਿਉਂਦੀ ਹਾਂ, (ਤੇਰੀ ਅੰਮ੍ਰਿਤ ਦ੍ਰਿਸਟੀ ਨਾਲ) ਮੈਂ ਆਤਮ ਅਨੰਦ ਦੇ ਸਾਰੇ ਰਸ ਮਾਣਦੀ ਹਾਂ। ਮੈਂ ਤੇਰੇ ਚਰਨਾਂ ਦੀ ਸ਼ਰਣ ਵਿਚ ਹਾਂ, ਤੇਰੇ ਦਾਸਾਂ ਦੀ ਦਾਸੀ ਹਾਂ, (ਇਉਂ ਮੇਰਾ) ਮਨ ਖਿੜ ਜਾਣ ਨਾਲ ਤਨ ਵੀ ਹਰਾ ਭਰਾ ਹੋ ਗਿਆ ਹੈ। ਨਾਨਕ ਦਾ ਮਾਲਕ ਪ੍ਰਭੂ ਸਭ ਜੀਵਾਂ ਵਿਚ ਸਮਾ ਰਿਹਾ ਹੈ ਅਤੇ (ਉਹ) ਅਪਣੀ ਮਰਜੀ ਨਾਲ (ਸਾਰੇ ਕੰਮ) ਕਰਦਾ ਹੈ।੨।

ਪਦਾਰਥ = ਠਾਕਰੋ–ਮਾਲਕ ਪ੍ਰਭੂ। ਬੈਰਾਗਰੋ–ਇੱਛਾ ਰਹਿਤ; ਜਗਤ ਦੇ ਪਦਾਰਥਾਂ ਨਾਲ ਜਿਸ ਦਾ ਪ੍ਰੇਮ ਨਹੀਂ; ਹੀਰਿਆਂ ਦੀ ਖਾਣ (ਸੰ.ਸ.; ਫ.ਸ.; ਮ.ਕੋ.)। ਮੈ ਜੇਹੀ–ਮੇਰੇ ਜੇਹੀਆਂ (ਵਰਗੀਆਂ)। ਘਣ–ਬਹੁਤ। ਚੇਰੀ–ਦਾਸੀਆਂ; ਚੇਲੀਆਂ। ਰਾਮ–ਹੇ ਪ੍ਰਭੂ!। ਰਤਨਾਗਰੋ–ਰਤਨਾਂ ਦੀ ਖਾਣ। ਹਉ–ਮੈਂ। ਸਾਰ–ਕਦਰ; ਸਮਝ। ਵਡ ਦਾਣਾ–ਬਹੁਤ ਸਿਆਣਾ। ਮਿਹਰੰਮਤਿ–ਮੇਹਰ। ਸਾਂਈ–ਹੇ ਮਾਲਕ ਪ੍ਰਭੂ!। ਕੀਜੈ–ਕਰ। ਸਾ–ਉਹ। ਮਤਿ–ਸਮਝ; ਅਕਲ। ਦੀਜੈ–(ਬਖਸ਼) ਦੇਹ। ਆਠ ਪਹਰ–ਅੱਠੇ ਪਹਿਰ; ਦਿਨ ਰਾਤ। ਤੁਧੁ –ਤੈਨੂੰ। ਧਿਆਈ–ਸਿਮਰਦੀ ਰਹਾਂ। ਗਰਬੁ–ਹੰਕਾਰ। ਰੇਣ ਹੋਵੀਜੈ–ਚਰਨ ਧੂੜ ਹੋ ਜਾਹ। ਤਾ–ਤਾਂ। ਗਤਿ–ਮੁਕਤੀ। ਜੀਅਰੇ–ਹੇ ਜੀਵ !।੧। ਗਉਹਰੁ–ਸਿਆਣਾ। ਅਤਿ–ਬਹੁਤ। ਗਹਿਰ–ਡੂੰਘਾ; ਅਥਾਹ। ਗੰਭੀਰ–ਅਹਿੱਲ; ਅਡੋਲ। ਪਿਰ–ਪਤੀ। ਇਤਨੀਕ–ਇਤਨੀ ਕੁ। ਬਹੁਰੀਆ–ਇਸਤ੍ਰੀਆਂ। ਲਹੁਰੀਆ–ਛੋਟੀ। ਸੁਜਾਨਾ–ਸਿਆਣਾ। ਦ੍ਰਿਸਟਿ–ਨਜਰ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਜੀਵਾ–ਜਿਉਂਦੀ ਹਾਂ। ਸਰਬ ਰੰਗ ਰਸ–ਆਤਮ ਅਨੰਦ ਦੇ ਸਾਰੇ ਸੁਆਦ। ਮਾਨਾ–ਮਾਣਦੀ ਹਾਂ। ਦਾਸਹ–ਦਾਸਾਂ ਦੀ। ਮਨਿ ਮਉਲੈ–ਮਨ ਦੇ ਖਿੜ ਜਾਣ ਨਾਲ। ਤਨੁ ਹਰੀਆ–ਸਰੀਰ ਹਰਾ ਭਰਾ ਹੋ ਗਿਆ। ਸਮਾਣਾ–ਸਮਾ ਰਿਹਾ ਹੈ। ਭਾਵਨ–ਮਰਜੀ ਨਾਲ।੨।

ਤੁਝੁ ਊਪਰਿ ਮੇਰਾ ਹੈ ਮਾਣਾ, ਤੂ ਹੈ ਮੇਰਾ ਤਾਣਾ ਰਾਮ ॥ ਸੁਰਤਿ ਮਤਿ ਚਤੁਰਾਈ ਤੇਰੀ, ਤੂ ਜਾਣਾਇਹਿ ਜਾਣਾ ਰਾਮ ॥ ਸੋਈ ਜਾਣੈ ਸੋਈ ਪਛਾਣੈ, ਜਾ ਕਉ ਨਦਰਿ ਸਿਰੰਦੇ ॥ ਮਨਮੁਖਿ ਭੂਲੀ ਬਹੁਤੀ ਰਾਹੀ, ਫਾਥੀ ਮਾਇਆ ਫੰਦੇ ॥ ਠਾਕੁਰ ਭਾਣੀ ਸਾ ਗੁਣਵੰਤੀ, ਤਿਨ ਹੀ ਸਭ ਰੰਗ ਮਾਣਾ ॥ ਨਾਨਕ ਕੀ ਧਰ ਤੂ ਹੈ ਠਾਕੁਰ, ਤੂ ਨਾਨਕ ਕਾ ਮਾਣਾ ॥੩॥ ਹਉ ਵਾਰੀ ਵੰਞਾ ਘੋਲੀ ਵੰਞਾ, ਤੂ ਪਰਬਤੁ ਮੇਰਾ ਓਲ੍ਹਾ ਰਾਮ ॥ ਹਉ ਬਲਿ ਜਾਈ ਲਖ ਲਖ ਲਖ ਬਰੀਆ, ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ ॥ ਮਿਟੇ ਅੰਧਾਰੇ ਤਜੇ ਬਿਕਾਰੇ, ਠਾਕੁਰ ਸਿਉ ਮਨੁ ਮਾਨਾ ॥ ਪ੍ਰਭ ਜੀ ਭਾਣੀ ਭਈ ਨਿਕਾਣੀ, ਸਫਲ ਜਨਮੁ ਪਰਵਾਨਾ ॥ ਭਈ ਅਮੋਲੀ ਭਾਰਾ ਤੋਲੀ, ਮੁਕਤਿ ਜੁਗਤਿ ਦਰੁ ਖੋਲ੍ਹਾ ॥ ਹੇ ਰਾਮ! ਤੇਰੇ ਉਪਰ ਹੀ ਮੇਰਾ ਮਾਣ (ਫਖਰ) ਹੈ ਅਤੇ ਤੂੰ ਹੀ ਮੇਰਾ ਸਰੀਰਕ ਬਲ ਹੈਂ। ਹੇ ਪ੍ਰਭੂ! (ਮੇਰੇ ਅੰਦਰ ਜੋ) ਸੋਝੀ, ਅਕਲ ਤੇ ਸਿਆਣਪ ਹੈ, (ਉਹ ਸਭ) ਤੇਰੀ ਬਖਸ਼ੀ ਹੋਈ ਹੈ, ਤੂੰ ਸਮਝਾਉਂਦਾ ਹੈਂ, ਤਾਂ ਮੈਂ ਸਮਝਦਾ ਹਾਂ । ਜਿਸ ਮਨੁੱਖ ਉਤੇ ਸਿਰਜਨਹਾਰ ਪ੍ਰਭੂ ਦੀ ਮੇਹਰ ਭਰੀ ਨਜਰ ਹੁੰਦੀ ਹੈ, ਉਹ ਹੀ (ਤੇਰੇ ਸਰਗੁਣ ਸਰੂਪ ਨੂੰ) ਜਾਣਦਾ ਹੈ ਅਤੇ ਉਹ ਹੀ (ਤੇਰੇ ਨਿਰਗੁਣ ਸਰੂਪ ਨੂੰ) ਪਛਾਣਦਾ ਹੈ। ਮਨਮੁਖ ਜੀਵ ਇਸਤ੍ਰੀ ਬਹੁਤੇ ਰਾਹਾਂ ਵਿਚ ਪੈ ਕੇ ਭੁੱਲੀ ਫਿਰਦੀ ਹੈ ਤੇ ਮਾਇਆ

ਦੀ ਫਾਹੀ ਵਿਚ ਫਸੀ ਹੋਈ ਹੈ।(ਜੋ ਜੀਵ ਇਸਤ੍ਰੀ) ਗੁਣਾਂ ਵਾਲੀ ਹੈ, ਉਹ ਮਾਲਕ ਪ੍ਰਭੂ ਨੂੰ ਚੰਗੀ ਲਗਦੀ ਹੈ ਅਤੇ ਉਸੇ ਨੇ ਹੀ (ਤੇਰੇ ਮਿਲਾਪ ਦਾ) ਸਾਰਾ ਅਨੰਦ ਮਾਣਿਆ ਹੈ।ਹੇ ਮਾਲਕ ਪ੍ਰਭੂ! ਨਾਨਕ ਦਾ ਆਸਰਾ ਤੂੰ ਹੀ ਹੈਂ ਅਤੇ ਨਾਨਕ ਦਾ ਮਾਣ ਵੀ ਤੂੰ ਹੀ ਹੈਂ।੩।ਹੇ ਰਾਮ! ਮੈਂ ਤੇਰੇ ਤੋਂ (ਮਨ ਕਰਕੇ) ਵਾਰਨੇ ਜਾਂਦੀ ਹਾਂ, (ਸਰੀਰ ਕਰਕੇ ਵੀ) ਸਦਕੇ ਜਾਂਦੀ ਹਾਂ, ਤੂੰ ਪਰਬਤ ਵਾਂਗ ਮੇਰਾ ਵੱਡਾ ਆਸਰਾ ਹੈਂ।ਮੈਂ ਲੱਖਾਂ ਵਾਰੀ (ਮਨ, ਤਨ ਤੇ ਬਾਣੀ ਕਰਕੇ ਪ੍ਰਭੂ ਤੋਂ) ਸਦਕੇ ਜਾਂਦੀ ਹਾਂ, ਜਿਸ ਨੇ (ਮੇਰੇ ਅੰਦਰੋਂ) ਭਰਮ ਰੂਪ ਪੜਦਾ ਖੋਲ੍ਹ ਦਿਤਾ ਹੈ।(ਜਿਸ ਜੀਵ ਇਸਤ੍ਰੀ ਦਾ) ਮਨ ਮਾਲਕ ਪ੍ਰਭੂ ਨਾਲ ਮੰਨ (ਸੰਤੁਸ਼ਟ ਹੋ) ਗਿਆ ਹੈ, (ਉਸ ਨੇ) ਵਿਸ਼ੇ ਵਿਕਾਰ ਛਡ ਦਿਤੇ ਹਨ ਅਤੇ (ਉਸ ਦੇ ਅਗਿਆਨਤਾ ਦੇ ਸਾਰੇ) ਹਨ੍ਹੇਰੇ ਮਿਟ ਗਏ ਹਨ।(ਜੋ ਜੀਵ ਇਸਤ੍ਰੀ) ਪ੍ਰਭੂ ਜੀ ਨੂੰ ਚੰਗੀ ਲਗ ਗਈ ਹੈ, (ਉਹ ਦੁਨੀਆਂ ਦੇ ਲੋਕਾਂ ਤੋਂ) ਬੇਮੁਹਤਾਜ ਹੋ ਗਈ ਹੈ ਅਤੇ (ਪ੍ਰਭੂ ਦੇ ਦਰ ਤੇ) ਪ੍ਰਵਾਨ ਹੋ ਗਈ ਹੈ, (ਇਉਂ ਉਸ ਦਾ) ਜਨਮ ਸਫਲ ਹੋ ਗਿਆ ਹੈ।(ਉਹ ਗੁਣਾਂ ਕਰਕੇ) ਅਮੋਲਕ ਤੇ ਭਾਰੇ ਤੋਲ ਵਾਲੀ ਹੋ ਗਈ ਹੈ, ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਗਈ ਹੈ ਅਤੇ (ਉਸ ਵਾਸਤੇ) ਸੰਸਾਰ ਵਿਚ ਜਿਉਣ ਦੀ ਜਾਚ ਦਾ ਦਰਵਾਜਾ ਖੁਲ੍ਹ ਗਿਆ ਹੈ।

ਅੰਗ ੭੮੦ = ਕਹੁ ਨਾਨਕ ਹਉ ਨਿਰਭਉ ਹੋਈ, ਸੋ ਪ੍ਰਭੁ ਮੇਰਾ ਓਲ੍ਹਾ ॥੪॥੧॥੪॥ ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰੀ ਬਿਰਤੀ ਨਿਰਭਉ ਹੋ ਗਈ ਹੈ, (ਕਿਉਂਕਿ) ਉਹ ਪ੍ਰਭੂ ਮੇਰਾ ਆਸਰਾ ਬਣ ਗਿਆ ਹੈ।੪।੧।੪।

ਪਦਾਰਥ = ਤੁਝੁ–ਤੇਰਾ।ਮਾਣਾ–ਮਾਣ; ਮਹੱਤਵ।ਤਾਣਾ–ਬਲ; ਆਸਰਾ।ਸੁਰਤਿ–ਸੋਝੀ।ਮਤਿ–ਅਕਲ।ਚਤੁਰਾਈ–ਸਿਆਣਪ। ਜਾਣਾਇਹਿ–ਸਮਝਾਉਂਦਾ ਹੈਂ।ਜਾਣਾ–ਜਾਣਦਾ ਹਾਂ।ਰਾਮ–ਹੇ ਪ੍ਰਭੂ!।ਸੋਈ–ਉਹ ਹੀ।ਜਾ ਕਉ–ਜਿਸ ਉਤੇ।ਨਦਰਿ–ਮੇਹਰ ਦੀ ਨਜਰ।ਸਿਰੰਦੇ–ਸਿਰਜਣਹਾਰ ਪ੍ਰਭੂ ਦੀ।ਭੂਲੀ–ਭੁੱਲੀ (ਕੁਰਾਹੇ ਪਈ) ਹੋਈ।ਬਹੁਤੀ ਰਾਹੀ–ਬਹੁਤੇ ਰਾਹਾਂ ਵਿਚ।ਫਾਥੀ–ਫਸੀ ਹੋਈ ਹੈ।ਫੰਦੇ–ਫਾਹੀ ਵਿਚ।ਠਾਕੁਰ–ਮਾਲਕ ਪ੍ਰਭੂ।ਭਾਣੀ–ਚੰਗੀ ਲਗਦੀ ਹੈ।ਸਾ–ਉਹ।ਗੁਣਵੰਤੀ–ਗੁਣਾਂ ਵਾਲੀ।ਤਿਨ ਹੀ–ਉਸੇ ਨੇ ਹੀ। ਰੰਗ–ਅਨੰਦ।ਮਾਣਾ–ਮਾਣੇ ਹਨ।ਧਰ–ਆਸਰਾ।੩।ਹਉ–ਮੈਂ।ਵਾਰੀ ਵੰਞਾ–ਸਦਕੇ ਜਾਂਦੀ ਹੈ।ਘੋਲੀ–ਸਦਕੇ।ਓਲ੍ਹਾ–ਆਸਰਾ; ਪੜਦਾ।ਬਲਿ ਜਾਈ–ਸਦਕੇ ਜਾਂਦੀ ਹਾਂ।ਲਖ ਬਰੀਆ–ਲੱਖਾਂ ਵਾਰੀ।ਜਿਨਿ–ਜਿਸ ਨੇ।ਪਰਦਾ–ਪੜਦਾ।ਅੰਧਾਰੇ–(ਅਗਿਆਨਤਾ ਦੇ) ਹਨ੍ਹੇਰੇ।ਤਜੇ–ਛਡ ਦਿਤੇ।ਬਿਕਾਰੇ–ਵਿਸ਼ੇ ਵਿਕਾਰ।ਸਿਉ–ਨਾਲ।ਮਨੁ ਮਾਨਾ–ਮਨ ਮੰਨ (ਸੰਤੁਸ਼ਟ ਹੋ) ਗਿਆ।ਭਾਣੀ–ਚੰਗੀ ਲੱਗੀ।ਭਈ ਨਿਕਾਣੀ–ਬੇ ਮੁਹਤਾਜ ਹੋ ਗਈ।ਪਰਵਾਨਾ–ਪ੍ਰਵਾਨ।ਅਮੋਲੀ–ਅਮੋਲਕ।ਭਾਰਾ ਤੋਲੀ–ਭਾਰੇ ਤੋਲ ਵਾਲੀ।ਮੁਕਤਿ–ਮਾਇਕ ਬੰਧਨਾਂ ਤੋਂ ਮੁਕਤੀ।ਜੁਗਤਿ–ਜਿਉਣ ਦੀ ਜਾਚ।ਦਰੁ–ਦਰਵਾਜਾ।ਨਿਰਭਉ–ਭੈ ਰਹਿਤ।੪।੧।੪।

ਸੂਹੀ ਮਹਲਾ ੫ ॥ ਸਾਜਨੁ ਪੁਰਖੁ ਸਤਿਗੁਰੁ ਮੇਰਾ ਪੂਰਾ, ਤਿਸੁ ਬਿਨੁ ਅਵਰੁ ਨ ਜਾਣਾ ਰਾਮ ॥ ਮਾਤ ਪਿਤਾ ਭਾਈ ਸੁਤ ਬੰਧਪ, ਜੀਅ ਪ੍ਰਾਣ ਮਨਿ ਭਾਣਾ ਰਾਮ ॥ ਜੀਉ ਪਿੰਡੁ ਸਭੁ ਤਿਸ ਕਾ ਦੀਆ, ਸਰਬ ਗੁਣਾ ਭਰਪੂਰੇ ॥ ਅੰਤਰਜਾਮੀ ਸੋ ਪ੍ਰਭੁ ਮੇਰਾ, ਸਰਬ ਰਹਿਆ ਭਰਪੂਰੇ ॥ ਤਾ ਕੀ ਸਰਣਿ ਸਰਬ ਸੁਖ ਪਾਏ, ਹੋਏ ਸਰਬ ਕਲਿਆਣਾ ॥ ਸਦਾ ਸਦਾ ਪ੍ਰਭ ਕਉ ਬਲਿਹਾਰੈ, ਨਾਨਕ ਸਦ ਕੁਰਬਾਣਾ ॥੧॥ ਐਸਾ ਗੁਰੁ ਵਡਭਾਗੀ ਪਾਈਐ, ਜਿਤੁ ਮਿਲਿਐ ਪ੍ਰਭੁ ਜਾਪੈ ਰਾਮ ॥ ਜਨਮ ਜਨਮ ਕੇ ਕਿਲਵਿਖ ਉਤਰਹਿ, ਹਰਿ ਸੰਤ ਧੂੜੀ ਨਿਤ ਨਾਪੈ ਰਾਮ ॥ ਹਰਿ ਧੂੜੀ ਨਾਈਐ ਪ੍ਰਭੂ ਧਿਆਈਐ, ਬਾਹੁੜਿ ਜੋਨਿ ਨ ਆਈਐ ॥ ਗੁਰ ਚਰਣੀ ਲਾਗੇ ਭ੍ਰਮ ਭਉ ਭਾਗੇ, ਮਨਿ ਚਿੰਦਿਆ ਫਲੁ ਪਾਈਐ ॥ ਹਰਿ ਗੁਣ ਨਿਤ ਗਾਏ ਨਾਮੁ ਧਿਆਏ, ਫਿਰਿ ਸੋਗੁ ਨਾਹੀ ਸੰਤਾਪੈ ॥ ਨਾਨਕ ਸੋ ਪ੍ਰਭੁ ਜੀਅ ਕਾ ਦਾਤਾ, ਪੂਰਾ ਜਿਸੁ ਪਰਤਾਪੈ ॥੨॥ ਹੇ ਭਾਈ! ਸਤਿਗੁਰੂ ਪੂਰਨ ਪੁਰਖ ਪ੍ਰਮਾਤਮਾ ਮੇਰਾ ਸੱਜਨ ਹੈ, ਮੈਂ ਉਸ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਜਾਣਦਾ ਹਾਂ।ਹੇ ਭਾਈ! (ਪ੍ਰਭੂ ਮੈਨੂੰ) ਮਾਤਾ, ਪਿਤਾ, ਭਰਾ, ਪੁਤ੍ਰ ,ਜਿੰਦ ਤੇ ਪ੍ਰਾਣਾਂ ਨਾਲੋਂ ਵੀ ਮਨ ਵਿਚ ਪਿਆਰਾ ਲਗਦਾ ਹੈ।ਜਿੰਦ ਤੇ ਸਰੀਰ ਸਭ ਉਸ (ਪ੍ਰਭੂ) ਦਾ ਦਿਤਾ ਹੋਇਆ ਹੈ, ਜੋ ਸਾਰੇ ਗੁਣਾਂ ਨਾਲ ਭਰਪੂਰ ਹੈ।ਮੇਰਾ ਉਹ ਪ੍ਰਭੂ ਅੰਤਰਜਾਮੀ ਹੈ ਅਤੇ ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਉਸ ਦੀ ਸਰਣ ਵਿਚ ਪੈ ਕੇ ਮੈਂ ਸਾਰੇ ਸੁਖ ਪਾਏ ਹਨ ਅਤੇ ਸਾਰੇ ਸੁਖ ਅਨੰਦ ਪ੍ਰਾਪਤ ਹੋ ਗਏ ਹਨ।ਨਾਨਕ ਉਸ ਪ੍ਰਭੂ ਤੋਂ (ਮਨ ਤੇ ਸਰੀਰ ਕਰਕੇ) ਸਦਾ ਸਦਾ ਬਲਿਹਾਰ ਜਾਂਦਾ ਹੈ ਅਤੇ (ਬਾਣੀ ਕਰਕੇ ਵੀ) ਸਦਾ ਕੁਰਬਾਨ ਜਾਂਦਾ ਹੈ।੧।ਹੇ ਭਾਈ! (ਪ੍ਰਮਾਤਮਾ ਦਾ ਗਿਆਨ ਗੁਰੂ ਤੋਂ ਮਿਲਦਾ ਹੈ, ਪਰ) ਅਜੇਹਾ ਗੁਰੂ ਵੱਡੇ ਭਾਗਾਂ ਨਾਲ ਹੀ ਪਾਈਦਾ ਹੈ, ਜਿਸ (ਗੁਰੂ) ਦੇ ਮਿਲਿਆਂ ਪ੍ਰਭੂ ਜਾਣਿਆ ਜਾਂਦਾ ਹੈ।(ਪ੍ਰਭੂ ਦਾ ਨਾਮ ਜਪਣ ਨਾਲ) ਜਨਮਾਂ ਜਨਮਾਂ ਦੇ ਪਾਪ ਉਤਰ ਜਾਂਦੇ ਹਨ ਅਤੇ ਹਰੀ ਦੇ ਸੰਤਾਂ ਦੀ ਚਰਨ ਧੂੜ ਵਿਚ ਹਰ ਰੋਜ ਇਸ਼ਨਾਨ ਹੁੰਦਾ ਰਹਿੰਦਾ ਹੈ।ਹਰੀ ਦੇ ਸੰਤਾਂ ਦੀ ਚਰਨ ਧੂੜ ਵਿਚ ਨ੍ਹਾਉਣ ਨਾਲ ਤੇ ਪ੍ਰਭੂ ਨੂੰ ਧਿਆਉਣ ਨਾਲ ਮੁੜ ਕੇ ਜੋਨੀਆਂ ਵਿਚ ਨਹੀਂ ਆਈਦਾ।ਗੁਰੂ ਦੇ ਚਰਨਾਂ ਨਾਲ ਲਗਣ ਕਰਕੇ

ਭਰਮ ਤੇ ਡਰ ਭੱਜ ਜਾਂਦੇ ਹਨ ਅਤੇ ਮਨ ਵਿਚ ਚਿਤਵਿਆ ਫਲ ਪਾ ਲਈਦਾ ਹੈ।(ਜਿਸ ਮਨੁੱਖ ਨੇ) ਹਰ ਰੋਜ ਹਰੀ ਦੇ ਗੁਣ ਗਾਏ ਹਨ ਅਤੇ ਹਰੀ ਦਾ ਨਾਮ ਧਿਆਇਆ ਹੈ, (ਉਸ ਨੂੰ) ਫਿਰ ਸੋਗ ਤੇ ਸੰਤਾਪ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਸਾਰੇ ਜੀਵਾਂ ਦਾ ਦਾਤਾ ਹੈ, ਜਿਸ ਦਾ (ਸਾਰੇ ਸੰਸਾਰ ਵਿਚ) ਪੂਰਾ ਤੇਜ ਪਰਤਾਪ ਹੈ। ੨।

ਪਦਾਰਥ = ਸਾਜਨੁ–ਮਿਤ੍ਰ।ਅਵਰੁ–ਹੋਰ (ਕਿਸੇ) ਨੂੰ।ਨ ਜਾਣਾ–ਨਹੀਂ ਜਾਣਦਾ।ਰਾਮ–ਹੇ ਭਾਈ!।ਸੁਤ–ਪੁਤ੍ਰ।ਬੰਧਪ–ਸਬੰਧੀ। ਜੀਅ–ਜਿੰਦ।ਮਨਿ–ਮਨ ਵਿਚ।ਭਾਣਾ–ਪਿਆਰਾ ਲਗਦਾ ਹੈ।ਪਿੰਡੁ–ਸਰੀਰ।ਤਿਸ ਕਾ–ਉਸ ਦਾ।ਦੀਆ–ਦਿਤਾ ਹੋਇਆ।ਸਰਬ–ਸਾਰੇ।ਭਰਪੂਰੇ–ਪੂਰਾ ਭਰਿਆ ਹੋਇਆ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਰਹਿਆ ਭਰਪੂਰੇ–ਵਿਆਪਕ ਹੋ ਰਿਹਾ ਹੈ।ਸੋ–ਉਹ।ਤਾ ਕੀ–ਉਸ ਦੀ।ਕਲਿਆਣਾ–ਸੁਖ ਅਨੰਦ।ਕਉ–ਨੂੰ; ਤੋਂ।ਸਦ–ਸਦਾ।੧।ਵਡਭਾਗੀ–ਵੱਡੇ ਭਾਗਾਂ ਨਾਲ। ਪਾਈਐ–ਪਾਈਦਾ ਹੈ।ਜਿਤੁ–ਜਿਸ ਦੇ (ਮਿਲਿਆਂ)।ਜਾਪੈ–ਜਾਣਿਆ ਜਾਂਦਾ ਹੈ।ਕਿਲਵਿਖ–ਪਾਪ।ਉਤਰਹਿ–ਲਹਿ ਜਾਂਦੇ ਹਨ। ਧੂੜੀ–ਚਰਨ ਧੂੜ।ਨਿਤ–ਹਰ ਰੋਜ।ਨਾਪੈ–ਇਸ਼ਨਾਨ ਹੁੰਦਾ ਰਹਿੰਦਾ ਹੈ।ਨਾਈਐ–ਇਸ਼ਨਾਨ ਕਰਨ ਨਾਲ।ਧਿਆਈਐ–ਧਿਆਉਣ ਨਾਲ।ਬਾਹੁੜਿ–ਮੁੜ ਕੇ।ਜੋਨਿ–ਜੋਨੀਆਂ ਵਿਚ।ਲਾਗੇ–ਲਗਣ ਕਰਕੇ।ਭਉ–ਡਰ।ਭਾਗੇ–ਭੱਜ ਜਾਂਦੇ ਹਨ।ਮਨਿ ਚਿੰਦਿਆ–ਮਨ ਵਿਚ ਸੋਚਿਆ ਹੋਇਆ।ਫਿਰਿ–ਮੁੜ ਕੇ।ਸੰਤਾਪੈ–ਦੁੱਖ ਕਲੇਸ਼।ਜੀਅ ਕਾ–ਜੀਵਾਂ ਦਾ।ਪਰਤਾਪੈ–ਤੇਜ ਪਰਤਾਪ।੨।

ਹਰਿ ਹਰੇ ਹਰਿ ਗੁਣ ਨਿਧੇ, ਹਰਿ ਸੰਤਨ ਕੈ ਵਸਿ ਆਏ ਰਾਮ ॥ ਸੰਤ ਚਰਣ ਗੁਰ ਸੇਵਾ ਲਾਗੇ, ਤਿਨੀ ਪਰਮਪਦ ਪਾਏ ਰਾਮ ॥ ਪਰਮ ਪਦੁ ਪਾਇਆ ਆਪੁ ਮਿਟਾਇਆ, ਹਰਿ ਪੂਰਨ ਕਿਰਪਾ ਧਾਰੀ ॥ ਸਫਲ ਜਨਮੁ ਹੋਆ ਭਉ ਭਾਗਾ, ਹਰਿ ਭੇਟਿਆ ਏਕੁ ਮੁਰਾਰੀ ॥ ਜਿਸ ਕਾ ਸਾ ਤਿਨ ਹੀ ਮੇਲਿ ਲੀਆ, ਜੋਤੀ ਜੋਤਿ ਸਮਾਇਆ ॥ ਨਾਨਕ ਨਾਮੁ ਨਿਰੰਜਨ ਜਪੀਐ, ਮਿਲਿ ਸਤਿਗੁਰ ਸੁਖੁ ਪਾਇਆ ॥੩॥ ਗਾਉ ਮੰਗਲੋ ਨਿਤ ਹਰਿ ਜਨਹੁ ,ਪੁੰਨੀ ਇਛ ਸਬਾਈ ਰਾਮ ॥ ਰੰਗਿ ਰਤੇ ਅਪੁਨੇ ਸੁਆਮੀ ਸੇਤੀ, ਮਰੈ ਨ ਆਵੈ ਜਾਈ ਰਾਮ ॥ ਅਬਿਨਾਸੀ ਪਾਇਆ ਨਾਮੁ ਧਿਆਇਆ, ਸਗਲ ਮਨੋਰਥ ਪਾਏ ॥ ਸਾਂਤਿ ਸਹਜ ਆਨੰਦ ਘਨੇਰੇ, ਗੁਰ ਚਰਣੀ ਮਨੁ ਲਾਏ ॥ ਪੂਰਿ ਰਹਿਆ ਘਟਿ ਘਟਿ ਅਬਿਨਾਸੀ, ਥਾਨ ਥਨੰਤਰਿ ਸਾਈ ॥ ਕਹੁ ਨਾਨਕ ਕਾਰਜ ਸਗਲੇ ਪੂਰੇ, ਗੁਰ ਚਰਣੀ ਮਨੁ ਲਾਈ ॥੪॥੨॥੫॥ ਹੇ ਭਾਈ! ਹਰੀ ਪ੍ਰਮਾਤਮਾ, ਜੋ ਸਾਰੇ ਗੁਣਾਂ ਦਾ ਖਜਾਨਾ ਹੈ, ਉਹ ਹਰੀ, ਸੰਤਾਂ ਦੇ ਵਸ ਵਿਚ ਆਇਆ ਹੈ।ਹੇ ਭਾਈ! (ਜਿਹੜੇ ਮਨੁੱਖ) ਸੰਤਾਂ ਦੇ ਚਰਨੀਂ ਲਗ ਕੇ ਗੁਰੂ ਦੀ ਸੇਵਾ ਵਿਚ ਲੱਗੇ ਹਨ, ਉਨ੍ਹਾਂ ਨੇ ਪਰਮ ਪਦ ਪਾਏ ਹਨ।(ਜਿਨ੍ਹਾਂ ਨੇ) ਆਪਾ ਭਾਵ ਮਿਟਾਇਆ ਹੈ, (ਉਨ੍ਹਾਂ ਗੁਰਮੁਖਾਂ ਨੇ) ਪਰਮ ਪਦ ਪਾਇਆ ਹੈ ਅਤੇ (ਉਨ੍ਹਾਂ ਉਤੇ) ਹਰੀ ਨੇ ਪੂਰਨ ਕ੍ਰਿਪਾ ਕੀਤੀ ਹੈ। (ਉਨ੍ਹਾਂ ਨੂੰ) ਇਕ ਹਰੀ ਪ੍ਰਭੂ ਮਿਲ ਪਿਆ ਹੈ, (ਜਿਸ ਕਰਕੇ ਉਨ੍ਹਾਂ ਦਾ) ਜਨਮ ਸਫਲ ਹੋ ਗਿਆ ਹੈ ਅਤੇ (ਮੌਤ ਦਾ) ਡਰ ਭੱਜ ਗਿਆ ਹੈ।ਜਿਸ ਪ੍ਰਭੂ ਦਾ ਉਹ ਪੈਦਾ ਕੀਤਾ ਹੋਇਆ ਸੀ, ਉਸ ਹਰੀ ਨੇ (ਉਸ ਨੂੰ ਅਪਣੇ ਨਾਲ) ਮਿਲਾ ਲਿਆ ਅਤੇ (ਉਸ ਦੀ) ਆਤਮ ਜੋਤ ਹਰੀ ਦੀ ਜੋਤ ਵਿਚ ਮਿਲ ਗਈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਿਰਲੇਪ ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ, (ਜਿਸ ਮਨੁੱਖ ਨੇ) ਸਤਿਗੁਰੂ ਨਾਲ ਮਿਲ ਕੇ (ਨਾਮ ਜਪਿਆ ਹੈ, ਉਸ ਨੇ) ਸੁਖ ਪਾਇਆ ਹੈ।੩।ਹੇ ਹਰੀ ਦੇ ਸੰਤ ਜਨੋਂ! ਤੁਸੀਂ ਹਰ ਰੋਜ ਹਰੀ ਦਾ ਮੰਗਲ ਰੂਪ ਜਸ ਗਾਓ, (ਜੋ ਹਰੀ ਦਾ ਜਸ ਗਾਉਂਦੇ ਹਨ, ਉਨ੍ਹਾਂ ਦੀ) ਸਾਰੀ ਇੱਛਾ ਪੂਰੀ ਹੋਈ ਹੈ।ਹੇ ਭਾਈ! (ਜੋ ਮਨੁੱਖ) ਅਪਨੇ ਮਾਲਕ ਪ੍ਰਭੂ ਨਾਲ ਅਤੇ (ਉਸ ਦੇ) ਪ੍ਰੇਮ ਰੰਗ ਵਿਚ ਰੰਗੇ ਹੋਏ ਹਨ, ਉਹ ਮਰਦੇ ਨਹੀਂ ਅਤੇ ਨਾ ਹੀ (ਮੁੜ ਕੇ ਸੰਸਾਰ ਵਿਚ) ਆਉਂਦੇ ਜਾਂਦੇ ਹਨ।(ਕਿਉਂਕਿ ਉਨ੍ਹਾਂ ਨੇ) ਹਰੀ ਦਾ ਨਾਮ ਸਿਮਰਿਆ ਹੈ ਤੇ ਨਾਸ਼ ਰਹਿਤ ਪ੍ਰਭੂ ਨੂੰ ਪਾ ਲਿਆ, (ਇਸ ਤਰ੍ਹਾਂ ਉਨ੍ਹਾਂ ਨੇ) ਸਾਰੇ ਮਨੋਰਥ ਪ੍ਰਾਪਤ ਕਰ ਲਏ ਹਨ।(ਉਨ੍ਹਾਂ ਨੇ) ਗੁਰੂ ਦੇ ਚਰਨਾਂ ਨਾਲ ਮਨ ਲਾ ਕੇ ਸ਼ਾਂਤੀ ਅਤੇ ਬਹੁਤ ਆਤਮਕ ਅਨੰਦ ਪ੍ਰਾਪਤ ਕੀਤਾ ਹੈ।ਉਹ ਨਾਸ਼ ਰਹਿਤ ਪ੍ਰਭੂ ਹਰੇਕ ਜੀਵ ਦੇ ਅੰਦਰ ਪੂਰਨ ਹੋ ਰਿਹਾ ਹੈ ਅਤੇ ਸਭ ਥਾਵਾਂ ਅਤੇ ਥਾਵਾਂ ਦੇ ਅੰਦਰ ਵੀ ਉਹ ਹੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਅਪਣਾ) ਮਨ ਗੁਰੂ ਦੇ ਚਰਨਾਂ ਨਾਲ ਲਾਇਆ ਹੈ, (ਉਸ ਦੇ) ਸਾਰੇ ਕਾਰਜ ਪੂਰੇ ਹੋਏ ਹਨ।੪।੨।੫।

ਪਦਾਰਥ = ਗੁਣ ਨਿਧੇ–ਗੁਣਾਂ ਦਾ ਖਜਾਨਾ।ਸੰਤਨ ਕੈ–ਸੰਤਾਂ ਦੇ।ਵਸਿ–ਵਸ ਵਿਚ।ਤਿਨੀ–ਉਨ੍ਹਾਂ ਨੇ।ਪਰਮ ਪਦ–ਸਭ ਤੋਂ ਉਚੀ ਆਤਮਕ ਪਦਵੀ।ਪਾਏ–ਪਾ ਲਏ ਹਨ।ਆਪੁ–ਆਪਾ ਭਾਵ।ਧਾਰੀ–ਕੀਤੀ।ਭਉ ਭਾਗਾ–ਡਰ ਭੱਜ ਗਿਆ।ਭੇਟਿਆ–ਮਿਲਿਆ ਹੈ ।ਮੁਰਾਰੀ–ਹੰਕਾਰ ਦਾ ਨਾਸ਼ ਕਰਨ ਵਾਲਾ ਪ੍ਰਭੂ।ਜਿਸ ਕਾ ਸਾ–ਜਿਸ ਹਰੀ ਦਾ ਪੈਦਾ ਕੀਤਾ ਹੋਇਆ ਸੀ।ਤਿਨ ਹੀ–ਉਸ ਨੇ ਹੀ। ਜੋਤੀ–ਆਤਮ ਜੋਤ।ਜੋਤਿ ਸਮਾਇਆ–ਪ੍ਰਮਾਤਮਾ ਦੀ ਜੋਤ ਵਿਚ ਮਿਲ ਗਈ।ਨਿਰੰਜਨ–ਮਾਇਆ ਦੀ ਕਾਲਖ ਤੋਂ ਰਹਿਤ ਭਾਵ

ਨਿਰਲੇਪ।੩।ਮਗਲੋ–ਮੰਗਲ ਰੂਪ ਜਸ।ਨਿਤ–ਹਰ ਰੋਜ।ਹਰਿ ਜਨਹੁ–ਹੇ ਹਰੀ ਦੇ ਸੰਤ ਜਨੋਂ!।ਪੁੰਨੀ–ਪੂਰੀ ਹੋਈ ਹੈ।ਸਬਾਈ–ਸਾਰੀ।ਰੰਗਿ ਰਤੇ–ਪ੍ਰੇਮ ਰੰਗ ਵਿਚ ਰੰਗੇ ਹੋਏ ਹਨ।ਸੁਆਮੀ ਸੇਤੀ–ਮਾਲਕ ਪ੍ਰਭੂ ਨਾਲ।ਮਰੈ ਨ–ਮਰਦੇ ਨਹੀਂ।ਨ ਆਵੈ ਜਾਈ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ।ਅਬਿਨਾਸੀ–ਨਾਸ਼ ਰਹਿਤ ਪ੍ਰਭੂ।ਸਗਲ–ਸਾਰੇ।ਮਨੋਰਥ–ਮਨ ਦੇ ਸੰਕਲਪ।ਸਹਜ ਆਨੰਦ –ਆਤਮਕ ਅਨੰਦ।ਘਨੇਰੇ–ਬਹੁਤ।ਪੂਰਿ ਰਹਿਆ–ਵਿਆਪਕ ਹੋ ਰਿਹਾ ਹੈ।ਘਟਿ ਘਟਿ–ਹਰੇਕ ਜੀਵ ਦੇ ਅੰਦਰ।ਥਾਨ ਥਨੰਤਰਿ–ਥਾਵਾਂ ਅਤੇ ਥਾਵਾਂ ਦੇ ਅੰਦਰ।ਸਾਈ–ਪ੍ਰਭੂ।ਲਾਈ–ਲਾਇਆ ਹੈ।੪।੨।੫।

ਸੂਹੀ ਮਹਲਾ ੫ ॥ ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ, ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥ ਲਾਖ ਜਿਹਵਾ ਦੇਹੁ ਮੇਰੇ ਪਿਆਰੇ, ਮੁਖੁ ਹਰਿ ਆਰਾਧੇ ਮੇਰਾ ਰਾਮ ॥ ਹਰਿ ਆਰਾਧੇ ਜਮ ਪੰਥੁ ਸਾਧੇ, ਦੂਖੁ ਨ ਵਿਆਪੈ ਕੋਈ ॥ ਜਲਿ ਥਲਿ ਮਹੀਅਲਿ ਪੂਰਨ ਸੁਆਮੀ, ਜਤ ਦੇਖਾ ਤਤ ਸੋਈ ॥ ਭਰਮ ਮੋਹ ਬਿਕਾਰ ਨਾਠੇ, ਪ੍ਰਭੁ ਨੇਰ ਹੂ ਤੇ ਨੇਰਾ ॥ ਨਾਨਕ ਕਉ ਪ੍ਰਭ ਕਿਰਪਾ ਕੀਜੈ, ਨੇਤ੍ਰ ਦੇਖਹਿ ਦਰਸੁ ਤੇਰਾ ॥੧॥ ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ, ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ ॥ ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ, ਕਟੀਐ ਕਾਲ ਕੀ ਫਾਸੀ ਰਾਮ ॥ ਹੇ ਮੇਰੇ ਪਿਆਰੇ ਪ੍ਰਭੂ! (ਮੇਰੇ ਉਤੇ) ਕਿਰਪਾ ਕਰ, (ਤਾਂ ਜੋ) ਮੇਰੇ ਨੇਤਰ ਤੇਰਾ ਦਰਸ਼ਨ ਦੇਖਦੇ ਰਹਿਣ।ਹੇ ਮੇਰੇ ਪਿਆਰੇ ਹਰੀ! (ਮੈਨੂੰ) ਲੱਖਾਂ ਜੀਭਾਂ ਬਖਸ਼ ਦੇਹ, (ਤਾਂ ਕਿ) ਮੇਰਾ ਮੂੰਹ ਤੇਰਾ ਨਾਮ ਜਪਦਾ ਰਹੇ।ਹੇ ਹਰੀ! (ਮੇਰਾ ਮੂੰਹ ਤੇਰਾ) ਨਾਮ ਜਪਦਾ ਰਹੇ, (ਜਿਸ ਨਾਲ) ਮੈਂ ਜਮਾਂ ਦਾ ਰਸਤਾ ਜਿੱਤ ਸਕਾਂ ਅਤੇ (ਮੈਨੂੰ) ਕੋਈ ਦੁਖ ਵੀ ਨਾ ਲਗ ਸਕੇ।ਹੇ ਮਾਲਕ ਪ੍ਰਭੂ! ਤੂੰ ਪਾਣੀ ਵਿਚ, ਸੁੱਕੀ ਧਰਤੀ ਵਿਚ ਅਤੇ ਧਰਤੀ ਦੇ ਅਕਾਸ਼ ਵਿਚਕਾਰ ਪੁਲਾੜ ਵਿਚ ਵਿਆਪਕ ਹੈਂ, ਮੈਂ ਜਿਧਰ ਦੇਖਦਾ ਹਾਂ, ਉਧਰ ਤੂੰ ਹੀ ਦਿਸਦਾ ਹੈਂ।(ਹੇ ਭਾਈ!) ਪ੍ਰਭੂ ਨੂੰ ਨੇੜੇ ਤੋਂ ਵੀ ਨੇੜੇ ਦੇਖਣ ਨਾਲ ਭਰਮ, ਵਿਸ਼ੇ ਵਿਕਾਰ ਤੇ ਮੋਹ ਨੱਠ ਗਏ ਹਨ।ਹੇ ਪ੍ਰਭੂ! ਨਾਨਕ ਉਤੇ ਕਿਰਪਾ ਕਰ, (ਤਾਂ ਕਿ) ਮੇਰੇ ਨੇਤ੍ਰ ਤੇਰਾ ਦਰਸ਼ਨ ਦੇਖਦੇ ਰਹਿਣ।੧।ਹੇ ਮੇਰੇ ਪਿਆਰੇ ਪ੍ਰਭੂ! (ਮੈਨੂੰ) ਕ੍ਰੋੜਾਂ ਕੰਨ ਬਖਸ਼ ਦੇਹ, ਹੇ ਨਾਸ਼ ਰਹਿਤ ਹਰੀ! (ਮੇਰੇ ਕੰਨ ਤੇਰੇ) ਗੁਣ ਸੁਣਦੇ ਰਹਿਣ।(ਤੇਰੇ ਗੁਣ) ਸੁਣ ਸੁਣ ਕੇ ਇਹ ਮਨ ਪਵਿਤ੍ਰ ਹੋ ਜਾਵੇ ਅਤੇ ਕਾਲ ਦੀ ਫਾਹੀ ਵੀ ਕੱਟੀ ਜਾਵੇ।

ਅੰਗ ੭੮੧ = ਕਟੀਐ ਜਮ ਫਾਸੀ ਸਿਮਰਿ ਅਬਿਨਾਸੀ, ਸਗਲ ਮੰਗਲ ਸੁਗਿਆਨਾ ॥ ਹਰਿ ਹਰਿ ਜਪੁ ਜਪੀਐ ਦਿਨੁ ਰਾਤੀ, ਲਾਗੈ ਸਹਜਿ ਧਿਆਨਾ ॥ ਕਲਮਲ ਦੁਖ ਜਾਰੇ ਪ੍ਰਭੂ ਚਿਤਾਰੇ, ਮਨ ਕੀ ਦੁਰਮਤਿ ਨਾਸੀ ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ, ਹਰਿ ਗੁਣ ਸੁਣੀਅਹਿ ਅਵਿਨਾਸੀ ॥੨॥ (ਹੇ ਭਾਈ!) ਨਾਸ਼ ਰਹਿਤ ਪ੍ਰਭੂ ਦਾ ਨਾਮ ਸਿਮਰ ਕੇ ਜਮ ਦੀ ਫਾਹੀ ਕੱਟੀ ਜਾਂਦੀ ਹੈ ਅਤੇ ਸਾਰੀਆਂ ਖੁਸ਼ੀਆਂ ਤੇ ਸ੍ਰੇਸਟ ਗਿਆਨ ਪ੍ਰਾਪਤ ਹੋ ਜਾਂਦਾ ਹੈ।(ਹੇ ਭਾਈ!) ਦਿਨ ਰਾਤ ਹਰੀ ਦੇ ਨਾਮ ਦਾ ਜਾਪ ਜਪਣਾ ਚਾਹੀਦਾ ਹੈ ,(ਨਾਮ ਜਪਦਿਆਂ) ਸੁਭਾਵਕ ਹੀ ਪ੍ਰਭੂ ਵਿਚ ਧਿਆਨ ਲਗ ਜਾਂਦਾ ਹੈ।(ਹੇ ਭਾਈ!) ਪ੍ਰਭੂ ਨੂੰ ਯਾਦ ਕਰਕੇ ਪਾਪ ਤੇ ਦੁਖ ਸੜ ਜਾਂਦੇ ਹਨ ਅਤੇ ਮਨ ਦੀ ਖੋਟੀ ਬੁੱਧੀ ਵੀ ਨਾਸ਼ ਹੋ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਨਾਸ਼ ਰਹਿਤ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, (ਤਾਂ ਕਿ ਮੇਰੇ ਕੰਨ ਤੇਰੇ) ਗੁਣ ਸੁਣਦੇ ਰਹਿਣ।੨।

ਪਦਾਰਥ = ਪ੍ਰੀਤਮ ਸੁਆਮੀ–ਹੇ ਪਿਆਰੇ ਪ੍ਰਭੂ!।ਨੇਤ੍ਰ–ਅੱਖਾਂ।ਦੇਖਹਿ–ਦੇਖਦੇ ਰਹਿਣ।ਦਰਸੁ–ਦਰਸ਼ਨ।ਲਾਖ ਜਿਹਵਾ–ਲੱਖਾਂ ਜੀਭਾਂ।ਮੁਖੁ–ਮੂੰਹ।ਆਰਾਧੇ–ਜਪਦਾ ਰਹੇ।ਜਮ ਪੰਥੁ–ਜਮਾਂ ਦਾ ਰਸਤਾ।ਸਾਧੇ–ਜਿੱਤ ਸਕਾਂ।ਨ ਵਿਆਪੈ–ਨਾ ਲੱਗ ਸਕੇ।ਜਲਿ–ਪਾਣੀ ਵਿਚ।ਥਲਿ–ਸੁੱਕੀ ਧਰਤੀ ਵਿਚ।ਮਹੀਅਲਿ–ਧਰਤੀ ਤੇ ਅਕਾਸ਼ ਵਿਚਾਲੇ ਪੁਲਾੜ ਵਿਚ।ਪੂਰਨ–ਵਿਆਪਕ।ਜਤ–ਜਿਧਰ। ਤਤ–ਉਧਰ।ਦੇਖਾ–ਮੈਂ ਦੇਖਦਾ ਹਾਂ।ਸੋਈ–ਉਹ ਹੀ।ਨਾਠੇ–ਦੌੜ ਗਏ।ਨੇਰ ਹੂ ਤੇ ਨੇਰਾ–ਨੇੜੇ ਤੋਂ ਵੀ ਨੇੜੇ।ਕਉ–ਨੂੰ; ਉਤੇ।੧। ਕੋਟਿ ਕਰਨ–ਕ੍ਰੋੜਾਂ ਕੰਨ।ਦੀਜਹਿ–ਬਖਸ਼ ਦੇਹ।ਸੁਣੀਅਹਿ–ਸੁਣਦੇ ਰਹਿਣ।ਅਬਿਨਾਸੀ–ਅਮਰ (ਕਦੇ ਨਾ ਮਰਨ ਵਾਲਾ)।ਸਗਲ–ਸਾਰੇ।ਨਿਰਮਲੁ–ਪਵਿਤ੍ਰ।ਕਟੀਐ–ਕੱਟੀ ਜਾਂਦੀ ਹੈ।ਕਾਲ ਕੀ–ਮੌਤ ਦੀ।ਫਾਸੀ–ਫਾਹੀ।ਸਿਮਰਿ–ਸਿਮਰ ਕੇ।ਮੰਗਲ–ਖੁਸ਼ੀਆਂ। ਸੁਗਿਆਨਾ–ਸ੍ਰੇਸਟ ਗਿਆਨ।ਸਹਜਿ–ਸੁਭਾਵਕ ਹੀ।ਕਲਮਲ–ਪਾਪ।ਜਾਰੇ–ਸੜ ਜਾਂਦੇ ਹਨ।ਚਿਤਾਰੇ–ਯਾਦ ਕਰਕੇ।ਦੁਰਮਤਿ–ਖੋਟੀ ਬੁੱਧੀ।ਨਾਸੀ–ਨਾਸ਼ ਹੋ ਜਾਂਦੀ ਹੈ।੨।

ਕਰੋੜਿ ਹਸਤ ਤੇਰੀ ਟਹਲ ਕਮਾਵਹਿ, ਚਰਣ ਚਲਹਿ ਪ੍ਰਭ ਮਾਰਗਿ ਰਾਮ ॥ ਭਵ ਸਾਗਰ ਨਾਵ ਹਰਿ ਸੇਵਾ, ਜੋ ਚੜੈ ਤਿਸੁ ਤਾਰਗਿ ਰਾਮ ॥ ਭਵਜਲੁ ਤਰਿਆ ਹਰਿ ਹਰਿ ਸਿਮਰਿਆ, ਸਗਲ ਮਨੋਰਥ ਪੂਰੇ ॥ ਮਹਾ ਬਿਕਾਰ ਗਏ ਸੁਖ ਉਪਜੇ, ਬਾਜੇ ਅਨਹਦ ਤੂਰੇ ॥ ਮਨ ਬਾਂਛਤ ਫਲ ਪਾਏ ਸਗਲੇ, ਕੁਦਰਤਿ ਕੀਮ ਅਪਾਰਗਿ ॥ ਕਹੁ ਨਾਨਕ ਪ੍ਰਭ ਕਿਰਪਾ ਕੀਜੈ, ਮਨੁ ਸਦਾ ਚਲੈ ਤੇਰੈ ਮਾਰਗਿ

॥੩॥ ਏਹੋ ਵਰੁ ਏਹਾ ਵਡਿਆਈ, ਇਹੁ ਧਨੁ ਹੋਇ ਵਡਭਾਗਾ ਰਾਮ ॥ ਏਹੋ ਰੰਗੁ ਏਹੋ ਰਸ ਭੋਗਾ, ਹਰਿ ਚਰਣੀ ਮਨੁ ਲਾਗਾ ਰਾਮ ॥ ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ, ਕਰਣ ਕਾਰਣ ਗੋਪਾਲਾ ॥ ਸਭੁ ਕਿਛੁ ਤੇਰਾ ਤੂ ਪ੍ਰਭ ਮੇਰਾ, ਮੇਰੇ ਠਾਕੁਰ ਦੀਨ ਦਇਆਲਾ ॥ ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ, ਸੰਤ ਸੰਗਿ ਮਨੁ ਜਾਗਾ ॥ ਕਹੁ ਨਾਨਕ ਪ੍ਰਭਿ ਕਿਰਪਾ ਕੀਨ੍ਹੀ, ਚਰਣ ਕਮਲ ਮਨੁ ਲਾਗਾ ॥੪॥੩॥੬॥ ਹੇ ਪ੍ਰਭੂ! ਮੇਰੇ ਕ੍ਰੋੜਾਂ ਹੱਥ ਹੋਣ, (ਜਿਨ੍ਹਾਂ ਨਾਲ) ਮੈਂ ਤੇਰੀ ਸੇਵਾ ਕਰ ਸਕਾਂ ਅਤੇ ਹੇ ਪ੍ਰਭੂ! ਮੇਰੇ ਪੈਰ ਤੇਰੇ ਰਸਤੇ ਤੇ ਚੱਲਣ। (ਹੇ ਭਾਈ!) ਹਰੀ ਦੀ ਸੇਵਾ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ ਬੇੜੀ ਹੈ, ਜੋ ਜੀਵ (ਇਸ ਬੇੜੀ ਉਤੇ) ਚੜ੍ਹਦਾ ਹੈ, ਉਸ ਨੂੰ ਪ੍ਰਭੂ ਤਾਰ ਦੇਂਦਾ ਹੈ। (ਜਿਸ ਮਨੁੱਖ ਨੇ) ਹਰਿ ਹਰਿ ਨਾਮ ਸਿਮਰਿਆ ਹੈ, ਉਹ ਸੰਸਾਰ ਸਮੁੰਦਰ ਤੋਂ ਤਰ ਗਿਆ ਹੈ, (ਉਸ ਦੇ) ਸਾਰੇ ਮਨੋਰਥ ਵੀ ਪੂਰੇ ਹੋ ਗਏ ਹਨ। (ਉਸ ਦੇ) ਵੱਡੇ ਵਿਕਾਰ ਕਾਮਾਦਿਕ ਮੁੱਕ ਗਏ ਹਨ, ਸੁਖ ਪੈਦਾ ਹੋਏ ਹਨ ਅਤੇ (ਉਸ ਦੇ ਅੰਦਰ) ਇਕ ਰਸ ਵਾਜੇ ਵੱਜਣ ਲਗ ਪਏ ਹਨ। (ਹੇ ਪ੍ਰਭੂ!) ਤੇਰੀ ਕੁਦਰਤ ਦੀ ਕੀਮਤ ਬੇਅੰਤ ਹੈ, (ਜਿਸ ਮਨੁੱਖ ਨੇ ਤੇਰੀ ਸੇਵਾ ਕੀਤੀ ਹੈ, ਉਸ ਨੇ) ਮਨ ਬਾਂਛਤ ਸਾਰੇ ਫਲ ਪਾ ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ, ਮੇਰਾ ਮਨ ਤੇਰੇ ਰਸਤੇ ਉਤੇ ਚਲਦਾ ਰਹੇ। ੩। ਹੇ ਭਾਈ! (ਮੇਰੇ ਲਈ) ਇਹੋ ਅਸੀਸ, ਇਹੀ ਵਡਿਆਈ ਹੈ, ਇਹੋ ਧਨ ਹੈ, ਇਹੋ ਵੱਡੇ ਭਾਗਾਂ ਵਾਲਾ ਹੋਣਾ ਹੈ, ਇਹੋ ਅਨੰਦ ਅਤੇ ਇਹੋ ਰਸਾਂ ਦੇ ਭੋਗ ਹਨ, ਜੋ ਮੇਰਾ ਮਨ ਹਰੀ ਦੇ ਚਰਨਾਂ ਵਿਚ ਲਗ ਗਿਆ ਹੈ। ਮੇਰਾ ਮਨ ਪ੍ਰਭੂ ਦੇ ਚਰਨਾਂ ਵਿਚ ਲਗ ਗਿਆ ਹੈ ਅਤੇ ਪ੍ਰਭੂ ਦੀ ਸ਼ਰਣ ਵਿਚ ਪਿਆ ਹੈ, ਪ੍ਰਭੂ ਸਾਰੇ ਕਾਰਨਾਂ ਦੇ ਕਰਨ ਵਾਲਾ ਹੈ। ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮੇਰੇ ਪ੍ਰਭੂ! ਸਭ ਕੁਛ ਤੇਰਾ ਹੈ, ਤੂੰ ਪ੍ਰਭੂ ਮੇਰਾ ਮਾਲਕ ਹੈਂ। ਹੇ ਸੁੱਖਾਂ ਦੇ ਸਮੁੰਦਰ ਪਿਆਰੇ ਪ੍ਰਭੂ! ਮੈਂ ਗੁਣ ਹੀਣ ਹਾਂ, ਮੇਰਾ ਮਨ ਸੰਤਾਂ ਦੀ ਸੰਗਤ ਕਰਕੇ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗ ਪਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਮੇਰੇ ਉਤੇ) ਪ੍ਰਭੂ ਨੇ ਕਿਰਪਾ ਕੀਤੀ ਹੈ, ਜੋ ਮੇਰਾ ਮਨ (ਪ੍ਰਭੂ ਦੇ) ਚਰਨ ਕਮਲਾਂ ਵਿਚ ਲਗ ਗਿਆ ਹੈ। ੪। ੩। ੬।

ਪਦਾਰਥ = ਕਰੋੜਿ ਹਸਤ–ਕ੍ਰੋੜਾਂ ਹੱਥ। ਟਹਲ–ਸੇਵਾ। ਕਮਾਵਹਿ–ਕਮਾ (ਕਰ) ਸਕਾਂ। ਚਰਣ ਚਲਹਿ–ਪੈਰ ਚੱਲਣ। ਮਾਰਗਿ–ਰਸਤੇ ਉਤੇ। ਭਵ ਸਾਗਰ–ਸੰਸਾਰ ਸਮੁੰਦਰ। ਨਾਵ–ਬੇੜੀ। ਚੜੈ–ਚੜ੍ਹਦਾ (ਸਵਾਰ ਹੁੰਦਾ) ਹੈ। ਤਿਸੁ–ਉਸ ਨੂੰ। ਤਾਰਗਿ–ਤਾਰ ਦੇਂਦਾ ਹੈ। ਭਵ ਜਲੁ–ਸੰਸਾਰ ਸਮੁੰਦਰ। ਸਗਲ–ਸਾਰੇ। ਮਨੋਰਥ–ਮਨ ਦੀ ਇੱਛਾ। ਉਪਜੇ–ਪੈਦਾ ਹੋ ਗਏ। ਬਾਜੇ–ਵੱਜ ਪਏ। ਅਨਹਦ–ਲਗਾਤਾਰ; ਇਕ ਰਸ। ਤੂਰੇ–ਤੁਰਮ (ਰਣ ਸਿੰਗੇ)। ਮਨ ਬਾਂਛਤ–ਮਨ ਮੰਗੇ। ਕੀਮ–ਕੀਮਤ। ਅਪਾਰਗਿ–ਅਪਾਰ (ਬੇਅੰਤ)। ਪ੍ਰਭ–ਹੇ ਪ੍ਰਭੂ!। ਕੀਜੈ–ਕਰ। ੩। ਏਹੋ–ਇਹ ਹੀ। ਵਰੁ–ਅਸੀਸ। ਹੋਇ ਵਡਭਾਗਾ–ਵੱਡੇ ਭਾਗਾਂ ਵਾਲਾ ਹੋਣਾ। ਰੰਗੁ–ਅਨੰਦ। ਰਸ ਭੋਗਾ–ਰਸਾਂ ਦੇ ਭੋਗ। ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਜਗਤ ਦਾ ਮੂਲ ਕਾਰਣ। ਗੋਪਾਲਾ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ। ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!। ਮੋਹਿ–ਮੈਂ। ਨਿਰਗੁਣ–ਗੁਣ ਹੀਣ। ਸੁਖ ਸਾਗਰ–ਹੇ ਸੁਖਾਂ ਦੇ ਸਮੁੰਦਰ!। ਸੰਤ ਸੰਗਿ–ਸੰਤਾਂ ਦੀ ਸੰਗਤ ਵਿਚ। ਜਾਗਾ–ਜਾਗ ਪਿਆ। ਕੀਨੀ–ਕੀਤੀ। ੪। ੩। ੬।

ਉਥਾਨਕਾ = ਇਹ ਛੰਤ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਬਾਬਤ ਰਚੇ ਗਏ ਹਨ। ਅੱਗੇ ਜਾ ਕੇ ਕਈ ਛੰਤ ਇਸ ਮੰਦਰ ਦੇ ਨਾਲ ਲਗਦੇ ਤਲਾ ਅਤੇ ਸ਼ਹਿਰ ਬਾਬਤ ਹਨ। ਕਈ ਸੱਜਣ ਇਨ੍ਹਾਂ ਸ਼ਬਦਾਂ ਨੂੰ ਸਥਾਨਕ ਭਾਵ ਵਾਲੇ ਹੋ ਜਾਣ ਤੋਂ ਬਚਾਉਣ ਲਈ ਮੰਦਰ ਦਾ ਅਰਥ ਸਰੀਰ, ਤਾਲ ਦਾ ਅਰਥ ਹਿਰਦਾ ਆਦਿ ਕਰਦੇ ਹਨ। ਇਹ ਠੀਕ ਨਹੀਂ {ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ੬੪੭} ਅਨੁਸਾਰ ਗੁਰੂ ਜੀ ਭਾਵੇਂ ਗੱਲ ਹਰਿਮੰਦਰ ਸਾਹਿਬ ਜਾਂ ਨਾਲ ਲਗਦੇ ਤਾਲ ਦੀ ਪੂਰਨਤਾ ਦੀ ਖੁਸ਼ੀ ਤੇ ਧੰਨਵਾਦ ਵਿਚ ਕਰ ਰਹੇ ਹਨ। ਪਰ ਸਿੱਖਿਆ ਸਦੀਵੀ ਅੰਗ ਰਖਦੀ ਹੈ, ਜਿਵੇਂ ਬਾਬਰ ਬਾਣੀ ਜਾਂ ਸੁਲਹੀ ਖਾਨ ਵਾਲੇ ਸ਼ਬਦਾਂ ਦੀ ਸਿੱਖਿਆ ਹੈ। ਇਸੇ ਸਿੱਖਿਆ ਵਿਚੋਂ ਪੈਦਾ ਹੋਏ ਉਤਸ਼ਾਹ ਨਾਲ ਸਿੱਖ ਅਪਣੇ ਘਰਾਂ ਨੂੰ ਸਤ ਸੰਗ ਜੋੜਨ ਤੇ ਲੰਗਰ ਚਲਾਣ ਲਈ ਵਰਤਦੇ ਆਏ ਹਨ। ਇਸੇ ਉਤਸ਼ਾਹ ਨਾਲ ਅਪਣੇ ਪਿੰਡਾਂ ਵਿਚ ਤਾਲ ਲਵਾਂਦੇ ਤੇ ਗੁਰਦੁਆਰੇ ਬਣਾਂਦੇ ਹਨ (ਸ਼ਬਦਾਰਥ)।

ਸੂਹੀ ਮਹਲਾ ੫ ॥ ਹਰਿ ਜਪੇ ਹਰਿ ਮੰਦਰੁ ਸਾਜਿਆ, ਸੰਤ ਭਗਤ ਗੁਣ ਗਾਵਹਿ ਰਾਮ ॥ ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ, ਸਗਲੇ ਪਾਪ ਤਜਾਵਹਿ ਰਾਮ ॥ ਹਰਿ ਗੁਣ ਗਾਇ ਪਰਮ ਪਦੁ ਪਾਇਆ, ਪ੍ਰਭ ਕੀ ਊਤਮ ਬਾਣੀ ॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ, ਕਥੀ ਅਕਥ ਕਹਾਣੀ ॥ ਭਲਾ ਸੰਜੋਗੁ ਮੂਰਤੁ ਪਲੁ ਸਾਚਾ, ਅਬਿਚਲ ਨੀਵ ਰਖਾਈ ॥ ਜਨ ਨਾਨਕ ਪ੍ਰਭ ਭਏ ਦਇਆਲਾ, ਸਰਬ ਕਲਾ ਬਣਿ ਆਈ ॥੧॥ ਆਨੰਦਾ ਵਜਹਿ ਨਿਤ ਵਾਜੇ, ਪਾਰਬ੍ਰਹਮੁ ਮਨਿ ਵੂਠਾ ਰਾਮ ॥ ਗੁਰਮੁਖੇ ਸਚੁ ਕਰਣੀ ਸਾਰੀ, ਬਿਨਸੇ ਭ੍ਰਮ ਭੈ ਝੂਠਾ ਰਾਮ ॥ ਅਨਹਦ ਬਾਣੀ ਗੁਰਮੁਖਿ ਵਖਾਣੀ, ਜਸੁ ਸੁਣਿ ਸੁਣਿ ਮਨੁ ਤਨੁ ਹਰਿਆ ॥ ਸਰਬ ਸੁਖਾ ਤਿਸ ਹੀ ਬਣਿ

ਆਏ, ਜੋ ਪ੍ਰਭਿ ਅਪਨਾ ਕਰਿਆ ॥ ਘਰ ਮਹਿ ਨਵ ਨਿਧਿ ਭਰੇ ਭੰਡਾਰਾ, ਰਾਮ ਨਾਮਿ ਰੰਗੁ ਲਾਗਾ ॥ ਨਾਨਕ ਜਨ ਪ੍ਰਭੁ ਕਦੇ ਨ ਵਿਸਰੈ, ਪੂਰਨ ਜਾ ਕੇ ਭਾਗਾ ॥੨॥ ਹੇ ਭਾਈ! ਹਰੀ ਦਾ ਨਾਮ ਜਪਣ ਲਈ ਇਹ ਹਰਿਮੰਦਰ ਬਣਾਇਆ ਗਿਆ ਹੈ, (ਜਿਸ ਵਿਚ) ਸੰਤ ਤੇ ਭਗਤ ਹਰੀ ਦੇ ਗੁਣ ਗਾਉਂਦੇ ਹਨ।(ਹਰਿਮੰਦਰ ਸਾਹਿਬ ਵਿਚ ਉਹ) ਅਪਣੇ ਮਾਲਕ ਪ੍ਰਭੂ ਨੂੰ ਸਿਮਰ ਸਿਮਰ ਕੇ ਸਾਰੇ ਪਾਪ ਦੂਰ ਕਰਾ ਲੈਂਦੇ ਹਨ।(ਉਨ੍ਹਾਂ ਨੇ) ਪ੍ਰਭੂ ਦੀ ਉਤਮ ਬਾਣੀ ਦੁਆਰਾ ਹਰੀ ਦੇ ਗੁਣ ਗਾ ਕੇ ਪਰਮ ਪਦ ਪਾਇਆ ਹੈ।ਸਹਿਜ ਅਵਸਥਾ ਪ੍ਰਾਪਤ ਕਰਾਉਣ ਵਾਲੀ ਪ੍ਰਭੂ ਦੀ ਸਿਫਤ ਸਲਾਹ ਦੀ ਕਥਾ ਬਹੁਤ ਮਿੱਠੀ ਹੈ, (ਇਹ) ਅਕੱਥ ਕਥਾ (ਹਰਿਮੰਦਰ ਸਾਹਿਬ ਵਿਚ) ਬਿਆਨ ਕੀਤੀ ਜਾਂਦੀ ਹੈ।ਉਹ ਮੌਕਾ ਤੇ ਸਮਾਂ ਚੰਗਾ ਸੀ, ਪਲ ਵੀ ਸੱਚਾ ਸੀ, (ਜਦੋਂ ਪ੍ਰਭੂ ਨੇ ਹਰਿਮੰਦਰ ਸਾਹਿਬ ਦੀ) ਸਦਾ ਕਾਇਮ ਰਹਿਣ ਵਾਲੀ ਨੀਂਹ ਰਖਵਾਈ।ਦਾਸ ਨਾਨਕ ਆਖਦਾ ਹੈ ਕਿ ਜਦੋਂ ਪ੍ਰਭੂ ਜੀ ਦਿਆਲ ਹੋਏ, ਤਾਂ (ਹਰਿਮੰਦਰ ਸਾਹਿਬ ਦੀ ਰਚਨਾ ਵਾਸਤੇ) ਸਾਰੀਆਂ ਸ਼ਕਤੀਆਂ ਬਣ ਆਈਆਂ ਹਨ।੧।ਹੇ ਭਾਈ! (ਜਿਸ ਮਨੁੱਖ ਦੇ) ਮਨ ਵਿਚ ਪਾਰਬ੍ਰਹਮ ਵਸਿਆ ਹੈ, (ਉਸ ਦੇ ਹਿਰਦੇ ਅੰਦਰ) ਹਰ ਰੋਜ ਅਨੰਦ ਦੇਣ ਵਾਲੇ ਵਾਜੇ ਵਜਦੇ ਰਹਿੰਦੇ ਹਨ।(ਕਿਉਂਕਿ ਉਸ ਨੇ) ਗੁਰੂ ਦੁਆਰਾ ਸੱਚੀ ਕਰਣੀ (ਸੇਵਾ) ਸੰਭਾਲੀ ਹੈ; ਗੁਰਮੁਖ ਦੀ ਕਰਣੀ ਸੱਚੀ ਤੇ ਸ੍ਰੇਸ਼ਟ ਹੈ, (ਜਿਸ ਕਰਕੇ ਉਸ ਦੇ) ਭਰਮ, ਭੈ ਅਤੇ ਝੂਠ ਨਾਸ਼ ਹੋ ਗਏ ਹਨ। ਗੁਰੂ ਨੇ ਇਕ ਰਸ ਬਾਣੀ ਉਚਾਰੀ ਹੈ, (ਇਸ ਬਾਣੀ ਦੁਆਰਾ) ਪ੍ਰਭੂ ਦਾ ਜਸ ਸੁਣ ਸੁਣ ਕੇ (ਗੁਰਮੁਖਾਂ ਦਾ) ਮਨ ਤੇ ਸਰੀਰ ਹਰਾ ਭਰਾ ਹੋ ਗਿਆ ਹੈ।(ਹੇ ਭਾਈ!) ਸਾਰੇ ਸੁਖ ਉਸ ਮਨੁੱਖ ਨੂੰ ਹੀ ਬਣ ਆਏ ਹਨ, ਜਿਸ ਨੂੰ ਪ੍ਰਭੂ ਨੇ ਅਪਣਾ ਦਾਸ ਬਣਾਇਆ ਹੈ। (ਉਸ ਮਨੁੱਖ ਦੇ) ਹਿਰਦੇ ਘਰ ਵਿਚ ਨਉ ਨਿਧੀਆਂ ਦੇ ਭੰਡਾਰ ਭਰੇ ਪਏ ਹਨ, (ਜਿਸ ਦਾ) ਪ੍ਰਭੂ ਦੇ ਨਾਮ ਵਿਚ ਪ੍ਰੇਮ ਲਗ ਗਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ) ਮਨੁੱਖ ਨੂੰ ਪ੍ਰਭੂ ਕਦੇ ਨਹੀਂ ਭੁਲਦਾ, ਜਿਸ ਦੇ ਪੂਰਨ ਭਾਗ ਹਨ।੨।

ਹਰਿ ਮੰਦਰੁ = ਹੇ ਭਾਈ! (ਇਹ ਮਨੁੱਖਾ ਸਰੀਰ ਰੂਪ) ਮੰਦਰ ਹਰੀ ਨੇ ਨਾਮ ਜਪਣ ਲਈ ਸਾਜਿਆ ਹੈ, (ਇਹ ਸਰੀਰ ਪਾ ਕੇ) ਸੰਤ ਭਗਤ ਹਰੀ ਦੇ ਗੁਣ ਗਾਉਂਦੇ ਹਨ।ਭਲਾ ਸੰਜੋਗੁ = ਉਹ ਮੌਕਾ ਭਲਾ ਹੈ, ਮੁਹੂਰਤ ਤੇ ਪਲ ਸੱਚਾ ਹੈ, (ਜਦੋਂ ਸੰਤਾਂ ਭਗਤਾਂ ਦੇ ਹਿਰਦੇ ਵਿਚ ਹਰੀ ਨੇ ਭਗਤੀ ਦੀ) ਅਬਿਚਲ ਨੀਂਹ ਰਖੀ ਹੈ।

ਪਦਾਰਥ = ਹਰਿ ਜਪੇ-ਹਰੀ ਦਾ ਨਾਮ ਜਪਣ ਵਾਸਤੇ।ਹਰਿਮੰਦਰੁ-ਹਰੀ ਦਾ ਮੰਦਰ; ਜਗਤ; ਸਤ ਸੰਗਤ; ਮਨੁੱਖਾ ਸਰੀਰ। ਸਾਜਿਆ-ਬਣਾਇਆ ਹੈ।ਗਾਵਹਿ-ਗਾਉਂਦੇ ਹਨ।ਰਾਮ-ਹੇ ਭਾਈ! (ਵਾਸਤੇ ਰਾਮ ਸ਼ਬਦ ਵਰਤਿਆ ਹੈ)।ਸਿਮਰਿ-ਸਿਮਰ ਕੇ। ਸਗਲੇ-ਸਾਰੇ।ਤਜਾਵਹਿ-ਦੂਰ ਕਰਾ ਲੈਂਦੇ ਹਨ।ਗਾਇ-ਗਾ ਕੇ।ਪਰਮ ਪਦੁ-ਸਭ ਤੋਂ ਉਚੀ ਆਤਮਕ ਪਦਵੀ।ਸਹਜ ਕਥਾ-ਸਹਿਜ ਅਵਸਥਾ ਪ੍ਰਾਪਤ ਕਰਾਉਣ ਵਾਲੀ ਕਥਾ।ਅਤਿ-ਬਹੁਤ।ਅਕਥ ਕਹਾਣੀ-ਬਿਆਨ ਨਾ ਹੋ ਸਕਣ ਵਾਲੇ ਪ੍ਰਭੂ ਦੀ ਸਿਫਤ ਸਲਾਹ। ਭਲਾ ਸੰਜੋਗ-ਚੰਗਾ ਮੌਕਾ (ਜੋਤਿਸ਼ ਅਨੁਸਾਰ ਗ੍ਰਹਿ ਰਾਸ਼ੀ ਆਦਿ ਦਾ ਮੇਲ)।ਮੂਰਤੁ-ਮਹੂਰਤ (ਦੋ ਘੜੀਆਂ ਦਾ ਸਮਾਂ)।ਪਲੁ-੨੪ ਸੈਕਿੰਡ ਦਾ ਸਮਾਂ।ਅਬਿਚਲ-ਸਦਾ ਕਾਇਮ ਰਹਿਣ ਵਾਲੀ; ਅਹਿੱਲ।ਨੀਵ-ਨੀਂਹ।ਜਨ-ਦਾਸ।ਭਏ-ਹੋਏ।ਸਰਬ ਕਲਾ-ਸਾਰੀਆਂ ਸ਼ਕਤੀਆਂ।੧।ਆਨੰਦਾ-ਅਨੰਦ ਦੇਣ ਵਾਲੇ।ਵਜਹਿ-ਵਜਦੇ ਹਨ।ਨਿਤ-ਹਰ ਰੋਜ।ਮਨਿ-ਮਨ ਵਿਚ।ਵੂਠਾ-ਵਸਿਆ ਹੈ।ਗੁਰਮੁਖੇ -ਗੁਰੂ ਦੁਆਰਾ।ਕਰਣੀ-ਸੇਵਾ ਰੂਪ ਕਰਮ।ਸਾਰੀ-ਸੰਭਾਲੀ ਹੈ।ਬਿਨਸੇ-ਨਾਸ਼ ਹੋ ਗਏ।ਭੈ-ਡਰ।ਅਨਹਦ-ਇਕ ਰਸ; ਲਗਾਤਾਰ ।ਵਖਾਣੀ-ਉਚਾਰਦਾ ਹੈ।ਤਨੁ-ਸਰੀਰ।ਹਰਿਆ-ਹਰਾ ਭਰਾ।ਸਰਬ-ਸਾਰੇ।ਤਿਸ ਹੀ-ਉਸ ਨੂੰ ਹੀ।ਪ੍ਰਭਿ-ਪ੍ਰਭੂ ਨੇ।ਕਰਿਆ-ਬਣਾਇਆ ਹੈ।ਘਰ ਮਹਿ-ਹਿਰਦੇ ਘਰ ਵਿਚ।ਨਵਨਿਧਿ-ਨੌਂ (ਦੁਨੀਆਂ ਦੇ ਸਾਰੇ) ਖਜਾਨੇ।ਨਾਮਿ-ਨਾਮ ਵਿਚ।ਰੰਗੁ-ਪ੍ਰੇਮ।ਜਨ-ਮਨੁੱਖ; ਦਾਸ।ਨ ਵਿਸਰੈ-ਨਹੀਂ ਭੁਲਦਾ।ਜਾ ਕੇ-ਜਿਸ ਦੇ-ਭਾਗਾ-ਭਾਗ (ਕਿਸਮਤ)।੨।

ਛਾਇਆ ਪ੍ਰਭਿ ਛਤ੍ਰਪਤਿ ਕੀਨ੍ਹੀ, ਸਗਲੀ ਤਪਤਿ ਬਿਨਾਸੀ ਰਾਮ ॥ ਦੂਖ ਪਾਪ ਕਾ ਡੇਰਾ ਢਾਠਾ, ਕਾਰਜੁ ਆਇਆ ਰਾਸੀ ਰਾਮ ॥ ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ, ਸਾਚੁ ਧਰਮੁ ਪੁੰਨੁ ਫਲਿਆ ॥ ਸੋ ਪ੍ਰਭੁ ਅਪੁਨਾ ਸਦਾ ਧਿਆਈਐ, ਸੋਵਤ ਬੈਸਤ ਖਲਿਆ ॥ ਹੇ ਭਾਈ! ਛਤ੍ਰਪਤੀ ਪ੍ਰਭੂ ਪਾਤਸ਼ਾਹ ਨੇ (ਹਰਿਮੰਦਰ ਸਾਹਿਬ ਦੀ ਰਚਨਾ ਕਰਕੇ ਜਗਤ ਉਤੇ ਸ਼ਾਂਤੀ ਰੂਪ) ਛਾਂ ਕਰ ਦਿਤੀ ਹੈ, (ਜਿਸ ਨਾਲ ਜਗਤ ਦੀ) ਸਾਰੀ ਤਪਸ਼ ਨਾਸ਼ ਹੋ ਗਈ ਹੈ।ਹੇ ਭਾਈ! ਦੁੱਖਾਂ ਪਾਪਾਂ ਦਾ ਡੇਰਾ ਢਹਿ ਗਿਆ ਹੈ ਅਤੇ (ਹਰਿ ਮੰਦਰ ਸਾਹਿਬ ਰਚਣ ਦਾ) ਕਾਰਜ ਰਾਸ ਆਇਆ ਹੈ।(ਜਦੋਂ) ਹਰੀ ਪ੍ਰਭੂ ਨੇ ਫੁਰਮਾਨ ਕੀਤਾ ਤਾਂ (ਮਨੁੱਖ ਨੂੰ ਦੁਖੀ ਕਰਨ ਵਾਲੀਆਂ ਸਾਰੀਆਂ) ਆਫਤਾਂ ਮਿਟ ਗਈਆਂ ਹਨ ਅਤੇ ਸੱਚ ਰੂਪ ਧਰਮ ਤੇ ਪੁੰਨ ਕਰਮ ਫਲਣ (ਫਲ ਦੇਣ) ਲਗ ਪਏ ਹਨ।(ਹੇ ਭਾਈ!) ਸੁੱਤਿਆਂ, ਬੈਠਿਆਂ ਤੇ ਖਲੋਤਿਆਂ ਸਦਾ ਅਪਣੇ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ।

ਅੰਗ ੭੮੨ = ਗੁਣ ਨਿਧਾਨ ਸੁਖ ਸਾਗਰ ਸੁਆਮੀ, ਜਲਿ ਥਲਿ ਮਹੀਅਲਿ ਸੋਈ ॥ ਜਨ ਨਾਨਕ ਪ੍ਰਭ ਕੀ ਸਰਣਾਈ, ਤਿਸੁ ਬਿਨੁ ਅਵਰੁ ਨ ਕੋਈ ॥੩॥ ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ, ਪ੍ਰਭ ਪਰਸੇ ਹਰਿ ਰਾਇਆ ਰਾਮ ॥ ਮੇਰਾ ਮਨੁ ਸੋਹਿਆ ਮੀਤ ਸਾਜਨ ਸਰਸੇ, ਗੁਣ ਮੰਗਲ ਹਰਿ ਗਾਇਆ ਰਾਮ ॥ ਗੁਣ ਗਾਇ ਪ੍ਰਭੂ ਧਿਆਇ ਸਾਚਾ, ਸਗਲ ਇਛਾ ਪਾਈਆ ॥ ਗੁਰ ਚਰਣ ਲਾਗੇ ਸਦਾ ਜਾਗੇ, ਮਨਿ ਵਜੀਆ ਵਾਧਾਈਆ ॥ ਕਰੀ ਨਦਰਿ ਸੁਆਮੀ ਸੁਖਹਗਾਮੀ, ਹਲਤੁ ਪਲਤੁ ਸਵਾਰਿਆ ॥ ਬਿਨਵੰਤਿ ਨਾਨਕ ਨਿਤ ਨਾਮੁ ਜਪੀਐ, ਜੀਉ ਪਿੰਡੁ ਜਿਨਿ ਧਾਰਿਆ ॥੪॥੪॥੭॥ (ਹੇ ਭਾਈ!) ਗੁਣਾਂ ਦਾ ਖਜਾਨਾ, ਸੁੱਖਾਂ ਦਾ ਸਾਗਰ ਮਾਲਕ ਪ੍ਰਭੂ ਪਾਣੀ ਵਿਚ, ਸੁੱਕੀ ਧਰਤੀ ਵਿਚ, ਧਰਤੀ ਅਤੇ ਅਕਾਸ਼ ਵਿਚ ਉਹ ਹੀ (ਵਿਆਪਕ) ਹੈ। ਦਾਸ ਨਾਨਕ ਪ੍ਰਭੂ ਦੀ ਸ਼ਰਣ ਵਿਚ ਹੈ, (ਕਿਉਂਕਿ) ਉਸ ਤੋਂ ਬਿਨਾ ਹੋਰ ਕੋਈ (ਰੱਖਿਆ ਕਰਨ ਵਾਲਾ) ਨਹੀਂ ਹੈ।੩। ਹੇ ਭਾਈ! (ਜਦੋਂ ਮੈਂ) ਪ੍ਰਭੂ ਪਾਤਸ਼ਾਹ ਦੇ ਚਰਨ ਪਰਸੇ, ਤਾਂ ਮੇਰਾ ਘਰ (ਗੁਰੂ ਕੇ ਮਹਿਲ) ਬਣ ਗਿਆ, ਬਾਗ ਤੇ ਸਰੋਵਰ ਬਣ ਗਿਆ ਹੈ; ਮੇਰਾ ਸਰੀਰ ਘਰ ਸੋਹਣਾ ਬਣ ਗਿਆ, ਸ਼ੁੱਭ ਗੁਣਾਂ ਰੂਪ ਬਾਗ ਸਜ ਗਿਆ ਹੈ ਅਤੇ ਹਿਰਦਾ ਰੂਪ ਤਾਲ ਸੋਹਣਾ ਬਣ ਗਿਆ ਹੈ। ਹੇ ਭਾਈ! (ਜਦੋਂ) ਮੈਂ ਹਰੀ ਦੇ ਮੰਗਲ ਮਈ ਗੁਣਾਂ ਨੂੰ ਗਾਇਆ, ਤਾਂ ਮੇਰਾ ਮਨ ਸੋਹਣਾ ਹੋ ਗਿਆ ਅਤੇ ਮੇਰੇ (ਗਿਆਨ ਇੰਦ੍ਰੇ ਰੂਪ) ਮਿਤ੍ਰ ਸੱਜਨ ਵੀ ਰਸ ਵਾਲੇ ਹੋ ਗਏ ਹਨ। ਪ੍ਰਭੂ ਦੇ ਗੁਣ ਗਾ ਕੇ ਤੇ ਸੱਚੇ ਪ੍ਰਭੂ ਨੂੰ ਧਿਆ ਕੇ ਸਾਰੀਆਂ ਇੱਛਾਵਾਂ ਪ੍ਰਾਪਤ ਕਰ ਲਈਆਂ ਹਨ। ਗੁਰੂ ਦੇ ਚਰਨਾਂ ਨਾਲ ਲਗ ਕੇ (ਮੋਹ ਮਾਇਆ ਦੀ ਨੀਂਦ ਵਿਚੋਂ ਗਿਆਨ ਅਵਸਥਾ ਵਿਚ) ਸਦਾ ਲਈ ਜਾਗ ਪਏ ਹਾਂ, ਮਨ ਵਿਚ ਵਧਾਈਆਂ ਦੇ ਵਾਜੇ ਵਜਣ ਲਗ ਪਏ (ਖੁਸ਼ੀਆਂ ਪ੍ਰਗਟ ਹੋ ਗਈਆਂ) ਹਨ। (ਹੇ ਭਾਈ! ਜਦੋਂ) ਸੁੱਖਾਂ ਵਿਚ ਪਹੁਚਾਉਣ ਵਾਲੇ ਮਾਲਕ ਪ੍ਰਭੂ ਨੇ ਮੇਹਰ ਦੀ ਨਜਰ ਕੀਤੀ ਤਾਂ (ਉਸ ਦੀ ਨਜਰ ਨੇ ਮੇਰਾ) ਲੋਕ ਪ੍ਰਲੋਕ ਸਵਾਰ ਦਿਤਾ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਪ੍ਰਭੂ ਨੂੰ ਹਰ ਰੋਜ ਜਪਣਾ ਚਾਹੀਦਾ ਹੈ, ਜਿਸ ਨੇ ਮਨ ਤੇ ਸਰੀਰ ਨੂੰ (ਅਪਣੀ ਸੱਤਾ ਦੇ) ਆਸਰੇ ਸਹਿਤ ਰੱਖਿਆ ਹੋਇਆ ਹੈ।੪।੪।੭।

ਪਦਾਰਥ = ਛਾਇਆ–ਛਾਂ। ਪ੍ਰਭਿ–ਪ੍ਰਭੂ ਨੇ। ਛਤ੍ਰਪਤਿ–ਚਤ੍ਰਵਰਤੀ ਪਾਤਸ਼ਾਹ। ਕੀਨ੍ਹੀ–ਕੀਤੀ। ਸਗਲੀ–ਸਾਰੀ। ਤਪਤਿ–ਤਪਸ਼। ਬਿਨਾਸੀ–ਨਾਸ਼ ਹੋ ਗਈ। ਰਾਮ–ਹੇ ਭਾਈ!। ਡੇਰਾ–ਅੱਡਾ; ਟਿਕਾਣਾ। ਢਾਠਾ–ਢਹਿ ਗਿਆ। ਰਾਸੀ–ਠੀਕ; ਸਫਲ। ਬਲਾਇਆ–ਬਲਾ; ਬਿਪਤਾ। ਫਲਿਆ–ਵਧਣ ਫੁਲਣ ਲਗ ਪਿਆ। ਸੋ ਪ੍ਰਭੁ–ਉਸ ਪ੍ਰਭੂ ਨੂੰ। ਸੋਵਤ–ਸੁੱਤਿਆਂ। ਬੈਸਤ–ਬੈਠਿਆਂ। ਖਲਿਆ–ਖੜੇ ਹੋਇਆਂ। ਗੁਣ ਨਿਧਾਨ–ਗੁਣਾਂ ਦਾ ਖਜਾਨਾ। ਸੁਆਮੀ–ਮਾਲਕ ਪ੍ਰਭੂ। ਜਲਿ–ਪਾਣੀ ਵਿਚ। ਥਲਿ–ਸੁੱਕੀ ਧਰਤੀ ਵਿਚ। ਮਹੀਅਲਿ–ਧਰਤੀ ਤੇ ਅਕਾਸ ਵਿਚਾਲੇ। ਸੋਈ–ਉਹ ਹੀ। ਅਵਰੁ–ਹੋਰ।੩। ਘਰੁ–ਸਤਸੰਗਤ; ਹਰਿਮੰਦਰ ਸਾਹਿਬ; ਸਰੀਰ। ਬਨਿਆ–ਬਣ ਗਿਆ; ਸਜ ਗਿਆ; ਫਬ ਗਿਆ। ਬਨ–(ਗੁਰੂ ਦਾ; ਸ਼ੁੱਭ ਗੁਣਾਂ ਦਾ) ਬਾਗ। ਤਾਲੁ–ਸਰੋਵਰ; ਨਾਮ ਜਲ ਨਾਲ ਭਰਿਆ ਹਿਰਦਾ ਰੂਪ ਤਲਾਬ। ਪ੍ਰਭ ਪਰਸੇ–ਪ੍ਰਭੂ ਦੇ ਚਰਨ ਛੋਹੇ। ਹਰਿ ਰਾਇਆ–ਪ੍ਰਭੂ ਪਾਤਸ਼ਾਹ। ਸੋਹਿਆ–ਸੋਹਣਾ ਹੋ ਗਿਆ। ਮੀਤ ਸਾਜਨ–ਮਿਤ੍ਰ ਸੱਜਨ (ਗਿਆਨ ਇੰਦ੍ਰੇ)। ਸਰਸੇ–ਪ੍ਰਸੰਨ; ਰਸ ਵਾਲੇ ਹੋ ਗਏ। ਸਗਲ–ਸਾਰੀਆਂ। ਗਾਇ–ਗਾ ਕੇ। ਜਾਗੇ–ਮੋਹ ਮਾਇਆ ਦੀ ਨੀਂਦ ਵਿਚੋਂ ਜਾਗ ਪਏ। ਮਨਿ–ਮਨ ਵਿਚ। ਵਜੀਆ ਵਾਧਾਈਆ–ਖੁਸ਼ੀਆਂ ਦੇ ਵਾਜੇ ਵੱਜੇ। ਕਰੀ ਨਦਰਿ–ਮੇਹਰ ਦੀ ਨਜਰ ਕੀਤੀ। ਸੁਖਹ ਗਾਮੀ–ਸੁਖ ਵਿਚ ਪਹੁੰਚਾਉਣ ਵਾਲਾ। ਹਲਤ–ਮਾਤ ਲੋਕ। ਪਲਤ–ਪ੍ਰਲੋਕ। ਬਿਨਵੰਤਿ–ਬੇਨਤੀ ਕਰਦਾ ਹੈ। ਨਿਤ–ਹਰ ਰੋਜ। ਜੀਉ–ਮਨ। ਪਿੰਡੁ–ਸਰੀਰ। ਜਿਨਿ–ਜਿਸ ਨੇ। ਧਾਰਿਆ–ਆਸਰੇ ਸਹਿਤ ਰਖਿਆ ਹੈ; ਬਣਾਇਆ ਹੈ।੪।੪।੭।

ਸੂਹੀ ਮਹਲਾ ੫ ॥ ਭੈ ਸਾਗਰੋ ਭੈ ਸਾਗਰੁ ਤਰਿਆ, ਹਰਿ ਹਰਿ ਨਾਮੁ ਧਿਆਏ ਰਾਮ ॥ ਬੋਹਿਥੜਾ ਹਰਿ ਚਰਣ ਅਰਾਧੇ, ਮਿਲਿ ਸਤਿਗੁਰ ਪਾਰਿ ਲਘਾਏ ਰਾਮ ॥ ਗੁਰ ਸਬਦੀ ਤਰੀਐ ਬਹੁੜਿ ਨ ਮਰੀਐ, ਚੂਕੈ ਆਵਣ ਜਾਣਾ ॥ ਜੋ ਕਿਛੁ ਕਰੈ ਸੋਈ ਭਲ ਮਾਨਉ ,ਤਾ ਮਨੁ ਸਹਜਿ ਸਮਾਣਾ ॥ ਦੂਖ ਨ ਭੂਖ ਨ ਰੋਗ ਨ ਬਿਆਪੈ, ਸੁਖ ਸਾਗਰ ਸਰਣੀ ਪਾਏ ॥ ਹਰਿ ਸਿਮਰਿ ਸਿਮਰਿ ਨਾਨਕ ਰੰਗਿ ਰਾਤਾ, ਮਨ ਕੀ ਚਿੰਤ ਮਿਟਾਏ ॥੧॥ ਸੰਤ ਜਨਾ ਹਰਿ ਮੰਤ੍ਰੁ ਦ੍ਰਿੜਾਇਆ, ਹਰਿ ਸਾਜਨ ਵਸਗਤਿ ਕੀਨੇ ਰਾਮ ॥ ਆਪਨੜਾ ਮਨੁ ਆਗੈ ਧਰਿਆ, ਸਰਬਸੁ ਠਾਕੁਰਿ ਦੀਨੇ ਰਾਮ ॥ ਕਰਿ ਅਪੁਨੀ ਦਾਸੀ ਮਿਟੀ ਉਦਾਸੀ, ਹਰਿ ਮੰਦਰਿ ਥਿਤਿ ਪਾਈ ॥ ਅਨਦ ਬਿਨੋਦ ਸਿਮਰਹੁ ਪ੍ਰਭੁ ਸਾਚਾ, ਵਿਛੁੜਿ ਕਬਹੂ ਨ ਜਾਈ ॥ ਸਾ ਵਡਭਾਗਣਿ ਸਦਾ ਸੁਹਾਗਣਿ, ਰਾਮ ਨਾਮ ਗੁਣ ਚੀਨ੍ਹੇ ॥ ਕਹੁ ਨਾਨਕ ਰਵਹਿ ਰੰਗਿ ਰਾਤੇ, ਪ੍ਰੇਮ ਮਹਾ ਰਸਿ ਭੀਨੇ ॥੨॥ ਹੇ ਭਾਈ! (ਜਿਵੇਂ ਪ੍ਰਤੱਖ) ਭੈ ਦਾਇਕ ਸਮੁੰਦਰ ਹੈ, (ਤਿਵੇਂ) ਸੰਸਾਰ ਸਮੁੰਦਰ ਹੈ (ਇਸ ਤੋਂ ਤਦ) ਤਰਿਆ ਜਾ ਸਕਦਾ ਹੈ, (ਜੇ ਕੋਈ ਮਨੁੱਖ) ਹਰਿ ਹਰਿ ਨਾਮ ਨੂੰ ਧਿਆਵੇ। ਹੇ ਭਾਈ! ਹਰੀ ਦੇ ਚਰਨ ਜਹਾਜ ਰੂਪ ਹਨ, ਸਤਿਗੁਰੂ ਨੂੰ ਮਿਲ ਕੇ (ਜਿਹੜਾ ਮਨੁੱਖ ਪ੍ਰਭੂ ਨੂੰ) ਸਿਮਰਦਾ ਹੈ, (ਉਸ ਨੂੰ ਸਤਿਗੁਰੂ ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ।

(ਹੇ ਭਾਈ!) ਗੁਰੂ ਦੇ ਸ਼ਬਦ ਦੁਆਰਾ (ਸੰਸਾਰ ਸਮੁੰਦਰ ਨੂੰ) ਤਰ ਜਾਈਦਾ ਹੈ, ਫਿਰ ਮੁੜ ਕੇ ਮਰੀਦਾ ਨਹੀਂ ਅਤੇ ਆਉਣ ਜਾਣਾ (ਜੰਮਣਾ ਮਰਣਾ) ਮੁੱਕ ਜਾਂਦਾ ਹੈ। ਜੋ ਕੁਛ ਪ੍ਰਭੂ ਕਰਦਾ ਹੈ, ਉਹ ਭਲਾ ਕਰਕੇ ਮੰਨੋ, ਤਾਂ ਮਨ ਸਹਿਜ ਪਦ ਵਿਚ ਸਮਾ ਜਾਂਦਾ ਹੈ। (ਹੇ ਭਾਈ!) ਸੁੱਖਾਂ ਦੇ ਸਮੁੰਦਰ ਪ੍ਰਭੂ ਦੀ ਸ਼ਰਣ ਪ੍ਰਾਪਤ ਕਰਕੇ ਨਾ ਦੁਖ, ਨਾ ਭੁੱਖ ਤੇ ਨਾ ਹੀ ਕੋਈ ਰੋਗ ਆਦਿਕ ਲਗਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਹਰੀ ਦਾ ਨਾਮ ਸਿਮਰ ਸਿਮਰ ਕੇ (ਉਸ ਦੇ) ਪ੍ਰੇਮ ਰੰਗ ਵਿਚ ਰੰਗਿਆ ਗਿਆ ਹੈ, (ਉਹ ਅਪਣੇ) ਮਨ ਦੀ ਚਿੰਤਾ ਮਿਟਾ ਲੈਂਦਾ ਹੈ।੧। ਹੇ ਭਾਈ! (ਜਿਸ ਜੀਵ ਇਸਤ੍ਰੀ ਨੂੰ) ਸੰਤ ਜਨਾਂ ਨੇ ਹਰੀ ਦਾ ਨਾਮ ਮੰਤ੍ਰ ਦ੍ਰਿੜ ਕਰਾ ਦਿਤਾ ਹੈ, (ਉਸ ਨੇ ਨਾਮ ਜਪ ਕੇ) ਹਰੀ ਸੱਜਨ ਨੂੰ ਅਪਣੇ ਵਸ ਵਿਚ ਕਰ ਲਿਆ ਹੈ। (ਉਸ ਨੇ) ਅਪਣਾ ਮਨ ਹਰੀ ਸੱਜਨ ਦੇ ਅੱਗੇ ਧਰ ਦਿਤਾ, (ਫਿਰ ਉਸ ਨੂੰ) ਮਾਲਕ ਪ੍ਰਭੂ ਨੇ ਸਭ ਕੁਛ ਬਖਸ਼ ਦਿਤਾ ਹੈ। (ਪ੍ਰਭੂ ਨੇ ਉਸ ਜੀਵ ਇਸਤ੍ਰੀ ਨੂੰ) ਅਪਣੀ ਦਾਸੀ ਬਣਾ ਲਿਆ, (ਫਿਰ ਉਸ ਦੀ) ਉਦਾਸੀ ਮਿਟ ਗਈ ਅਤੇ ਹਰੀ ਦੇ ਮੰਦਰ ਵਿਚ (ਉਸ ਨੇ) ਟਿਕਾਣਾ ਪਾ ਲਿਆ ਹੈ। (ਹੇ ਭਾਈ!) ਅਨੰਦ ਤੇ ਖੁਸ਼ੀਆਂ ਦੇਣ ਵਾਲੇ ਸੱਚੇ ਪ੍ਰਭੂ ਨੂੰ ਸਿਮਰੋ, (ਉਹ ਪ੍ਰਭੂ) ਕਦੇ ਵੀ ਵਿਛੜ ਕੇ ਨਹੀਂ ਜਾਂਦਾ। ਉਹ ਜੀਵ ਇਸਤ੍ਰੀ ਵੱਡੇ ਭਾਗਾਂ ਵਾਲੀ ਹੈ ਤੇ ਸਦਾ ਸੁਹਾਗਣ ਹੈ, (ਜਿਸ ਨੇ) ਰਾਮ ਦੇ ਗੁਣ ਜਾਣ ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰੇਮ ਰੰਗ ਵਿਚ ਰੰਗੇ ਹੋਏ (ਜੋ ਮਨੁੱਖ) ਪ੍ਰਭੂ ਦੇ ਨਾਮ ਨੂੰ ਸਿਮਰਦੇ ਹਨ, ਉਹ ਪ੍ਰੇਮ ਦੇ ਮਹਾਨ ਰਸ ਵਿਚ ਭਿੱਜੇ ਰਹਿੰਦੇ ਹਨ।੨।

ਪਦਾਰਥ = ਭੈ ਸਾਗਰੋ–ਸੰਸਾਰ ਸਮੁੰਦਰ; ਡਰਾਉਣਾ ਸਮੁੰਦਰ। ਧਿਆਏ–ਜੇ ਧਿਆਵੇ। ਬੋਹਿਥੜਾ–ਜਹਾਜ। ਅਰਾਧੇ–ਸਿਮਰਦਾ ਹੈ। ਮਿਲਿ–ਮਿਲ ਕੇ। ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ। ਤਰੀਐ–ਤਰ ਜਾਈਦਾ ਹੈ। ਬਹੁੜਿ–ਮੁੜ ਕੇ। ਨ ਮਰੀਐ–ਨਹੀ ਮਰੀਦਾ। ਚੂਕੇ–ਮੁੱਕ ਜਾਂਦਾ ਹੈ। ਆਵਣ ਜਾਣਾ–ਆਉਣਾ ਜਾਣਾ (ਜੰਮਣਾ ਮਰਨਾ)। ਕਰੈ–ਕਰਦਾ ਹੈ। ਸੋਈ–ਉਹ; ਉਸ ਨੂੰ। ਭਲਾ ਕਰਿ–ਭਲਾ ਕਰਕੇ। ਮਾਨਉ–ਮੰਨੋ। ਤਾ–ਤਾਂ; ਤਦ। ਸਹਿਜ ਸਮਾਣਾ–ਸਹਿਜ ਪਦ ਵਿਚ ਟਿਕ ਜਾਂਦਾ ਹੈ। ਨ ਬਿਆਪੈ–ਨਹੀਂ ਲਗਦਾ। ਪਾਏ–ਪ੍ਰਾਪਤ ਕਰਕੇ। ਸਿਮਰਿ–ਸਿਮਰ ਕੇ। ਰੰਗਿ ਰਾਤਾ–ਪ੍ਰੇਮ ਰੰਗਿ ਵਿਚ ਰੰਗਿਆ ਗਿਆ ਹੈ।੧। ਮੰਤ੍ਰ–ਨਾਮ ਮੰਤ੍ਰ। ਦ੍ਰਿੜਾਇਆ–ਹਿਰਦੇ ਵਿਚ ਚੰਗੀ ਤਰ੍ਹਾਂ ਬਿਠਾ ਦਿਤਾ। ਵਸਗਤਿ–ਵਸ ਵਿਚ। ਕੀਨ੍ਹੇ–ਕਰ ਲਿਆ। ਆਪਨੜਾ–ਅਪਣਾ। ਆਗੈ ਧਰਿਆ–ਅੱਗੇ ਧਰ (ਭੇਟਾ ਕਰ) ਦਿਤਾ। ਸਰਬਸੁ–ਸਭ ਕੁਛ। ਠਾਕੁਰਿ–ਮਾਲਕ ਪ੍ਰਭੂ ਨੇ। ਦੀਨੇ–ਦੇ ਦਿਤੇ। ਉਦਾਸੀ–ਨਿਰਾਸਤਾ। ਹਰਿ ਮੰਦਰਿ–ਹਰੀ ਦੇ ਘਰ ਵਿਚ। ਥਿਤਿ–ਟਿਕਾਣਾ। ਪਾਈ–ਪਾ ਲਿਆ। ਅਨਦ ਬਿਨੋਦ–ਅਨੰਦ ਤੇ ਖੁਸ਼ੀਆਂ। ਸਾ–ਉਹ। ਵਡਭਾਗਣਿ–ਵੱਡੇ ਭਾਗਾਂ ਵਾਲੀ। ਚੀਨ੍ਹੇ –ਜਾਣ ਲਏ ਹਨ। ਰਵਹਿ–ਸਿਮਰਦੇ ਹਨ। ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹੋਏ। ਰਸਿ ਭੀਨੇ–ਰਸ ਵਿਚ ਭਿੱਜੇ ਰਹਿੰਦੇ ਹਨ।੨।

ਅਨਦ ਬਿਨੋਦ ਭਏ ਨਿਤ ਸਖੀਏ, ਮੰਗਲ ਸਦਾ ਹਮਾਰੈ ਰਾਮ ॥ ਆਪਨੜੈ ਪ੍ਰਭਿ ਆਪਿ ਸੀਗਾਰੀ, ਸੋਭਾਵੰਤੀ ਨਾਰੇ ਰਾਮ ॥ ਸਹਜ ਸੁਭਾਇ ਭਏ ਕਿਰਪਾਲਾ, ਗੁਣ ਅਵਗਣ ਨ ਬੀਚਾਰਿਆ ॥ ਕੰਠਿ ਲਗਾਇ ਲੀਏ ਜਨ ਅਪੁਨੇ, ਰਾਮ ਨਾਮ ਉਰਿ ਧਾਰਿਆ ॥ ਮਾਨ ਮੋਹ ਮਦ ਸਗਲ ਬਿਆਪੀ, ਕਰਿ ਕਿਰਪਾ ਆਪਿ ਨਿਵਾਰੇ ॥ ਕਹੁ ਨਾਨਕ ਭੈ ਸਾਗਰੁ ਤਰਿਆ, ਪੂਰਨ ਕਾਜ ਹਮਾਰੇ ॥੩॥ ਗੁਣ ਗੋਪਾਲ ਗਾਵਹੁ ਨਿਤ ਸਖੀਹੋ, ਸਗਲ ਮਨੋਰਥ ਪਾਏ ਰਾਮ ॥ ਸਫਲ ਜਨਮੁ ਹੋਆ ਮਿਲਿ ਸਾਧੂ ,ਏਕੰਕਾਰੁ ਧਿਆਏ ਰਾਮ ॥ ਜਪਿ ਏਕ ਪ੍ਰਭੂ ਅਨੇਕ ਰਵਿਆ, ਸਰਬ ਮੰਡਲਿ ਛਾਇਆ ॥ ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ, ਸਭੁ ਬ੍ਰਹਮੁ ਦ੍ਰਿਸਟੀ ਆਇਆ ॥ ਜਲਿ ਥਲਿ ਮਹੀਅਲਿ ਪੂਰਿ ਪੂਰਨ, ਤਿਸੁ ਬਿਨਾ ਨਹੀ ਜਾਏ ॥ ਪੇਖਿ ਦਰਸਨੁ ਨਾਨਕ ਬਿਗਸੇ, ਆਪਿ ਲਏ ਮਿਲਾਏ ॥੪॥੫॥੮॥ ਹੇ ਸਖੀਏ! ਸਾਡੇ ਹਿਰਦੇ ਵਿਚ ਅਨੰਦ ਦੇਣ ਵਾਲੇ ਕੌਤਕ ਤੇ ਮੰਗਲ ਹੋ ਰਹੇ ਹਨ। ਹੇ ਭਾਈ! ਅਪਣੇ ਪ੍ਰਭੂ ਨੇ (ਜਿਹੜੀ ਇਸਤ੍ਰੀ ਸ਼ਾਂਤੀ ਆਦਿ ਗੁਣਾਂ ਨਾਲ) ਆਪ ਸ਼ਿੰਗਾਰ ਦਿਤੀ (ਜੀਵਨ ਸੋਹਣਾ ਬਣਾ ਦਿਤਾ) ਹੈ, ਉਹ ਇਸਤ੍ਰੀ ਸੋਭਾ ਵਾਲੀ ਹੈ। ਸਹਿਜ ਸੁਭਾਵਕ (ਜਦ ਪ੍ਰਭੂ ਜੀ) ਕ੍ਰਿਪਾਲੂ ਹੋਏ, (ਤਾਂ ਉਸ ਨੇ ਸਾਡੇ) ਗੁਣ ਅਵਗੁਣਾਂ ਨੂੰ ਨਹੀਂ ਬਿਚਾਰਿਆ। (ਅਸੀਂ) ਰਾਮ ਦਾ ਨਾਮ ਅਪਣੇ ਹਿਰਦੇ ਵਿਚ ਧਾਰਿਆ ਹੈ, (ਜਿਸ ਨਾਮ ਦੀ ਬਰਕਤ ਕਰਕੇ) ਪ੍ਰਭੂ ਨੇ ਸਾਨੂੰ ਅਪਣੇ ਸੇਵਕ ਬਣਾ ਕੇ ਗਲ ਨਾਲ ਲਾ ਲਿਆ ਹੈ। (ਹੇ ਭਾਈ!) ਸਾਰੀ ਦੁਨੀਆਂ ਮਾਣ, ਮੋਹ ਤੇ ਹੰਕਾਰ ਦੇ ਨਸ਼ੇ ਵਿਚ ਫਸੀ ਹੋਈ ਹੈ, (ਪਰ) ਹਰੀ ਨੇ ਕ੍ਰਿਪਾ ਕਰ ਕੇ (ਮਾਨ ਮੋਹ ਤੇ ਹੰਕਾਰ ਸਾਥੋਂ) ਦੂਰ ਕਰ ਦਿਤੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਭਵ ਸਾਗਰ ਨੂੰ ਤਰ ਗਏ ਹਾਂ ਅਤੇ ਸਾਡੇ ਕਾਰਜ ਪੂਰਨ ਹੋ ਗਏ ਹਨ।੧। ਹੇ ਸਖੀਓ! ਹਰ ਰੋਜ ਗੋਪਾਲ ਦੇ ਗੁਣ ਗਾਇਆ ਕਰੋ, ਹੇ ਭਾਈ! (ਜਿਨ੍ਹਾਂ ਨੇ ਗੁਣ ਗਾਏ ਹਨ, ਉਨ੍ਹਾਂ ਨੇ) ਸਾਰੇ ਮਨੋਰਥ ਪਾ ਲਏ ਹਨ। (ਜਿਸ ਮਨੁੱਖ ਨੇ) ਸਾਧੂ ਗੁਰੂ ਨੂੰ ਮਿਲ ਕੇ ਇਕ ਓਅੰਕਾਰ ਨੂੰ ਧਿਆਇਆ ਹੈ, (ਉਸ ਦਾ) ਮਨੁੱਖਾ ਜਨਮ ਸਫਲ ਹੋਇਆ ਹੈ। (ਹੇ ਭਾਈ!) ਇਕ ਪ੍ਰਭੂ ਨੂੰ ਜਪ, ਜੋ ਅਨੇਕ ਰੂਪ ਵਿਚ ਵਿਆਪਕ ਹੋ ਰਿਹਾ ਹੈ ਅਤੇ (ਜਿਸ ਦਾ ਜਸ) ਸਾਰੇ ਜਗਤ

ਵਿਚ ਫੈਲਿਆ ਹੋਇਆ ਹੈ। ਇਹ ਸੰਸਾਰ ਪਸਾਰਾ ਬ੍ਰਹਮ ਰੂਪ ਹੈ, (ਸਭ ਜਗ੍ਹਾ) ਬ੍ਰਹਮ ਪਸਰਿਆ ਹੋਇਆ ਹੈ ਅਤੇ ਸਭ ਜਗ੍ਹਾ ਬ੍ਰਹਮ ਹੀ ਨਜਰ ਆਇਆ ਹੈ। (ਹੇ ਭਾਈ! ਸਭ ਦੀ ਇੱਛਾ) ਪੂਰੀ ਕਰਨ ਵਾਲਾ ਪ੍ਰਭੂ ਪਾਣੀ ਵਿਚ, ਸੁੱਕੀ ਧਰਤੀ ਵਿਚ, ਧਰਤੀ ਤੇ ਅਕਾਸ਼ ਵਿਚਕਾਰ ਪੂਰਨ ਹੋ ਰਿਹਾ ਹੈ, ਉਸ ਤੋਂ ਬਿਨਾ ਕੋਈ ਜਗ੍ਹਾ ਨਹੀਂ ਹੈ (ਸਭ ਜਗ੍ਹਾ ਮੌਜੂਦ ਹੈ)। ਨਾਨਕ ਪ੍ਰਭੂ ਦਾ ਦਰਸ਼ਨ ਦੇਖ ਕੇ ਖਿੜ ਗਿਆ ਹੈ ਅਤੇ ਪ੍ਰਭੂ ਨੇ (ਮੈਨੂੰ) ਆਪ ਅਪਣੇ ਨਾਲ ਮਿਲਾ ਲਿਆ ਹੈ।੪।੫।੮।

ਪਦਾਰਥ = ਬਿਨੋਦ–ਕੌਤਕ; ਤਮਾਸ਼ੇ। ਭਏ–ਹੋ ਰਹੇ ਹਨ। ਨਿਤ–ਹਰ ਰੋਜ। ਸਖੀਏ–ਹੇ ਸਖੀਏ!। ਮੰਗਲ–ਖੁਸ਼ੀਆਂ। ਹਮਾਰੈ–ਸਾਡੇ (ਹਿਰਦੇ ਵਿਚ)। ਆਪਨੜੈ ਪ੍ਰਭਿ–ਅਪਣੇ ਪ੍ਰਭੂ ਨੇ। ਸੀਗਾਰੀ–ਸ਼ਿੰਗਾਰ ਦਿਤੀ (ਜੀਵਨ ਸੋਹਣਾ ਬਣਾ ਦਿਤਾ)। ਸੋਭਾਵੰਤੀ–ਸੋਭਾ ਵਾਲੀ। ਨਾਰੇ–ਇਸਤ੍ਰੀ। ਸਹਜਿ ਸੁਭਾਇ–ਸਹਿਜ ਸੁਭਾਵਕ। ਕੰਠਿ–ਗਲ ਨਾਲ। ਜਨ–ਸੇਵਕ। ਉਰਿ–ਹਿਰਦੇ ਵਿਚ। ਮਾਨ–ਮਾਣ; ਹੰਕਾਰ। ਮਦ–ਹੰਕਾਰ ਦਾ ਨਸ਼ਾ। ਸਗਲ–ਸਾਰੀ ਦੁਨੀਆਂ। ਬਿਆਪੀ–ਫਸੀ ਹੋਈ ਹੈ। ਕਰਿ–ਕਰ ਕੇ। ਨਿਵਾਰੇ–ਦੂਰ ਕਰ ਦਿਤੇ। ਭੈ ਸਾਗਰੁ–ਭੈ ਦਾਇਕ ਸੰਸਾਰ ਸਮੁੰਦਰ।੩। ਗੋਪਾਲ–ਦੁਨੀਆਂ ਨੂੰ ਪਾਲਣ ਵਾਲਾ ਪ੍ਰਭੂ। ਸਖੀਹੋ–ਹੇ ਸਖੀਓ!। ਮਨੋਰਥ–ਮਨ ਦੇ ਸੰਕਲਪ। ਪਾਏ–ਪਾ ਲਏ ਹਨ। ਮਿਲਿ–ਮਿਲ ਕੇ। ਏਕੰਕਾਰੁ–ਇਕ ਅਦ੍ਵੈਤ ਪ੍ਰਮਾਤਮਾ। ਰਵਿਆ–ਵਿਆਪਕ ਹੈ। ਸਰਬ ਮੰਡਲਿ–ਸਾਰੇ ਜਗਤ ਵਿਚ। ਛਾਇਆ–ਫੈਲਿਆ ਹੋਇਆ ਹੈ। ਬ੍ਰਹਮੋ ਪਸਾਰਾ–ਜਗਤ ਦਾ ਪਸਾਰਾ ਪ੍ਰਭੂ ਰੂਪ ਹੈ। ਬ੍ਰਹਮੁ ਪਸਰਿਆ–ਪ੍ਰਭੂ ਪਸਰਿਆ ਹੋਇਆ ਹੈ। ਦ੍ਰਿਸਟੀ ਆਇਆ–ਨਜਰ ਆਇਆ ਹੈ। ਜਲਿ–ਪਾਣੀ ਵਿਚ। ਥਲਿ–ਸੁੱਕੀ ਧਰਤੀ ਵਿਚ। ਮਹੀਅਲਿ–ਧਰਤੀ ਤੇ ਅਕਾਸ ਵਿਚਕਾਰ। ਪੂਰਿ–(ਇੱਛਾ) ਪੂਰੀ ਕਰਨ ਵਾਲਾ। ਪੂਰਨ–ਵਿਆਪਕ। ਜਾਏ–ਜਗ੍ਹਾ। ਪੇਖਿ–ਦੇਖ ਕੇ। ਬਿਗਸੇ–ਖੁਸ਼ ਹੋ ਗਏ।੪।੫।੮।

ਅੰਗ ੭੮੩ = ਸੂਹੀ ਮਹਲਾ ੫ ॥ ਅਬਿਚਲ ਨਗਰੁ ਗੋਬਿੰਦ ਗੁਰੂ ਕਾ, ਨਾਮੁ ਜਪਤ ਸੁਖੁ ਪਾਇਆ ਰਾਮ ॥ ਮਨ ਇਛੇ ਸੇਈ ਫਲ ਪਾਏ, ਕਰਤੈ ਆਪਿ ਵਸਾਇਆ ਰਾਮ ॥ ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ, ਪੁਤ ਭਾਈ ਸਿਖ ਬਿਗਾਸੇ ॥ ਗੁਣ ਗਾਵਹਿ ਪੂਰਨ ਪਰਮੇਸੁਰ, ਕਾਰਜੁ ਆਇਆ ਰਾਸੇ ॥ ਪ੍ਰਭੁ ਆਪਿ ਸੁਆਮੀ ਆਪੇ ਰਖਾ, ਆਪਿ ਪਿਤਾ ਆਪਿ ਮਾਇਆ ॥ ਕਹੁ ਨਾਨਕ ਸਤਿਗੁਰ ਬਲਿਹਾਰੀ, ਜਿਨਿ ਏਹੁ ਥਾਨੁ ਸੁਹਾਇਆ ॥੧॥ ਘਰ ਮੰਦਰ ਹਟਨਾਲੇ ਸੋਹੇ, ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥ ਸੰਤ ਭਗਤ ਹਰਿ ਨਾਮੁ ਅਰਾਧਹਿ, ਕਟੀਐ ਜਮ ਕੀ ਫਾਸੀ ਰਾਮ ॥ ਕਾਟੀ ਜਮ ਫਾਸੀ ਪ੍ਰਭਿ ਅਬਿਨਾਸੀ, ਹਰਿ ਹਰਿ ਨਾਮੁ ਧਿਆਏ ॥ ਸਗਲ ਸਮਗ੍ਰੀ ਪੂਰਨ ਹੋਈ, ਮਨ ਇਛੇ ਫਲ ਪਾਏ ॥ ਸੰਤ ਸਜਨ ਸੁਖਿ ਮਾਣਹਿ ਰਲੀਆ, ਦੂਖ ਦਰਦ ਭ੍ਰਮ ਨਾਸੀ ॥ ਸਬਦਿ ਸਵਾਰੇ ਸਤਿਗੁਰਿ ਪੂਰੈ, ਨਾਨਕ ਸਦ ਬਲਿ ਜਾਸੀ ॥੨॥ (ਇਹ ਸ਼ਬਦ ਸ੍ਰੀ ਅੰਮ੍ਰਿਤਸਰ ਬਾਰੇ ਉਚਾਰਨ ਕੀਤਾ ਹੋਇਆ ਹੈ) ਹੇ ਭਾਈ! ਪ੍ਰਮੇਸਰ ਰੂਪ ਗੁਰੂ (ਰਾਮਦਾਸ ਜੀ) ਦਾ ਰਚਿਆ ਨਗਰ (ਸ੍ਰੀ ਅੰਮ੍ਰਿਤਸਰ) ਸਦਾ ਕਾਇਮ ਰਹਿਣ ਵਾਲਾ ਹੈ, (ਜਿਸ ਵਿਚ ਵਸਣ ਵਾਲੇ ਮਨੁੱਖਾਂ ਨੇ) ਨਾਮ ਜਪਦਿਆਂ ਸੁਖ ਪਾਇਆ ਹੈ। ਹੇ ਭਾਈ! ਜੋ ਫਲ ਮਨ ਦੇ ਚਾਹੇ ਹੋਏ ਸਨ, ਉਹ ਪ੍ਰਾਪਤ ਕਰ ਲਏ ਹਨ, ਕਰਤਾਰ ਨੇ ਆਪ (ਇਹ ਨਗਰ) ਵਸਾਇਆ ਹੈ। ਕਰਤਾਰ ਨੇ (ਇਹ ਨਗਰ) ਆਪ ਵਸਾਇਆ ਹੈ, (ਇਥੇ ਵਸਣ ਵਾਲੇ ਮਨੁੱਖਾਂ ਨੇ) ਸਾਰੇ ਸੁਖ ਪਾ ਲਏ ਹਨ ਅਤੇ (ਗੁਰੂ ਰਾਮਦਾਸ ਜੀ ਦੇ) ਪੁਤ੍ਰ ਭਾਈ ਤੇ ਸਿਖ ਸਭ ਖੁਸ਼ ਹੋ ਗਏ ਹਨ। (ਇਥੇ ਵਸ ਕੇ ਜੋ ਮਨੁੱਖ) ਪੂਰਨ ਪ੍ਰਮੇਸਰ ਦੇ ਗੁਣ ਗਾਉਂਦੇ ਹਨ, (ਉਨ੍ਹਾਂ ਦਾ ਹਰੇਕ) ਕੰਮ ਰਾਸ ਆ ਗਿਆ ਹੈ। ਪ੍ਰਭੂ ਆਪ ਹੀ (ਇਸ ਨਗਰ ਦਾ) ਮਾਲਕ ਹੈ ਅਤੇ ਆਪ ਰਾਖਾ ਹੈ ਅਤੇ ਆਪ ਹੀ (ਸਭ ਜੀਵਾਂ ਦਾ) ਪਿਤਾ ਹੈ ਤੇ ਆਪ ਹੀ ਮਾਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ (ਰਾਮਦਾਸ ਜੀ ਤੋਂ) ਬਲਿਹਾਰ ਹਾਂ, ਜਿਨ੍ਹਾਂ ਨੇ ਇਹ (ਅੰਮ੍ਰਿਤਸਰ) ਅਸਥਾਨ ਸੁਭਾਇਮਾਨ ਕੀਤਾ ਹੈ।੧। ਹੇ ਭਾਈ! (ਉਹ) ਘਰ, ਮਹਿਲ ਅਤੇ ਬਜਾਰ ਸੋਭਨੀਕ ਹਨ, ਜਿਸ ਵਿਚ ਵਸਣ ਵਾਲੇ ਪ੍ਰਭੂ ਦਾ ਨਾਮ ਜਪਦੇ ਹਨ। (ਅੰਮ੍ਰਿਤਸਰ ਵਿਚ) ਸੰਤ ਭਗਤ ਪ੍ਰਭੂ ਦਾ ਨਾਮ ਜਪਦੇ ਹਨ, (ਨਾਮ ਦੀ ਤਾਕਤ ਨਾਲ ਉਨ੍ਹਾਂ ਦੀ) ਜਮਾਂ ਦੀ ਫਾਹੀ ਕੱਟੀ ਜਾਂਦੀ ਹੈ। (ਜਿਹੜੇ ਮਨੁੱਖ ਅੰਮ੍ਰਿਤਸਰ ਵਿਚ ਰਹਿੰਦੇ ਹੋਏ) ਹਰਿ ਹਰਿ ਨਾਮ ਧਿਆਉਂਦੇ ਹਨ, (ਉਨ੍ਹਾਂ ਦੀ) ਜਮ ਦੀ ਫਾਹੀ ਨਾਸ਼ ਰਹਿਤ ਪ੍ਰਭੂ ਨੇ ਕੱਟ ਦਿਤੀ ਹੈ। (ਇਸ ਸ਼ਹਿਰ ਵਿਚ ਲੋੜੀਂਦੀ) ਸਾਰੀ ਸਮੱਗਰੀ ਪੂਰੀ ਹੋ ਗਈ ਹੈ (ਇਹ ਸ਼ਹਿਰ ਸਾਰੇ ਸਾਜੋ ਸਮਾਨ ਨਾਲ ਪੂਰਨ ਹੈ) ਅਤੇ ਇਥੇ ਵਸਣ ਵਾਲਿਆਂ ਨੇ) ਮਨ ਚਾਹੇ ਫਲ ਪਾ ਲਏ ਹਨ। ਸੰਤ ਸੱਜਨ ਸੁਖ ਵਿਚ (ਇਥੇ) ਮੌਜਾਂ ਮਾਣਦੇ ਹਨ, (ਉਨ੍ਹਾਂ ਦੇ) ਦੁੱਖ ਦਰਦ ਤੇ ਭਰਮ ਨਾਸ਼ ਹੋ ਗਏ ਹਨ। ਪੂਰੇ ਸਤਿਗੁਰੂ ਨੇ ਸ਼ਬਦ ਦੁਆਰਾ (ਉਨ੍ਹਾਂ ਦੇ ਜੀਵਨ) ਸਵਾਰ ਦਿਤੇ ਹਨ, ਨਾਨਕ (ਅਜੇਹੇ ਸਤਿਗੁਰੂ ਰਾਮਦਾਸ ਜੀ ਤੋਂ) ਸਦਾ ਸਦਕੇ ਜਾਂਦਾ ਹੈ।੨।

ਪਦਾਰਥ = ਅਬਿਚਲ ਨਗਰੁ–ਸਦਾ ਕਾਇਮ ਰਹਿਣ ਵਾਲਾ ਸ਼ਹਿਰ; ਸਤ ਸੰਗਤ। ਜਪਤ–ਜਪਦਿਆਂ। ਰਾਮ–ਹੇ ਭਾਈ! ਜਾਂ ਹੇ

ਪਿਆਰੇ!।ਮਨ ਇਛੇ-ਮਨ ਦੇ ਚਾਹੇ।ਸੇਈ-ਉਹ।ਪਾਏ-ਪਾ ਲਏ।ਕਰਤੈ-ਕਰਤਾਰ ਨੇ।ਸਰਬ-ਸਾਰੇ।ਬਿਗਾਸੇ-ਖੁਸ਼ ਹੋ ਗਏ। ਗਾਵਹਿ-ਗਾਉਂਦੇ ਹਨ।ਆਇਆ ਰਾਸੇ-ਸੰਵਰ ਗਿਆ ਹੈ।ਰਖਾ-ਰਾਖਾ।ਮਾਇਆ-ਮਾਤਾ।ਬਲਿਹਾਰੀ-ਕੁਰਬਾਨ ਹਾਂ।ਜਿਨਿ-ਜਿਸ ਨੇ।ਥਾਨੁ-ਅਸਥਾਨ।ਸੁਹਾਇਆ-ਸੋਹਣਾ ਬਣਾ ਦਿਤਾ ਹੈ।੧।ਘਰ ਮੰਦਰ-ਕੱਚੇ ਘਰ ਤੇ ਪੱਕੇ ਮਕਾਨ; ਆਮ ਸਧਾਰਨ ਘਰ ਅਤੇ ਮਹਿਲ ਮਾੜੀਆਂ।ਹਟਨਾਲੇ-ਬਜਾਰ।ਸੋਹੇ-ਸੋਭ ਨੀਕ ਹਨ।ਨਿਵਾਸੀ-ਵਸਣ ਵਾਲੇ ਮਨੁੱਖ।ਅਰਾਧਹਿ-ਜਪਦੇ ਹਨ।ਕਟੀਐ-ਕੱਟੀ ਜਾਂਦੀ ਹੈ।ਫਾਸੀ-ਫਾਹੀ।ਪ੍ਰਭਿ ਅਬਿਨਾਸੀ-ਨਾਸ਼ ਰਹਿਤ ਪ੍ਰਭੂ ਨੇ।ਸਗਲ ਸਮਗ੍ਰੀ-ਸਾਰਾ (ਲੋੜੀਂਦਾ) ਸਾਜੋ ਸਮਾਨ।ਸੁਖਿ-ਸੁਖ ਵਿਚ; ਸੁਖੀ ਹੋ ਕੇ।ਮਾਣਹਿ ਰਲੀਆ-ਮੌਜਾਂ (ਖੁਸ਼ੀਆਂ) ਮਾਣਦੇ ਹਨ।ਨਾਸੀ-ਨਾਸ਼ ਹੋ ਗਏ।ਸਬਦਿ-ਸ਼ਬਦ ਦੁਆਰਾ।ਸਵਾਰੇ-ਸਵਾਰ (ਸੁਧਾਰ) ਦਿਤੇ; ਸੋਹਣੇ ਬਣਾ ਦਿਤੇ।ਸਤਿਗੁਰਿ ਪੂਰੈ-ਪੂਰੇ ਸਤਿਗੁਰੂ ਨੇ।ਬਲਿ ਜਾਸੀ-ਸਦਕੇ ਜਾਂਦਾ ਹੈ।੨।

ਦਾਤਿ ਖਸਮ ਕੀ ਪੂਰੀ ਹੋਈ, ਨਿਤ ਨਿਤ ਚੜੈ ਸਵਾਈ ਰਾਮ ॥ ਪਾਰਬ੍ਰਹਮਿ ਖਸਮਾਨਾ ਕੀਆ, ਜਿਸ ਦੀ ਵਡੀ ਵਡਿਆਈ ਰਾਮ ॥ ਆਦਿ ਜੁਗਾਦਿ ਭਗਤਨ ਕਾ ਰਾਖਾ, ਸੋ ਪ੍ਰਭੁ ਭਇਆ ਦਇਆਲਾ ॥ ਜੀਅ ਜੰਤ ਸਭਿ ਸੁਖੀ ਵਸਾਏ, ਪ੍ਰਭਿ ਆਪੇ ਕਰਿ ਪ੍ਰਤਿਪਾਲਾ ॥ ਦਹ ਦਿਸ ਪੂਰਿ ਰਹਿਆ ਜਸੁ ਸੁਆਮੀ, ਕੀਮਤਿ ਕਹਣੁ ਨ ਜਾਈ ॥ ਕਹੁ ਨਾਨਕ ਸਤਿਗੁਰ ਬਲਿਹਾਰੀ, ਜਿਨਿ ਅਬਿਚਲ ਨੀਵ ਰਖਾਈ ॥੩॥ ਗਿਆਨ ਧਿਆਨ ਪੂਰਨ ਪਰਮੇਸੁਰ, ਹਰਿ ਹਰਿ ਕਥਾ ਨਿਤ ਸੁਣੀਐ ਰਾਮ ॥ ਅਨਹਦ ਚੋਜ ਭਗਤ ਭਵ ਭੰਜਨ, ਅਨਹਦ ਵਾਜੇ ਧੁਨੀਐ ਰਾਮ ॥ ਅਨਹਦ ਝੁਣਕਾਰੇ ਤਤੁ ਬੀਚਾਰੇ, ਸੰਤ ਗੋਸਟਿ ਨਿਤ ਹੋਵੈ ॥ ਹਰਿ ਨਾਮੁ ਅਰਾਧਹਿ ਮੈਲੁ ਸਭ ਕਾਟਹਿ, ਕਿਲਵਿਖ ਸਗਲੇ ਖੋਵੈ ॥ ਤਹ ਜਨਮ ਨ ਮਰਣਾ ਆਵਣ ਜਾਣਾ, ਬਹੁੜਿ ਨ ਪਾਈਐ ਜੁੋਨੀਐ ॥ ਨਾਨਕ ਗੁਰੁ ਪਰਮੇਸਰੁ ਪਾਇਆ, ਜਿਸੁ ਪ੍ਰਸਾਦਿ ਇਛ ਪੁਨੀਐ ॥੪॥੬॥੯॥ ਹੇ ਭਾਈ! ਮਾਲਕ ਪ੍ਰਭੂ ਦੀ ਬਖਸ਼ੀ ਪੂਰਨ ਦਾਤ ਪ੍ਰਾਪਤ ਹੋਈ ਹੈ, ਜੋ ਨਿਤਾਪ੍ਰਤੀ ਬਹੁਤ ਵਧ ਰਹੀ ਹੈ।ਹੇ ਭਾਈ! ਪ੍ਰਭੂ ਨੇ ਆਪ ਸੰਭਾਲ ਕੀਤੀ ਹੈ, ਜਿਸ ਦੀ ਵੱਡੀ ਵਡਿਆਈ ਹੈ।(ਜਿਹੜਾ) ਆਦਿ ਕਾਲ ਤੋਂ ਭਗਤਾਂ ਦਾ ਰਾਖਾ ਹੈ, ਉਹ ਪ੍ਰਭੂ ਦਇਆਲ ਹੋਇਆ ਹੈ।ਪ੍ਰਭੂ ਨੇ ਆਪ ਹੀ ਪਾਲਣਾ ਕਰਕੇ ਸਾਰੇ ਜੀਵ ਜੰਤ ਸੁਖੀ ਵਸਾਏ ਹਨ।ਮਾਲਕ ਪ੍ਰਭੂ ਦਾ ਜਸ ਦਸੇ ਦਿਸ਼ਾਵਾਂ ਵਿਚ ਪੂਰਨ ਹੋ ਰਿਹਾ ਹੈ ਅਤੇ (ਉਸ ਦੇ ਜਸ ਦੀ) ਕੀਮਤ ਕਥਨ ਨਹੀਂ ਕੀਤੀ ਜਾ ਸਕਦੀ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਸਤਿਗੁਰੂ (ਰਾਮਦਾਸ ਜੀ) ਤੋਂ ਬਲਿਹਾਰ ਹਾਂ, ਜਿਸ ਨੇ (ਅੰਮ੍ਰਿਤਸਰ ਦੀ) ਅਚੱਲ ਨੀਂਹ ਰਖਾਈ ਹੈ।੩।ਹੇ ਭਾਈ! (ਅਬਿਚਲ ਨਗਰ ਵਿਚ) ਪੂਰਨ ਪ੍ਰਮੇਸਰ ਦੇ ਗਿਆਨ ਦੀ, (ਉਸ ਵਿਚ) ਧਿਆਨ ਲਾਉਣ ਦੀ ਹਰੀ ਨਾਮ ਦੀ ਕਥਾ ਹਰ ਰੋਜ ਸੁਣੀ ਜਾਂਦੀ ਹੈ।(ਉਥੇ) ਭਵਜਲ ਦੇ ਬੰਧਨ ਤੋੜਨ ਵਾਲੇ ਹਰੀ ਦੇ ਭਗਤ ਇਕ ਰਸ ਅਨੰਦ ਮਾਣਦੇ ਹਨ ਅਤੇ ਆਤਮ ਮੰਡਲ ਦੀ ਧੁਨੀ ਦੇ ਵਾਜੇ ਉਹ ਸੁਣਦੇ ਹਨ।ਅਨਹਦ ਬਾਣੀ ਦੀ ਗੂੰਜ (ਕੀਰਤਨ), ਤੱਤ ਸਰੂਪ ਪ੍ਰਭੂ ਦੀ ਵਿਚਾਰ (ਕਥਾ) ਅਤੇ ਸੰਤਾਂ ਦੀ ਚਰਚਾ ਹਰ ਰੋਜ ਹੁੰਦੀ ਹੈ।(ਉਥੇ ਉਹ) ਹਰੀ ਦਾ ਨਾਮ ਸਿਮਰਦੇ ਹਨ, (ਹਰੀ ਦਾ ਨਾਮ ਉਨ੍ਹਾਂ ਦੀ ਵਿਸ਼ੇ ਵਿਕਾਰਾਂ ਦੀ) ਸਾਰੀ ਮੈਲ ਕੱਟ ਦੇਂਦਾ ਹੈ ਅਤੇ ਸਾਰੇ ਪਾਪ ਦੂਰ ਕਰ ਦੇਂਦਾ ਹੈ।ਉਥੇ (ਅਬਿਚਲ ਨਗਰ ਵਿਚ) ਜਨਮ ਮਰਨ ਨਹੀਂ ਹੈ, ਨਾ ਹੀ ਆਉਣਾ ਜਾਣਾ ਹੈ ਅਤੇ (ਉਥੇ ਦੇ ਭਗਤਾਂ ਨੂੰ) ਮੁੜ ਜੋਨੀਆਂ ਵਿਚ ਨਹੀਂ ਪਾਇਆ ਜਾਂਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਪ੍ਰਮੇਸਰ ਰੂਪ ਗੁਰੂ ਨੂੰ ਪਾਇਆ, ਜਿਸ ਦੀ ਕ੍ਰਿਪਾ ਨਾਲ (ਪ੍ਰਭੂ ਮਿਲਾਪ ਦੀ) ਇਛਾ ਪੂਰੀ ਹੋਈ ਹੈ।੪।੬।੯।

ਪਦਾਰਥ = ਖਸਮ ਕੀ-ਮਾਲਕ ਪ੍ਰਭੂ ਦੀ।ਨਿਤ ਨਿਤ-ਨਿਤਾ ਪ੍ਰਤੀ।ਚੜੈ ਸਵਾਈ-ਬਹੁਤ ਵਧ ਰਹੀ ਹੈ।ਪਾਰਬ੍ਰਹਮਿ-ਪ੍ਰਭੂ ਨੇ। ਰਾਮ-ਹੇ ਭਾਈ!।ਖਸਮਾਨਾ ਕੀਆ-ਸੰਭਾਲ ਕੀਤੀ; ਪੱਖ ਕੀਤਾ।ਆਦਿ ਜੁਗਾਦਿ-ਆਦਿ ਕਾਲ ਤੋਂ।ਸੋ-ਉਹ।ਭਇਆ-ਹੋਇਆ। ਦਇਆਲਾ-ਦਇਆ ਵਾਨ।ਜੀਅ ਜੰਤ-ਛੋਟੇ ਵੱਡੇ ਜੀਵ ਜੰਤ।ਪ੍ਰਭਿ-ਪ੍ਰਭੂ ਨੇ।ਕਰਿ ਪ੍ਰਤਿਪਾਲਾ-ਪ੍ਰਤੀ ਜੀਵ ਪਾਲਣਾ ਕਰਕੇ।ਦਹ ਦਿਸ-ਦਸੇ ਦਿਸ਼ਾਵਾਂ (ਸਾਰੇ ਜਗਤ) ਵਿਚ।ਪੂਰਿ ਰਹਿਆ-ਫੈਲ ਰਿਹਾ ਹੈ।ਜਸੁ-ਵਡਿਆਈ।ਬਲਿਹਾਰੀ-ਕੁਰਬਾਨ ਹਾਂ।ਜਿਨਿ-ਜਿਸ ਨੇ।ਅਬਿਚਲ ਨੀਵ-ਕਦੇ ਨਾ ਹਿੱਲਣ ਵਾਲੀ ਨੀਂਹ।੩।ਨਿਤ-ਹਰ ਰੋਜ; ਸਦਾ।ਸੁਣੀਐ-ਸੁਣੀ ਜਾਂਦੀ ਹੈ।ਅਨਹਦ-ਇਕ ਰਸ; ਲਗਾਤਾਰ।ਚੋਜ-ਅਨੰਦ; ਤਮਾਸ਼ੇ।ਭਵ ਭੰਜਨ-ਸੰਸਾਰ ਦੇ ਬੰਧਨ ਨਾਸ਼ ਕਰਨ ਵਾਲਾ ਹਰੀ।ਅਨਹਦ ਵਾਜੇ ਧੁਨੀਐ-ਆਤਮ ਮੰਡਲ ਦੀ ਧੁਨੀ ਦੇ ਵਾਜੇ।ਅਨਹਦ ਝੁਣਕਾਰੇ-ਅਨਹਦ ਬਾਣੀ ਦੀ ਗੂੰਜ (ਕੀਰਤਨ)।ਤਤੁ ਬੀਚਾਰੇ-ਤੱਤ ਸਰੂਪ ਪ੍ਰਭੂ ਦੀ ਕਥਾ ਵਿਚਾਰ।ਗੋਸਟਿ-ਆਪਸ ਵਿਚ ਵਿਚਾਰ ਵਟਾਂਦਰਾ।ਅਰਾਧਹਿ-ਸਿਮਰਦੇ ਹਨ।ਕਿਲਵਿਖ-ਪਾਪ।ਸਗਲੇ-ਸਾਰੇ।ਖੋਵੈ-ਦੂਰ ਕਰ ਦੇਂਦਾ ਹੈ।ਤਹ-ਉਥੇ (ਅਬਿਚਲ ਨਗਰ ਵਿਚ)।ਬਹੁੜਿ-ਮੁੜ ਕੇ।ਨ ਪਾਈਐ ਜੁੋਨੀਐ-ਜੋਨੀਆਂ ਵਿਚ ਨਹੀਂ ਪਾਇਆ ਜਾਂਦਾ।ਜਿਸੁ ਪ੍ਰਸਾਦਿ-ਜਿਸ ਦੀ ਕ੍ਰਿਪਾ ਨਾਲ।ਪੁਨੀਐ-ਪੂਰੀ ਹੋਈ ਹੈ।੪।੬।੯।

ਸੂਹੀ ਮਹਲਾ ੫ ॥ ਸੰਤਾ ਕੇ ਕਾਰਜਿ ਆਪਿ ਖਲੋਇਆ, ਹਰਿ ਕੰਮੁ ਕਰਾਵਣਿ ਆਇਆ ਰਾਮ ॥ ਧਰਤਿ ਸੁਹਾਵੀ ਤਾਲੁ ਸੁਹਾਵਾ, ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥ ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ, ਸਗਲ ਮਨੋਰਥ ਪੂਰੇ ॥ ਜੈ ਜੈ ਕਾਰੁ ਭਇਆ ਜਗ ਅੰਤਰਿ, ਲਾਥੇ ਸਗਲ ਵਿਸੂਰੇ ॥ ਪੂਰਨ ਪੁਰਖ ਅਚੁਤ ਅਬਿਨਾਸੀ, ਜਸੁ ਵੇਦ ਪੁਰਾਣੀ ਗਾਇਆ ॥ ਅਪਨਾ ਬਿਰਦੁ ਰਖਿਆ ਪਰਮੇਸਰਿ, ਨਾਨਕ ਨਾਮੁ ਧਿਆਇਆ ॥੧॥ ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ, ਤੋਟਿ ਨ ਆਵੈ ਕਾਈ ਰਾਮ ॥ ਖਾਤ ਖਰਚਤ ਬਿਲਛਤ ਸੁਖੁ ਪਾਇਆ, ਕਰਤੇ ਕੀ ਦਾਤਿ ਸਵਾਈ ਰਾਮ ॥ (ਇਹ ਸ਼ਬਦ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਪੂਰਨ ਹੋਣ ਤੇ ਅਕਾਲ ਪੁਰਖ ਦੇ ਧੰਨਵਾਦ ਵੱਜੋਂ ਉਚਾਰਿਆ ਹੈ। ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਦ ਪਹਿਲਾ ਪ੍ਰਕਾਸ਼ ਹੋਇਆ, ਤਾਂ ਬਾਬਾ ਬੁੱਢਾ ਜੀ ਨੇ ਇਸੇ ਸ਼ਬਦ ਦਾ ਪਹਿਲਾ ਵਾਕ ਲਿਆ ਸੀ)। ਹੇ ਭਾਈ! ਸੰਤਾਂ ਦੇ ਕੰਮ ਵਿਚ ਹਰੀ ਆਪ ਆ ਖਲੋਇਆ ਹੈ, (ਅੰਮ੍ਰਿਤਸਰ ਸਰੋਵਰ ਦੀ) ਕਾਰ ਸੇਵਾ ਕਰਾਉਣ ਲਈ ਹਰੀ ਆਪ ਆਇਆ ਹੈ। (ਅੰਮ੍ਰਿਤਸਰ ਦੇ ਆਸ ਪਾਸ ਦੀ) ਧਰਤੀ ਸੋਭਨੀਕ ਬਣ ਗਈ ਹੈ, ਸਰੋਵਰ ਵੀ ਸੋਭਨੀਕ ਹੋ ਗਿਆ ਹੈ, ਜਿਸ ਵਿਚ ਅੰਮ੍ਰਿਤ ਜਲ ਭਰਿਆ ਹੋਇਆ ਹੈ। (ਸੰਤਾਂ ਦੇ ਹਰੇਕ ਕਾਰਜ ਵਿਚ ਪ੍ਰਭੂ ਆਪ ਖਲੋਇਆ ਹੈ ਅਤੇ ਹਰੀ ਆਪ ਉਨ੍ਹਾਂ ਦੇ ਕੰਮ ਕਰਾਉਣ ਆਇਆ ਹੈ। ਸੰਤਾਂ ਦੀ ਕਾਇਆਂ ਰੂਪ ਧਰਤੀ ਸੋਹਣੀ ਹੈ, ਹਿਰਦਾ ਰੂਪ ਤਲਾਬ ਸੋਹਣਾ ਹੈ, ਜਿਸ ਵਿਚ ਨਾਮ ਰੂਪ ਅੰਮ੍ਰਿਤ ਜਲ ਭਰਿਆ ਹੋਇਆ ਹੈ। ਇਸ ਸਰੋਵਰ ਵਿਚ) ਅੰਮ੍ਰਿਤ ਜਲ ਭਰਿਆ ਹੋਇਆ ਹੈ, (ਪ੍ਰਭੂ ਨੇ ਲੋੜੀਂਦਾ) ਸਾਜੋ ਸਮਾਨ ਪੂਰਾ ਕਰ ਦਿਤਾ ਹੈ, (ਇਉਂ) ਮਨ ਦੇ ਸਾਰੇ ਸੰਕਲਪ ਪੂਰੇ ਹੋ ਗਏ ਹਨ। ਸਾਰੇ ਜਗਤ ਦੇ ਅੰਦਰ (ਅੰਮ੍ਰਿਤਸਰ ਦਾ) ਜੈ ਜੈਕਾਰ ਹੋ ਰਿਹਾ ਹੈ ਤੇ (ਇਥੇ ਦੇ ਵਾਸੀਆਂ ਦੇ) ਸਾਰੇ ਝੋਰੇ ਲਹਿ ਗਏ ਹਨ। (ਇਹ ਸਾਰੀ ਵਡਿਆਈ) ਪੂਰਨ ਅਟੱਲ ਤੇ ਅਬਿਨਾਸੀ ਪੁਰਖ ਦੀ ਹੈ, (ਜਿਸ ਦਾ) ਜਸ ਵੇਦਾਂ ਤੇ ਪੁਰਾਣਾਂ ਵੀ ਗਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਮੇਸਰ ਨੇ ਅਪਣਾ ਬਿਰਦ ਰੱਖਿਆ ਹੈ, (ਅਸੀਂ ਉਸ ਦਾ) ਨਾਮ ਧਿਆਇਆ ਹੈ।੧। ਹੇ ਭਾਈ! ਕਰਤਾਰ ਨੇ (ਸਾਨੂੰ) ਨੌਂ ਨਿਧੀਆਂ, ਸਿਧੀਆਂ ਤੇ ਰਿਧੀਆਂ ਆਦਿ ਦਿਤੀਆਂ ਹਨ ਅਤੇ (ਹੋਰ ਵੀ ਕਿਸੇ ਪਦਾਰਥ ਦੀ) ਕੋਈ ਕਮੀ ਨਹੀਂ ਆਉਂਦੀ। ਹੇ ਭਾਈ! (ਹਰੀ ਦੇ ਬਖਸ਼ੇ ਪਦਾਰਥਾਂ ਨੂੰ) ਖਾਂਦਿਆਂ, ਖਰਚਦਿਆਂ (ਵੰਡਦਿਆਂ) ਤੇ ਅਨੰਦ ਮਾਣਦਿਆਂ ਅਸੀਂ ਸੁਖ ਪਾਇਆ ਹੈ, (ਕਿਉਂਕਿ) ਕਰਤਾਰ ਦੀ ਬਖਸ਼ੀ ਦਾਤ ਵਧਦੀ ਜਾ ਰਹੀ ਹੈ।

ਅੰਗ ੭੮੪ = ਦਾਤਿ ਸਵਾਈ ਨਿਖੁਟਿ ਨ ਜਾਈ, ਅੰਤਰਜਾਮੀ ਪਾਇਆ ॥ ਕੋਟਿ ਬਿਘਨ ਸਗਲੇ ਉਠਿ ਨਾਠੇ, ਦੂਖੁ ਨ ਨੇੜੈ ਆਇਆ ॥ ਸਾਂਤਿ ਸਹਜ ਆਨੰਦ ਘਨੇਰੇ, ਬਿਨਸੀ ਭੂਖ ਸਬਾਈ ॥ ਨਾਨਕ ਗੁਣ ਗਾਵਹਿ ਸੁਆਮੀ ਕੇ, ਅਚਰਜੁ ਜਿਸੁ ਵਡਿਆਈ ਰਾਮ ॥੨॥ (ਕਰਤਾਰ ਦੀ) ਦਾਤ ਵਧਦੀ ਜਾਂਦੀ ਹੈ, ਮੁੱਕਦੀ ਨਹੀਂ ਅਤੇ ਅੰਤਰਜਾਮੀ ਪ੍ਰਭੂ ਨੂੰ ਪਾ ਲਿਆ ਹੈ। ਕ੍ਰੋੜਾਂ ਬਿਘਨ (ਜੋ ਇਸ ਕਾਰਜ ਵਿਚ ਰੁਕਾਵਟ ਪਾਉਣ ਵਾਲੇ ਸਨ, ਉਹ) ਸਾਰੇ ਉਠ ਕੇ ਨੱਠ ਗਏ ਅਤੇ ਨਾ ਹੀ ਕੋਈ ਦੁਖ ਸਾਡੇ ਨੇੜੇ ਆਇਆ ਹੈ। (ਜਿਸ ਕਰਕੇ ਸਾਨੂੰ) ਸ਼ਾਂਤੀ ਤੇ ਸੁਭਾਵਕ ਹੀ ਬੇਅੰਤ ਅਨੰਦ ਪ੍ਰਾਪਤ ਹੋਇਆ ਹੈ ਅਤੇ ਪਦਾਰਥਾਂ ਦੀ ਸਾਰੀ ਭੁੱਖ ਨਾਸ਼ ਹੋ ਗਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਉਸ ਮਾਲਕ ਦੇ ਗੁਣ ਗਾਉਂਦੇ ਹਾਂ, ਜਿਸ ਦੀ ਵਡਿਆਈ ਅਸਚਰਜ ਹੈ।੨।

ਪਦਾਰਥ = ਕਾਰਜਿ–ਕੰਮ ਦੀ ਸਫਲਤਾ ਵਿਚ। ਰਾਮ–ਹੇ ਭਾਈ!। ਸੁਹਾਵੀ–ਸੋਭਨੀਕ; ਸੋਹਣੀ। ਤਾਲੁ–ਤਲਾਬ (ਸਰੋਵਰ)। ਜਲੁ–ਪਾਣੀ। ਛਾਇਆ–ਫੈਲਿਆ (ਭਰਿਆ) ਹੈ। ਸਾਜੁ–ਸਾਜੋ ਸਮਾਨ। ਸਗਲ–ਸਾਰੇ। ਮਨੋਰਥ–ਮਨ ਦੇ ਸੰਕਲਪ। ਜੈ ਜੈਕਾਰ–ਵਡਿਆਈ ;ਸੋਭਾ। ਭਇਆ–ਹੋਇਆ। ਜਗ ਅੰਤਰਿ–ਜਗਤ ਦੇ ਅੰਦਰ। ਲਾਥੇ–ਲਹਿ ਗਏ। ਵਿਸੂਰੇ–ਝੋਰੇ; ਚਿੰਤਾ। ਅਚੁਤ–ਅਟੱਲ। ਅਬਿਨਾਸੀ –ਨਾਸ਼ ਰਹਿਤ। ਵੇਦ ਪੁਰਾਣੀ–ਵੇਦਾਂ ਤੇ ਪੁਰਾਣਾਂ ਨੇ। ਬਿਰਦੁ–ਧਰਮ; ਸੁਭਾਉ। ਪਰਮੇਸਰਿ–ਪ੍ਰਮੇਸਰ ਨੇ।੧। ਨਵ ਨਿਧਿ–ਧਰਤੀ ਦੇ ਸਾਰੇ ਖਜਾਨੇ। ਸਿਧਿ ਰਿਧਿ–ਕਰਾਮਾਤੀ ਸ਼ਕਤੀਆਂ। ਦੀਨੇ–ਦਿਤੇ ਹਨ। ਤੋਟਿ–ਘਾਟਾ। ਕਾਈ–ਕੋਈ। ਬਿਲਛਤ–ਅਨੰਦ ਮਾਣਦਿਆਂ। ਸਵਾਈ ਜਾਈ–ਵਧਦੀ ਜਾਂਦੀ ਹੈ। ਨਿਖਟਿ ਨ–ਮੁਕਦੀ ਨਹੀਂ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਨਣ ਵਾਲਾ। ਕੋਟਿ–ਕ੍ਰੋੜਾਂ। ਸਗਲੇ–ਸਾਰੇ। ਉਠਿ ਨਾਠੇ–ਉਠ ਕੇ ਨੱਠ ਗਏ। ਸਾਂਤਿ–ਸ਼ਾਂਤੀ। ਸਹਜ–ਸੁਭਾਵਕ ਹੀ। ਘਨੇਰੇ–ਬੇਅੰਤ। ਬਿਨਸੀ–ਨਾਸ਼ ਹੋ ਗਈ। ਸਬਾਈ–ਸਾਰੀ। ਗਾਵਹਿ–ਗਾਉਂਦੇ ਹਾਂ। ਸੁਆਮੀ ਕੇ–ਮਾਲਕ ਪ੍ਰਭੂ ਦੇ। ਅਚਰਜੁ–ਹੈਰਾਨ ਕਰਨ ਵਾਲੀ।੨।

ਜਿਸ ਕਾ ਕਾਰਜੁ ਤਿਨ ਹੀ ਕੀਆ, ਮਾਣਸੁ ਕਿਆ ਵੇਚਾਰਾ ਰਾਮ ॥ ਭਗਤ ਸੋਹਨਿ ਹਰਿ ਕੇ ਗੁਣ ਗਾਵਹਿ, ਸਦਾ ਕਰਹਿ ਜੈਕਾਰਾ ਰਾਮ ॥ ਗੁਣ ਗਾਇ ਗੋਬਿੰਦ ਅਨਦ ਉਪਜੇ, ਸਾਧ ਸੰਗਤਿ ਸੰਗਿ ਬਨੀ ॥ ਜਿਨਿ ਉਦਮੁ ਕੀ ਤਾਲ ਕੇਰਾ, ਤਿਸ ਕੀ ਉਪਮਾ ਕਿਆ ਗਨੀ ॥ ਅਠਸਠਿ ਤੀਰਥ ਪੁੰਨ ਕਿਰਿਆ, ਮਹਾ ਨਿਰਮਲ ਚਾਰਾ ॥ ਪਤਿਤ ਪਾਵਨੁ ਬਿਰਦੁ ਸੁਆਮੀ, ਨਾਨਕ ਸਬਦ ਅਧਾਰਾ ॥੩

॥ ਗੁਣ ਨਿਧਾਨ ਮੇਰਾ ਪ੍ਰਭੁ ਕਰਤਾ, ਉਸਤਤਿ ਕਉਨੁ ਕਰੀਜੈ ਰਾਮ ॥ ਸੰਤਾ ਕੀ ਬੇਨੰਤੀ ਸੁਆਮੀ, ਨਾਮੁ ਮਹਾ ਰਸੁ ਦੀਜੈ ਰਾਮ ॥ ਨਾਮੁ ਦੀਜੈ ਦਾਨੁ ਕੀਜੈ, ਬਿਸਰੁ ਨਾਹੀ ਇਕ ਖਿਨੋ ॥ ਗੁਣ ਗੋਪਾਲ ਉਚਰੁ ਰਸਨਾ, ਸਦਾ ਗਾਈਐ ਅਨਦਿਨੋ ॥ ਜਿਸੁ ਪ੍ਰੀਤਿ ਲਾਗੀ ਨਾਮ ਸੇਤੀ, ਮਨੁ ਤਨੁ ਅੰਮ੍ਰਿਤ ਭੀਜੈ ॥ ਬਿਨਵੰਤਿ ਨਾਨਕ ਇਛ ਪੁੰਨੀ, ਪੇਖਿ ਦਰਸਨੁ ਜੀਜੈ ॥੪॥੭॥੧੦॥ ਹੇ ਭਾਈ! ਜਿਸ ਪ੍ਰਮੇਸਰ ਦਾ (ਹਰਿਮੰਦਰ ਸਾਹਿਬ ਦੀ ਰਚਨਾ ਦਾ) ਕੰਮ ਸੀ, ਉਸ ਨੇ ਹੀ ਸੰਪੂਰਨ ਕੀਤਾ ਹੈ, ਮਨੁੱਖ ਵਿਚਾਰਾ ਕੀ ਕਰ ਸਕਦਾ ਹੈ? (ਐਸਾ ਮਹਾਨ ਕਾਰਜ ਮਨੁੱਖ ਤੋਂ ਨਹੀਂ ਹੋ ਸਕਦਾ)। ਹੇ ਭਾਈ! (ਹਰਿਮੰਦਰ ਸਾਹਿਬ ਵਿਚ ਪ੍ਰਮੇਸਰ ਦੇ) ਭਗਤ ਗੁਣ ਗਾਉਂਦੇ ਹੋਏ ਸੋਭਦੇ ਹਨ ਅਤੇ (ਪ੍ਰਭੂ ਦੀ) ਸਦਾ ਜੈ ਜੈਕਾਰ ਕਰਦੇ ਹਨ। ਗੋਬਿੰਦ ਦੇ ਗੁਣ ਗਾ ਕੇ (ਉਨ੍ਹਾਂ ਦੇ ਹਿਰਦੇ ਅੰਦਰ) ਅਨੰਦ ਪੈਦਾ ਹੁੰਦਾ ਹੈ ਅਤੇ ਸਾਧ ਸੰਗਤ ਨਾਲ (ਉਨ੍ਹਾਂ ਦੀ) ਪ੍ਰੀਤੀ ਬਣੀ ਰਹਿੰਦੀ ਹੈ। ਜਿਸ (ਪ੍ਰਭੂ ਰੂਪ ਗੁਰੂ ਰਾਮਦਾਸ ਜੀ) ਨੇ ਤਾਲ ਬਣਾਉਣ ਦਾ ਉਦਮ ਕੀਤਾ ਹੈ, ਉਸ ਦੀ ਉਪਮਾ ਕੀ ਗਿਣ ਸਕਦਾ ਹਾਂ? (ਇਸ ਤਾਲ ਦੇ ਇਸ਼ਨਾਨ ਵਿਚ) ਅਠਾਹਠ ਤੀਰਥ, ਪੁੰਨ ਕਰਮ ਤੇ ਵੱਡੇ ਵੱਡੇ ਪਵਿਤ੍ਰ ਕਰਮ ਸਭ ਆ ਗਏ ਹਨ। ਜਿਸ ਮਾਲਕ ਪ੍ਰਭੂ ਦਾ ਧਰਮ ਪਾਪੀਆਂ ਨੂੰ ਪਵਿਤ੍ਰ ਕਰਨ ਦਾ ਹੈ, ਨਾਨਕ ਗੁਰੂ ਜੀ ਆਖਦੇ ਹਨ (ਕਿ ਅੰਮ੍ਰਿਤਸਰ ਵਿਚ ਉਸ ਦੇ) ਸ਼ਬਦ ਦਾ ਆਸਰਾ ਹੈ।੩। ਹੇ ਭਾਈ! ਮੇਰਾ ਸਿਰਜਨਹਾਰ ਪ੍ਰਭੂ ਗੁਣਾਂ ਦਾ ਖਜਾਨਾ ਹੈ, (ਉਸ ਦੀ) ਕਿਹੜੀ ਕਿਹੜੀ ਉਸਤਤੀ ਕਰੀਏ? (ਕਿਉਂਕਿ ਉਸਦੀ ਪੂਰੀ ਮਹਿਮਾਂ ਕਹੀ ਨਹੀਂ ਜਾ ਸਕਦੀ)। ਹੇ ਮਾਲਕ ਪ੍ਰਭੂ! (ਤੇਰੇ ਚਰਨਾਂ ਵਿਚ) ਸੰਤਾਂ ਦੀ ਬੇਨਤੀ ਹੈ ਕਿ (ਸਾਨੂੰ) ਨਾਮ ਰੂਪ ਮਹਾਨ ਰਸ ਬਖਸ਼ ਦੇ।(ਹੇ ਪ੍ਰਭੂ! ਸਾਨੂੰ ਅਪਣਾ) ਨਾਮ ਦੇਹ ਅਤੇ ਐਸਾ ਦਾਨ ਕਰ ਦੇਹ ਕਿ (ਤੇਰਾ ਨਾਮ ਸਾਡੇ ਮਨ ਵਿਚੋਂ) ਇਕ ਖਿਨ ਵੀ ਨਾ ਭੁਲ ਸਕੇ।(ਹੇ ਭਾਈ! ਅਪਣੀ) ਜੀਭ ਨਾਲ ਗੋਪਾਲ ਦਾ ਨਾਮ ਉਚਾਰਨ ਕਰਦਾ ਰਹੁ ਅਤੇ ਹਰ ਰੋਜ (ਉਸ ਦੇ) ਗੁਣ ਗਾਉਣੇ ਚਾਹੀਦੇ ਹਨ। ਜਿਸ ਮਨੁੱਖ ਦੀ ਹਰੀ ਦੇ ਨਾਮ ਨਾਲ ਪ੍ਰੀਤ ਲੱਗੀ ਹੋਈ ਹੈ, (ਉਸ ਦਾ) ਮਨ ਤੇ ਤਨ ਨਾਮ ਰੂਪ ਅੰਮ੍ਰਿਤ ਨਾਲ ਭਿੱਜ ਜਾਂਦਾ ਹੈ। ਨਾਨਕ ਬੇਨਤੀ ਕਰਦਾ ਹੈ ਕਿ ਮੇਰੀ ਇੱਛਾ ਪੂਰੀ ਹੋ ਗਈ ਹੈ ਅਤੇ ਮੈਂ ਪ੍ਰਭੂ ਦੇ ਦਰਸ਼ਨ ਦੇਖ ਕੇ ਜਿਉਂਦਾ ਹਾਂ।੪।੭।੧੦।

ਪਦਾਰਥ = ਕਾ–ਦਾ। ਕਾਰਜੁ–ਕੰਮ। ਤਿਨ ਹੀ–ਉਸ ਨੇ ਹੀ। ਕੀਆ–ਕੀਤਾ ਹੈ। ਮਾਣਸੁ–ਮਨੁੱਖ। ਕਿਆ ਵੇਚਾਰਾ–ਵਿਚਾਰਾ ਕੀ ਕਰ ਸਕਦਾ ਹੈ। ਸੋਹਨਿ–ਸੋਭਦੇ ਹਨ। ਗਾਵਹਿ–ਗਾਉਂਦੇ ਹਨ। ਕਰਹਿ ਜੈਕਾਰਾ–ਜੈ ਜੈਕਾਰ (ਉਪਮਾ) ਕਰਦੇ ਹਨ। ਗਾਇ–ਗਾ ਕੇ। ਉਪਜੇ ਪੈਦਾ ਹੁੰਦਾ ਹੈ। ਸੰਗਿ–ਨਾਲ। ਬਨੀ–ਬਣੀ ਰਹਿੰਦੀ ਹੈ। ਜਿਨਿ–ਜਿਸ ਨੇ। ਤਾਲ ਕੇਰਾ–ਸਰੋਵਰ (ਤਿਆਰ ਕਰਨ) ਦਾ। ਤਿਸ ਕੀ–ਉਸ ਦੀ। ਕਿਆ ਗਨੀ–ਕੀ ਗਿਣ ਸਕਦਾ ਹਾਂ। ਅਠਸਠਿ–ਅਠਾਹਠ। ਕਿਰਿਆ–ਕਰਮ। ਨਿਰਮਲ ਚਾਰਾ–ਪਵਿਤ੍ਰ ਕਰਮ। ਪਤਿਤ ਪਾਵਨੁ–ਪਾਪੀਆਂ ਨੂੰ ਪਵਿਤ੍ਰ ਕਰਨਾ। ਬਿਰਦੁ–ਧਰਮ; ਸੁਭਾਉ। ਅਧਾਰਾ–ਆਸਰਾ।੩। ਗੁਣ ਨਿਧਾਨ–ਗੁਣਾਂ ਦਾ ਖਜਾਨਾ। ਕਰਤਾ–ਸਿਰਜਨਹਾਰ। ਕਉਨੁ–ਕਿਹੜੇ। ਕਰੀਜੈ–ਕਰ ਸਕਦਾ ਹੈ। ਸੁਆਮੀ–ਹੇ ਮਾਲਕ!। ਦੀਜੈ–ਦੇ ਦੇਹ। ਕੀਜੈ–ਕਰ। ਬਿਸਰੁ ਨਾਹੀ–ਨਾ ਭੁੱਲੇ। ਖਿਨੋ–ਬਹੁਤ ਥੋੜਾ ਸਮਾਂ। ਰਸਨਾ–ਜੀਭ ਨਾਲ। ਗਾਈਐ–ਗਾਉਣੇ ਚਾਹੀਦੇ ਹਨ। ਅਨਦਿਨੋ–ਹਰ ਰੋਜ। ਸੇਤੀ–ਨਾਲ। ਤਨੁ–ਸਰੀਰ। ਭੀਜੈ–ਭਿੱਜ ਜਾਂਦਾ ਹੈ। ਬਿਨਵੰਤਿ–ਬੇਨਤੀ ਕਰਦਾ ਹੈ। ਪੁੰਨੀ–ਪੂਰੀ ਹੋ ਗਈ। ਜੀਜੈ–ਜਿਉਂਦਾ ਹੈ।੪।੭।੧੦।

ਰਾਗੁ ਸੂਹੀ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ ॥ ਮਿਠ ਬੋਲੜਾ ਜੀ, ਹਰਿ ਸਜਣੁ ਸੁਆਮੀ ਮੋਰਾ ॥ ਹਉ ਸੰਮਲਿ ਥਕੀ ਜੀ, ਓਹੁ ਕਦੇ ਨ ਬੋਲੈ ਕਉਰਾ ॥ ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ, ਅਉਗਣੁ ਕੋ ਨ ਚਿਤਾਰੇ ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ, ਇਕੁ ਤਿਲੁ ਨਹੀ ਭੰਨੈ ਘਾਲੇ ॥ ਘਟ ਘਟ ਵਾਸੀ ਸਰਬ ਨਿਵਾਸੀ, ਨੇਰੈ ਹੀ ਤੇ ਨੇਰਾ ॥ ਨਾਨਕ ਦਾਸੁ ਸਦਾ ਸਰਣਾਗਤਿ, ਹਰਿ ਅੰਮ੍ਰਿਤ ਸਜਣੁ ਮੇਰਾ ॥੧॥ ਹਉ ਬਿਸਮੁ ਭਈ ਜੀ, ਹਰਿ ਦਰਸਨੁ ਦੇਖਿ ਅਪਾਰਾ ॥ ਮੇਰਾ ਸੁੰਦਰੁ ਸੁਆਮੀ ਜੀ, ਹਉ ਚਰਨ ਕਮਲ ਪਗ ਛਾਰਾ ॥ ਪ੍ਰਭ ਪੇਖਤ ਜੀਵਾ ਠੰਢੀ ਥੀਵਾ, ਤਿਸੁ ਜੇਵਡੁ ਅਵਰੁ ਨ ਕੋਈ ॥ ਆਦਿ ਅੰਤਿ ਮਧਿ ਪ੍ਰਭੁ ਰਵਿਆ ,ਜਲਿ ਥਲਿ ਮਹੀਅਲਿ ਸੋਈ ॥ ਚਰਨ ਕਮਲ ਜਪਿ ਸਾਗਰੁ ਤਰਿਆ, ਭਵਜਲ ਉਤਰੇ ਪਾਰਾ ॥ ਨਾਨਕ ਸਰਣਿ ਪੂਰਨ ਪਰਮੇਸੁਰ, ਤੇਰਾ ਅੰਤੁ ਨ ਪਾਰਾਵਾਰਾ ॥੨॥ (ਹੇ ਭਾਈ!) ਮੇਰਾ ਮਾਲਕ ਹਰੀ ਸੱਜਣ ਮਿੱਠਾ ਬੋਲਣ ਵਾਲਾ ਹੈ। ਮੈਂ (ਇਹ ਗਲ) ਯਾਦ ਕਰਕੇ ਥਕ ਗਈ ਹਾਂ (ਕਿ ਜੇ ਕਿਤੇ ਉਹ ਕੌੜਾ ਬੋਲਿਆ ਹੋਵੇ, ਪਰ) ਉਹ ਕਦੇ ਵੀ ਕੌੜਾ ਬਚਨ ਨਹੀਂ ਬੋਲਦਾ।(ਉਹ) ਪੂਰਨ ਭਗਵਾਨ ਕੌੜਾ ਬੋਲ ਬੋਲਣ ਨਹੀਂ ਜਾਣਦਾ ਅਤੇ (ਅਪਣੇ ਦਾਸਾਂ ਦਾ) ਕੋਈ ਔਗਣ ਵੀ ਨਹੀਂ ਚਿਤਾਰਦਾ। ਹਰੀ ਪਾਪੀਆਂ ਨੂੰ ਪਵਿਤ੍ਰ ਕਰਨਾ ਅਪਣਾ ਧਰਮ ਸਦਾਉਂਦਾ ਹੈ ਅਤੇ (ਕਿਸੇ ਮਨੁੱਖ ਦੀ) ਇਕ ਤਿਲ ਭਰ ਕੀਤੀ ਮੇਹਨਤ ਨੂੰ ਤੋੜਦਾ ਨਹੀਂ (ਫਲ ਜਰੂਰ ਦੇਂਦਾ ਹੈ। ਉਹ) ਹਰੇਕ ਜੀਵ ਵਿਚ ਵਸਦਾ ਹੈ, ਸਭ ਜਗ੍ਹਾ ਦਾ ਨਿਵਾਸੀ ਹੈ ਅਤੇ (ਉਹ ਸਭ ਦੇ) ਨੇੜੇ ਤੋਂ ਵੀ ਨੇੜੇ ਹੈ। ਦਾਸ ਨਾਨਕ ਸਦਾ

ਪ੍ਰਭੂ ਦੀ ਸ਼ਰਣ ਵਿਚ ਪਿਆ ਰਹਿੰਦਾ ਹਾਂ, ਮੇਰਾ ਹਰੀ ਸੱਜਣ ਅੰਮ੍ਰਿਤ ਰੂਪ ਹੈ।੧।(ਹੇ ਭਾਈ!) ਬੇਅੰਤ ਹਰੀ ਦਾ ਦਰਸ਼ਨ ਦੇਖ ਕੇ ਮੈਂ ਹੈਰਾਨ ਹੋ ਰਹੀ ਹਾਂ।ਮੇਰਾ ਮਾਲਕ ਪ੍ਰਭੂ ਸੁੰਦਰ ਹੈ, ਮੈਂ (ਉਸ ਦੇ) ਚਰਨ ਕਮਲਾਂ ਦੇ ਕਦਮਾਂ ਦੀ ਧੂੜ ਹਾਂ।ਮੈਂ ਪ੍ਰਭੂ ਨੂੰ ਦੇਖ ਕੇ ਜਿਉਂਦੀ ਹਾਂ ਤੇ ਸ਼ਾਂਤ ਚਿਤ ਹੋ ਜਾਂਦੀ ਹਾਂ, ਉਸ ਦੇ ਜਿਤਨਾ ਵੱਡਾ ਹੋਰ ਕੋਈ ਨਹੀਂ।ਪ੍ਰਭੂ ਸ੍ਰਿਸਟੀ ਰਚਨਾ ਦੇ ਸ਼ੁਰੂ ਵਿਚ ਸੀ, ਸ੍ਰਿਸਟੀ ਦਾ ਅੰਤ ਹੋਣ ਦੇ ਸਮੇਂ ਵਿਚ ਵੀ ਹੋਵੇਗਾ ਅਤੇ ਹੁਣ ਵਰਤਮਾਨ ਸਮੇਂ ਵਿਚ ਵੀ ਵਿਆਪਕ ਹੈ, ਪਾਣੀ ਵਿਚ, ਸੁੱਕੀ ਧਰਤੀ ਵਿਚ ਅਤੇ ਅਕਾਸ਼ ਤੇ ਧਰਤੀ ਦੇ ਵਿਚਾਲੇ (ਪੁਲਾੜ ਵਿਚ) ਵੀ ਉਹ ਹੀ ਹੈ।(ਉਸ ਦੇ) ਚਰਨ ਕਮਲ ਹਿਰਦੇ ਵਿਚ ਵਸਾ ਕੇ ਅਤੇ ਨਾਮ ਜਪ ਕੇ ਸੰਸਾਰ ਸਮੁੰਦਰ ਤੋਂ ਤਰਿਆ ਜਾ ਸਕਦਾ ਹੈ, (ਹਰੀ ਦਾ ਨਾਮ ਜਪ ਕੇ) ਅਨੇਕਾਂ ਜੀਵ ਸੰਸਾਰ ਸਮੁੰਦਰ ਤੋ ਪਾਰ ਲੰਘ ਗਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪੂਰਨ ਪ੍ਰਮੇਸਰ! ਮੈਂ ਤੇਰੀ ਸ਼ਰਣ ਵਿਚ ਹਾਂ, ਤੇਰੇ ਪਾਰਾਵਾਰ ਦਾ ਅੰਤ ਨਹੀਂ।੨।

ਪਦਾਰਥ = ਮਿਠ ਬੋਲੜਾ–ਮਿਠਾ ਬੋਲਣ ਵਾਲਾ।ਜੀ–ਹੇ ਭਾਈ!।ਸੁਆਮੀ–ਮਾਲਕ।ਮੋਰਾ–ਮੇਰਾ।ਹਉ–ਮੈਂ।ਸੰਮਲਿ ਥਕੀ–ਯਾਦ (ਪਰਖ) ਕਰਕੇ ਥੱਕ ਗਈ ਹਾਂ।ਕਉਰਾ–ਕੌੜਾ।ਬੋਲਿ ਨ ਜਾਨੈ–ਬੋਲਣ ਨਹੀਂ ਜਾਣਦਾ।ਕੋ–ਕੋਈ।ਨ ਚਿਤਾਰੇ–ਯਾਦ ਨਹੀਂ ਰੱਖਦਾ। ਪਤਿਤ ਪਾਵਨੁ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਬਿਰਦੁ–ਧਰਮ; ਸੁਭਾਉ।ਸਦਾਏ–ਕਹਾਉਂਦਾ ਹੈ।ਤਿਲੁ–ਥੋੜਾ ਜਿਹਾ ਵੀ।ਨਹੀ ਭੰਨੈ–ਤੋੜਦਾ ਨਹੀਂ (ਬਿਅਰਥ ਨਹੀਂ ਜਾਣ ਦੇਂਦਾ)।ਘਾਲੇ–ਕੀਤੀ ਮੇਹਨਤ ਨੂੰ।ਘਟ ਘਟ–ਹਰੇਕ ਜੀਵ ਵਿਚ।ਵਾਸੀ–ਵਸਦਾ ਹੈ ।ਸਰਬ ਨਿਵਾਸੀ–ਸਭ ਜਗ੍ਹਾ ਵਸਣ ਵਾਲਾ ਹੈ।ਨੇਰੈ ਹੀ ਤੇ ਨੇਰਾ–ਨੇੜੇ ਤੋਂ ਵੀ ਨੇੜੇ।ਸਰਣਾਗਤਿ–ਸਰਣ ਵਿਚ ਆਇਆ ਹੈ।੧। ਬਿਸਮੁ ਭਈ–ਹੈਰਾਨ ਹੋ ਰਹੀ ਹਾਂ।ਅਪਾਰਾ–ਬੇਅੰਤ ਪ੍ਰਭੂ ਦਾ।ਚਰਨ ਕਮਲ–ਕਮਲ ਫੁੱਲ ਵਰਗੇ ਸੋਹਣੇ ਚਰਨ।ਪਗ ਛਾਰਾ–ਪੈਰਾਂ ਦੀ ਧੂੜ।ਪੇਖਤ–ਦੇਖਦਿਆਂ।ਜੀਵਾ–ਜਿਉਂਦੀ ਹਾਂ।ਠੰਢੀ ਥੀਵਾ–ਸ਼ਾਂਤ ਚਿਤ ਹੋ ਜਾਂਦੀ ਹਾਂ।ਜੇਵਡੁ–ਜਿਤਨਾ ਵੱਡਾ; ਬਰਾਬਰ ਦਾ। ਅਵਰੁ–ਹੋਰ।ਆਦਿ–ਸ੍ਰਿਸਟੀ ਦੇ ਸ਼ੁਰੂ ਵਿਚ।ਮਧਿ–ਵਰਤਮਾਨ ਸਮੇਂ ਵਿਚ।ਅੰਤਿ–ਸ੍ਰਿਸਟੀ ਦਾ ਅੰਤ ਹੋਣ ਸਮੇਂ ਵਿਚ। ਰਵਿਆ–ਵਿਆਪਕ ਹੈ।ਥਲਿ–ਸੁੱਕੀ ਧਰਤੀ ਵਿਚ।ਮਹੀ ਅਲਿ–ਧਰਤੀ ਤੇ ਅਕਾਸ਼ ਵਿਚਾਲੇ।ਸੋਈ–ਉਹ ਹੀ।ਸਾਗਰੁ–ਸੰਸਾਰ ਸਮੁੰਦਰ। ਭਵਜਲ–ਸੰਸਾਰ ਸਮੁੰਦਰ।ਉਤਰੇ ਪਾਰਾ–ਪਾਰ ਲੰਘ ਗਏ।ਪਾਰਾਵਾਰਾ–ਉਰਲਾ ਕੰਢਾ ਤੇ ਪਾਰਲਾ ਕੰਢਾ।੨।

ਹਉ ਨਿਮਖ ਨ ਛੋਡਾ ਜੀ, ਹਰਿ ਪ੍ਰੀਤਮ ਪ੍ਰਾਨ ਅਧਾਰੋ ॥ ਗੁਰਿ ਸਤਿਗੁਰ ਕਹਿਆ ਜੀ, ਸਾਚਾ ਅਗਮ ਬੀਚਾਰੋ ॥ ਮਿਲਿ ਸਾਧੂ ਦੀਨਾ ਤਾ ਨਾਮੁ ਲੀਨਾ, ਜਨਮ ਮਰਣ ਦੁਖ ਦੁਖ ਨਾਠੇ ॥ ਸਹਜ ਸੂਖ ਆਨੰਦ ਘਨੇਰੇ, ਹਉਮੈ ਬਿਨਠੀ ਗਾਠੇ ॥ ਸਭ ਕੈ ਮਧਿ ਸਭ ਹੂ ਤੇ ਬਾਹਰਿ, ਰਾਗ ਦੋਖ ਤੇ ਨਿਆਰੋ ॥ ਹੇ ਭਾਈ! ਹਰੀ ਪ੍ਰੀਤਮ ਜੋ ਮੇਰੇ ਪ੍ਰਾਣਾਂ ਦਾ ਆਸਰਾ ਹੈ, ਮੈਂ ਉਸ ਨੂੰ ਨਿਮਖ ਭਰ ਵੀ ਨਹੀਂ ਛਡ ਸਕਦੀ।ਮਨ ਬਾਣੀ ਦੀ ਪਹੁੰਚ ਤੋਂ ਪਰੇ ਜੋ ਸੱਚਾ ਪ੍ਰਭੂ ਹੈ, (ਮੈਨੂੰ ਉਸ ਦਾ) ਵਿਚਾਰ ਪੂਜਨੀਕ ਸਤਿਗੁਰੂ ਨੇ ਦਸਿਆ ਹੈ ।ਮੈਂ ਸਾਧੂ ਗੁਰੂ ਨੂੰ ਮਿਲ ਕੇ ਅਪਣਾ ਮਨ ਦਿਤਾ, ਤਾਂ ਹਰੀ ਦਾ ਨਾਮ ਲਿਆ, (ਇਸ ਨਾਮ ਦੇ ਜਪਣ ਨਾਲ ਮੇਰੇ) ਜਨਮ ਮਰਣ ਦੇ ਦੁਖ ਨੱਠ ਗਏ ਹਨ।(ਜਿਸ ਕਰਕੇ ਮੈਨੂੰ) ਕੁਦਰਤੀ ਸੁਖ ਤੇ ਘਨੇਰੇ ਅਨੰਦ ਪ੍ਰਾਪਤ ਹੋ ਗਏ ਅਤੇ ਹਉਮੈ ਦੀ ਗੰਢ ਨਾਸ਼ ਹੋਈ ਹੈ।(ਹੇ ਭਾਈ!) ਪ੍ਰਭੂ ਸਾਰੇ ਜੀਵਾਂ ਵਿਚ ਵਿਆਪਕ ਹੈ, ਬਾਹਰ ਵੀ ਮੌਜੂਦ ਹੈ ਅਤੇ ਉਹ ਪ੍ਰੇਮ ਤੇ ਵੈਰ ਭਾਵ ਤੋਂ ਨਿਰਲੇਪ ਹੈ।

ਅੰਗ ੭੮੫ = ਨਾਨਕ ਦਾਸ ਗੋਬਿੰਦ ਸਰਣਾਈ, ਹਰਿ ਪ੍ਰੀਤਮੁ ਮਨਹਿ ਸਧਾਰੋ ॥੩॥ ਮੈ ਖੋਜਤ ਖੋਜਤ ਜੀ, ਹਰਿ ਨਿਹਚਲੁ ਸੁ ਘਰੁ ਪਾਇਆ ॥ ਸਭਿ ਅਧ੍ਰੁਵ ਡਿਠੇ ਜੀਉ ,ਤਾ ਚਰਨ ਕਮਲ ਚਿਤੁ ਲਾਇਆ ॥ ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ, ਮਰੈ ਨ ਆਵੈ ਜਾਏ ॥ ਧਰਮ ਅਰਥ ਕਾਮ ਸਭਿ ਪੂਰਨ, ਮਨਿ ਚਿੰਦੀ ਇਛ ਪੁਜਾਏ ॥ ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ, ਸਿਧ ਸਾਧਿਕ ਮੁਨਿ ਜਨ ਧਿਆਇਆ ॥ ਨਾਨਕ ਸਰਨਿ ਕ੍ਰਿਪਾ ਨਿਧਿ ਸੁਆਮੀ, ਵਡਭਾਗੀ ਹਰਿ ਹਰਿ ਗਾਇਆ ॥੪॥੧॥੧੧॥ ਦਾਸ ਨਾਨਕ ਗੋਬਿੰਦ ਦੀ ਸ਼ਰਣ ਵਿਚ ਆਇਆ ਹੈ, (ਜਿਸ) ਪਿਆਰੇ ਹਰੀ ਦਾ ਮਨ ਨੂੰ ਆਸਰਾ ਹੈ।੩।ਹੇ ਭਾਈ! (ਮਨ ਨੂੰ) ਖੋਜਦਿਆਂ (ਸਰੀਰ ਨੂੰ) ਖੋਜਦਿਆਂ ਮੈਂ ਪ੍ਰਭੂ ਦਾ ਉਹ ਘਰ ਪਾਇਆ ਹੈ, ਜੋ ਨਿਸਚਲ ਹੈ।ਹੇ ਭਾਈ! ਜਦ ਮੈਂ ਸਾਰੇ ਪਦਾਰਥ ਨਾਸ਼ਵੰਤ ਦੇਖੇ, ਤਾਂ ਮੈਂ ਪ੍ਰਭੂ ਦੇ ਚਰਨ ਕਮਲਾਂ ਨਾਲ ਚਿਤ ਲਾ ਲਿਆ।(ਕਿਉਂਕਿ) ਪ੍ਰਭੂ ਨਾਸ਼ ਰਹਿਤ ਹੈ, ਉਹ ਨਾ ਮਰਦਾ ਹੈ ਤੇ ਨਾ ਆਉਂਦਾ ਜਾਂਦਾ ਹੈ, (ਇਸ ਕਰਕੇ) ਮੈਂ ਉਸ ਦੀ ਦਾਸੀ ਬਣ ਗਈ ਹਾਂ।ਧਰਮ ਅਰਥ ਕਾਮ ਤੇ ਮੋਖ ਆਦਿ ਸਭ ਪਦਾਰਥ (ਉਸ ਵਿਚ) ਭਰੇ ਪਏ ਹਨ ਅਤੇ ਮਨ ਵਿਚ ਸੋਚੀ ਹੋਈ ਇੱਛਾ ਪੂਰੀ ਕਰਦਾ ਹੈ।ਸਿਮ੍ਰਤੀਆਂ ਤੇ ਵੇਦਾਂ ਦੁਆਰਾ ਲੋਕ ਕਰਤਾਰ ਦੇ ਗੁਣ ਗਾਉਂਦੇ ਹਨ, ਸਿੱਧਾਂ, ਸਾਧਿਕਾਂ ਅਤੇ ਮੁਨੀ ਜਨਾਂ ਨੇ ਵੀ ਪ੍ਰਭੂ ਨੂੰ ਸਿਮਰਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਕ੍ਰਿਪਾ ਦਾ ਖਜਾਨਾ ਹੈ, ਵੱਡੇ ਭਾਗਾਂ ਵਾਲੇ ਪੁਰਖ ਨੇ ਹੀ ਉਸ ਦੀ ਸ਼ਰਨ ਵਿਚ ਪੈ ਕੇ ਹਰਿ ਦਾ ਜਸ ਗਾਇਆ ਹੈ।੪।੧।੧੧।

ਪਦਾਰਥ = ਹਉ-ਮੈਂ। ਨਿਮਖ-ਅੱਖ ਝਮਕਣ ਜਿੰਨਾ ਸਮਾਂ। ਨ ਛੋਡਾ-ਨਹੀਂ ਛਡਦਾ। ਜੀ-ਹੇ ਭਾਈ!। ਪ੍ਰੀਤਮ-ਪਿਆਰਾ। ਮਨਹਿ-ਮਨ ਨੂੰ। ਪ੍ਰਾਨ ਅਧਾਰੋ-ਪ੍ਰਾਣਾਂ ਦਾ ਆਸਰਾ। ਗੁਰਿ ਸਤਿਗੁਰ-ਪੂਜਨੀਕ ਸਤਿਗੁਰੂ ਨੇ। ਕਹਿਆ-ਦਸਿਆ ਹੈ। ਸਾਚਾ ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ ਸੱਚਾ ਪ੍ਰਭੂ। ਸਾਧੂ-ਸਾਧੂ ਗੁਰੂ। ਦੀਨਾ-ਦਿਤਾ। ਲੀਨਾ-ਲਿਆ। ਨਾਠੇ-ਨੱਠ ਗਏ। ਸਹਜ ਸੂਖ-ਕੁਦਰਤੀ ਸੁਖ। ਘਨੇਰੇ-ਬੇਅੰਤ। ਬਿਨਠੀ-ਨਾਸ਼ ਹੋ ਗਈ। ਗਾਠੇ-ਗੰਢ। ਕੈ-ਦੇ। ਮਧਿ-ਵਿਚ। ਸਭ ਹੂ ਤੇ-ਸਭ ਤੋਂ। ਰਾਗ-ਮੋਹ; ਪ੍ਰੇਮ। ਦੋਖ-ਵੈਰ ਭਾਵ; ਦੋਸ਼। ਨਿਆਰੋ-ਨਿਰਲੇਪ। ਮਨਹਿ-ਮਨ ਨੂੰ। ਸਧਾਰੋ-ਆਸਰਾ। ੩। ਖੋਜਤ-ਖੋਜਦਿਆਂ। ਨਿਹਚਲੁ-ਅਚੱਲ (ਨਾਸ਼ ਨਾ ਹੋਣ ਵਾਲਾ)। ਸੁ-ਉਹ। ਅਧ੍ਰੁਵ-ਨਾਸ਼ਵੰਤ। ਡਿਠੇ-ਦੇਖੇ। ਜੀਉ-ਹੇ ਭਾਈ!। ਤਿਸ ਕੀ-ਉਸ ਦੀ। ਨ ਆਵੈ ਜਾਇ-ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ। ਧਰਮ-ਚੰਗੇ ਗੁਣਾਂ ਦਾ ਧਾਰਨੀ ਹੋਣਾ। ਅਰਥ-ਜੀਵਨ ਦੀਆਂ ਲੋੜਾਂ ਦੀ ਪੂਰਨਤਾ। ਕਾਮ-ਇੱਛਾ; ਸਫਲਤਾ। ਪੂਰਨ-ਭਰੇ ਪਏ ਹਨ। ਮਨਿ ਚਿੰਦੀ-ਮਨ ਵਿਚ ਸੋਚੀ ਹੋਈ। ਪੁਜਾਏ-ਪੂਰੀ ਕਰਦਾ ਹੈ। ਸ੍ਰੁਤਿ-ਵੇਦ। ਸਿਮ੍ਰਿਤਿ-੨੭ ਸਿਮ੍ਰਤੀਆਂ। ਗਾਵਹਿ-ਗਾਉਂਦੇ ਹਨ। ਕਰਤੇ-ਕਰਤਾਰ ਦੇ। ਸਿਧ-ਕਰਾਮਾਤੀ ਜੋਗੀ। ਸਾਧਿਕ-ਸਾਧਨਾ ਕਰਨ ਵਾਲੇ ਸਾਧੂ। ਮੁਨਿ ਜਨ-ਮੁਨੀ ਲੋਕ। ਕ੍ਰਿਪਾ ਨਿਧਿ-ਕ੍ਰਿਪਾ ਦਾ ਖਜਾਨਾ। ਸੁਆਮੀ-ਮਾਲਕ ਪ੍ਰਭੂ। ਵਡਭਾਗੀ-ਵੱਡੇ ਭਾਗਾਂ ਵਾਲਾ ਪੁਰਖ। ੪। ੧। ੧੧।

ੴ ਸਤਿਗੁਰ ਪ੍ਰਸਾਦਿ ॥ ਵਾਰ ਸੂਹੀ ਕੀ ਸਲੋਕਾ ਨਾਲਿ ਮਹਲਾ ੩ ॥ ਸਲੋਕੁ ਮਃ ੩ ॥ ਸੂਹੈ ਵੇਸਿ ਦੋਹਾਗਣੀ, ਪਰ ਪਿਰੁ ਰਾਵਣ ਜਾਇ ॥ ਪਿਰੁ ਛੋਡਿਆ ਘਰਿ ਆਪਣੈ, ਮੋਹੀ ਦੂਜੈ ਭਾਇ ॥ ਮਿਠਾ ਕਰਿ ਕੈ ਖਾਇਆ, ਬਹੁ ਸਾਦਹੁ ਵਧਿਆ ਰੋਗੁ ॥ ਸੁਧੁ ਭਤਾਰੁ ਹਰਿ ਛੋਡਿਆ, ਫਿਰਿ ਲਗਾ ਜਾਇ ਵਿਜੋਗੁ ॥ ਗੁਰਮੁਖਿ ਹੋਵੈ ਸੁ ਪਲਟਿਆ, ਹਰਿ ਰਾਤੀ ਸਾਜਿ ਸੀਗਾਰਿ ॥ ਸਹਜਿ ਸਚੁ ਪਿਰੁ ਰਾਵਿਆ, ਹਰਿ ਨਾਮਾ ਉਰ ਧਾਰਿ ॥ ਆਗਿਆਕਾਰੀ ਸਦਾ ਸੋੁਹਾਗਣਿ, ਆਪਿ ਮੇਲੀ ਕਰਤਾਰਿ ॥ ਨਾਨਕ ਪਿਰੁ ਪਾਇਆ ਹਰਿ ਸਾਚਾ, ਸਦਾ ਸੋੁਹਾਗਣਿ ਨਾਰਿ ॥੧॥ (ਹੇ ਭਾਈ!) ਲਾਲ ਰੰਗ ਦੇ ਵੇਸ ਵਾਲੀ (ਵਿਆਹੀ ਹੋਈ ਇਸਤ੍ਰੀ) ਪਰਾਏ ਪਤੀ ਨੂੰ ਭੋਗਣ ਜਾਂਦੀ ਹੈ, (ਸਮਝੋ ਉਹ) ਦੁਹਾਗਣ ਹੈ (ਜੋ ਜੀਵ ਇਸਤ੍ਰੀ ਪਖੰਡ ਵਾਲਾ ਵੇਸ ਧਾਰਨ ਕਰਕੇ ਦੇਵੀ ਦੇਵਤਿਆਂ ਨੂੰ ਪੂਜਦੀ ਹੈ, ਉਹ ਰੱਬ ਤੋਂ ਬੇਮੁਖ ਹੈ। ਉਸ ਨੇ) ਅਪਣੇ ਘਰ ਵਿਚ ਵਸਦੇ ਪਤੀ ਨੂੰ ਛਡ ਦਿਤਾ ਹੈ, (ਪਰ ਕਿਸੇ) ਦੂਜੇ ਦੇ ਪਿਆਰ ਵਿਚ ਮੋਹੀ ਹੋਈ ਹੈ (ਹਿਰਦੇ ਵਿਚ ਵਸਦੇ ਪ੍ਰਭੂ ਨੂੰ ਛਡਿਆ ਹੋਇਆ ਹੈ, ਦੂਜੇ ਦੇਵੀ ਦੇਵਤਿਆਂ ਦੇ ਪਿਆਰ ਵਿਚ ਮੋਹੀ ਹੋਈ ਹੈ। ਜਿਨ੍ਹਾਂ ਪਦਾਰਥਾਂ ਨੂੰ) ਮਿੱਠਾ ਸਮਝ ਕਰਕੇ ਖਾਧਾ ਹੈ, (ਉਨ੍ਹਾਂ ਦੇ) ਬਹੁਤੇ ਸੁਆਦਾਂ ਤੋਂ ਰੋਗ ਵਧਿਆ ਹੈ। (ਜਿਸ ਜੀਵ ਇਸਤ੍ਰੀ ਨੇ ਅਪਣੇ) ਪਵਿਤ੍ਰ ਪਤੀ ਨੂੰ ਛਡਿਆ ਹੋਇਆ ਹੈ, (ਉਸ ਨੂੰ ਪ੍ਰਭੂ ਵੱਲੋਂ) ਮੁੜ ਕੇ ਵਿਛੋੜਾ ਲਗ ਜਾਂਦਾ ਹੈ। ਜੋ ਜੀਵ ਇਸਤ੍ਰੀ ਗੁਰੂ ਅਨੁਸਾਰੀ ਹੁੰਦੀ ਹੈ, ਉਹ (ਅਪਣੇ ਜੀਵਨ ਨੂੰ) ਬਦਲ ਲੈਂਦੀ ਹੈ ਅਤੇ (ਉਹ) ਸਜ ਧਜ ਕੇ ਸ਼ਿੰਗਾਰੀ ਹੋਈ ਪਿਆਰ ਨਾਲ ਹਰੀ ਵਿਚ ਜੁੜੀ ਰਹਿੰਦੀ ਹੈ। (ਉਸ ਨੇ) ਹਰੀ ਦਾ ਨਾਮ ਹਿਰਦੇ ਵਿਚ ਧਾਰ ਕੇ ਸਹਜੇ ਹੀ ਸੱਚੇ ਪਤੀ ਪ੍ਰਭੂ ਨੂੰ ਮਾਣਿਆ ਹੈ। (ਪ੍ਰਭੂ ਪਤੀ ਦੀ) ਆਗਿਆ ਵਿਚ ਚੱਲਣ ਵਾਲੀ ਜੀਵ ਇਸਤ੍ਰੀ ਸਦਾ ਸੁਹਾਗ ਭਾਗ ਵਾਲੀ ਹੈ ਅਤੇ ਕਰਤਾਰ ਨੇ ਉਹ ਆਪ ਅਪਣੇ ਨਾਲ ਮੇਲ ਲਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਇਸਤ੍ਰੀ ਸਦਾ ਸੁਹਾਗ ਭਾਗ ਵਾਲੀ ਹੈ, (ਜਿਸ ਨੇ) ਸੱਚੇ ਪਤੀ ਪ੍ਰਭੂ ਪ੍ਰਾਪਤ ਕਰ ਲਿਆ ਹੈ। ੧।
ਪਦਾਰਥ = ਵਾਰ-ਯੁੱਧ ਸਬੰਧੀ ਕਾਵਿ ਰਚਨਾ, ਜਿਸ ਵਿਚ ਸੂਰਵੀਤਾ ਦਾ ਵਰਨਣ ਹੁੰਦਾ ਹੈ। ਸੂਹਾ ਵੇਸਿ-ਲਾਲ ਰੰਗ ਦੇ ਪਹਿਰਾਵੇ ਵਿਚ (ਲਾਲ ਰੰਗ ਦਾ ਪਹਿਰਾਵਾ ਵਿਆਹੀ ਇਸਤ੍ਰੀ ਦੀ ਨਿਸ਼ਾਨੀ ਹੈ)। ਦੋਹਾਗਣੀ-ਪਤੀ ਦੀ ਛੱਡੀ ਹੋਈ ਇਸਤ੍ਰੀ; ਖੋਟੇ ਭਾਗਾਂ ਵਾਲੀ; ਰੱਬ ਤੋਂ ਬੇਮੁਖ। ਪਰ ਪਿਰੁ-ਪਰਾਏ ਪਤੀ ਨੂੰ। ਰਾਵਣਿ ਜਾਇ-ਭੋਗਣ ਜਾਂਦੀ ਹੈ। ਘਰਿ-ਘਰ ਵਿਚ; ਹਿਰਦੇ ਵਿਚ। ਮੋਹੀ-ਮੋਹਿਤ ਹੋ ਗਈ; ਠੱਗੀ ਗਈ। ਦੂਜੈ ਭਾਇ-ਦੂਜੇ ਦੇ ਪਿਆਰ ਵਿਚ। ਬਹੁ-ਬਹੁਤ। ਸਾਦਹੁ-ਸੁਆਦਾਂ ਤੋਂ। ਸੁਧੁ ਭਤਾਰੁ-ਪਵਿਤ੍ਰ ਪਤੀ। ਫਿਰਿ-ਮੁੜ ਕੇ। ਲਗਾ ਜਾਇ ਵਿਜੋਗੁ-ਵਿਛੋੜਾ ਲਗ ਜਾਂਦਾ ਹੈ। ਸੁ-ਉਹ। ਪਲਟਿਆ-ਬਦਲ ਲੈਂਦੀ ਹੈ। ਰਾਤੀ-ਜੁੜੀ ਰਹਿੰਦੀ ਹੈ। ਸਾਜਿ ਸੀਗਾਰਿ-ਸਜ ਧਜ ਕੇ ਸ਼ਿੰਗਾਰੀ ਹੋਈ ਹੈ। ਸਹਜਿ-ਸੁਤੇ ਸਿੱਧ ਹੀ। ਉਰ ਧਾਰਿ-ਹਿਰਦੇ ਵਿਚ ਟਿਕਾ ਕੇ। ਸੋੁਹਾਗਣਿ-ਪਤੀਵ੍ਰਤਾ ਇਸਤ੍ਰੀ। ਮੇਲੀ-ਮਿਲਾ ਲਈ। ਕਰਤਾਰਿ-ਕਰਤਾਰ ਨੇ। ਨਾਰਿ-ਇਸਤ੍ਰੀ। ੧।
ਮਃ ੩ ॥ ਸੂਹਵੀਏ ਨਿਮਾਣੀਏ, ਸੋ ਸਹੁ ਸਦਾ ਸਮ੍ਹਾਲਿ ॥ ਨਾਨਕ ਜਨਮੁ ਸਵਾਰਹਿ ਆਪਣਾ, ਕੁਲੁ ਭੀ ਛੁਟੀ ਨਾਲਿ ॥੨॥ ਹੇ ਸੂਹੇ ਵੇਸ ਵਾਲੀ ਨਿਮਾਣੀ ਜਗਿਆਸੂ ਰੂਪ ਇਸਤ੍ਰੀਏ! (ਹੇ ਮਾਇਆ ਦੇ ਰੰਗ ਵਿਚ ਰੰਗੀ ਹੋਈ ਮਾਣ ਰਹਿਤ ਜੀਵ ਇਸਤ੍ਰੀਏ!) ਤੂੰ ਉਸ ਪਤੀ ਪ੍ਰਭੂ ਨੂੰ ਸਦਾ ਯਾਦ ਕਰ। ਨਾਨਕ ਗੁਰੂ ਜੀ ਆਖਦੇ ਹਨ ਕਿ (ਵਾਹਿਗੁਰੂ ਦਾ ਨਾਮ ਜਪ ਕੇ ਤੂੰ) ਅਪਣਾ ਜਨਮ

ਸਵਾਰ ਲਵੇਂਗੀ ਅਤੇ ਤੇਰੇ ਨਾਲ ਤੇਰੀ ਕੁਲ ਵੀ ਜਮਾਂ ਤੋਂ ਛੁੱਟ ਜਾਏਗੀ।੨।

ਪਉੜੀ ॥ ਆਪੇ ਤਖਤੁ ਰਚਾਇਓਨੁ ,ਆਕਾਸ ਪਤਾਲਾ ॥ ਹੁਕਮੇ ਧਰਤੀ ਸਾਜੀਅਨੁ ,ਸਚੀ ਧਰਮਸਾਲਾ ॥ ਆਪਿ ਉਪਾਇ ਖਪਾਇਦਾ, ਸਚੇ ਦੀਨ ਦਇਆਲਾ ॥ ਸਭਨਾ ਰਿਜਕ ਸੰਬਾਹਿਦਾ, ਤੇਰਾ ਹੁਕਮੁ ਨਿਰਾਲਾ ॥ ਆਪੇ ਆਪਿ ਵਰਤਦਾ, ਆਪੇ ਪ੍ਰਤਿਪਾਲਾ ॥੧॥ ਉਸ ਪ੍ਰਭੂ ਨੇ ਆਪ ਹੀ ਬ੍ਰਹਮੰਡ ਰੂਪ ਤਖਤ ਰਚਾਇਆ ਹੈ ਅਤੇ ਆਪ ਹੀ ਅਕਾਸ਼ (ਤਖਤ ਉਤੇ ਤਾਣਿਆ ਚੰਦੋਆ) ਤੇ ਪਤਾਲ ਬਣਾਏ ਹਨ। ਉਸ ਨੇ ਅਪਣੇ ਹੁਕਮ ਵਿਚ (ਜੀਵਾਂ ਦੇ ਰਹਿਣ ਲਈ) ਧਰਤੀ ਸਾਜੀ ਹੈ, (ਜੋ ਜੀਵਾਂ ਦੇ) ਧਰਮ ਕਮਾਉਣ ਦੀ ਜਗ੍ਹਾ ਹੈ। ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਸੱਚੇ ਪ੍ਰਭੂ! ਤੂੰ ਆਪ ਹੀ (ਜੀਵਾਂ ਨੂੰ) ਪੈਦਾ ਕਰਕੇ ਆਪ ਹੀ ਨਾਸ਼ ਕਰਦਾ ਹੈਂ। ਹੇ ਪ੍ਰਭੂ! ਤੇਰਾ ਹੁਕਮ ਨਿਰਾਲਾ ਹੈ (ਹੁਕਮ ਮੰਨਣ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ), ਤੂੰ ਸਭ ਜੀਵਾਂ ਨੂੰ ਰਿਜਕ ਪਹੁੰਚਾਉਂਦਾ ਹੈਂ। ਤੂੰ ਆਪੇ ਆਪ (ਸਭ ਜਗ੍ਹਾ) ਵਰਤਦਾ ਹੈਂ ਅਤੇ ਆਪ ਹੀ (ਸਭ ਜੀਵਾਂ ਦੀ) ਪਾਲਣਾ ਕਰਦਾ ਹੈਂ।੧।

ਪਦਾਰਥ = ਸੂਹਵੀਏ–ਹੇ ਸੂਹੇ ਵੇਸ ਵਾਲੀਏ! (ਪ੍ਰਭੂ ਨੂੰ ਛਡ ਕੇ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੀ ਭੇਖ ਧਾਰੀ ਜੀਵ ਇਸਤ੍ਰੀ) ।ਨਿਮਾਣੀਏ–ਹੇ ਮਾਣ (ਇੱਜਤ) ਰਹਿਤ। ਸੋ ਸਹੁ–ਉਸ ਪਤੀ ਪ੍ਰਭੂ ਨੂੰ। ਸਮ੍ਹਾਲਿ–ਯਾਦ ਕਰ। ਸਵਾਰਹਿ–ਸਵਾਰ ਲਵੇਂਗੀ। ਕੁਲੁ–ਖਾਨਦਾਨ। ਛੁਟੀ–ਮੁਕਤ ਹੋ ਜਾਏਗੀ। ਨਾਲਿ–(ਤੇਰੇ) ਨਾਲ ਲਗ ਕੇ।੨। ਪਉੜੀ। ਰਚਾਇਓਨੁ–ਉਸ ਨੇ ਰਚਾਇਆ ਹੈ। ਹੁਕਮੇ–ਹੁਕਮ ਵਿਚ ਹੀ। ਸਾਜੀਅਨੁ–ਸਾਜੀ ਹੈ ਉਸ ਨੇ। ਧਰਮਸਾਲਾ–ਧਰਮ ਕਮਾਉਣ ਦੀ ਜਗ੍ਹਾ। ਉਪਾਇ–ਪੈਦਾ ਕਰਕੇ। ਖਪਾਇਦਾ–ਨਾਸ਼ ਕਰਦਾ ਹੈ। ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!। ਸਭਨਾ–ਸਾਰੇ ਜੀਵਾਂ ਨੂੰ। ਰਿਜਕ–ਖਾਧ ਖੁਰਾਕ। ਸੰਬਾਹਿਦਾ–ਪਹੁੰਚਾਉਂਦਾ ਹੈ। ਨਿਰਾਲਾ–ਅਨੋਖਾ। ਪ੍ਰਤਿਪਾਲਾ–ਪਾਲਦਾ ਹੈ।੧।

ਸਲੋਕੁ ਮਃ ੩ ॥ ਸੂਹਬ ਤਾ ਸੋਹਾਗਣੀ, ਜਾ ਮੰਨਿ ਲੈਹਿ ਸਚੁ ਨਾਉ ॥ ਸਤਿਗੁਰੁ ਅਪਣਾ ਮਨਾਇ ਲੈ, ਰੂਪੁ ਚੜੀ ਤਾ ਅਗਲਾ, ਦੂਜਾ ਨਾਹੀ ਥਾਉ ॥ ਐਸਾ ਸੀਗਾਰੁ ਬਣਾਇ ਤੂ ,ਮੈਲਾ ਕਦੇ ਨ ਹੋਵਈ, ਅਹਿਨਿਸਿ ਲਾਗੈ ਭਾਉ ॥ ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ, ਅੰਦਰਿ ਸਚੁ ਮੁਖੁ ਉਜਲਾ, ਖਸਮੈ ਮਾਹਿ ਸਮਾਇ ॥੧॥ ਹੇ ਲਾਲ ਵੇਸ ਪਹਿਨ ਕੇ ਪਖੰਡ ਕਰਨ ਵਾਲੀ ਜੀਵ ਇਸਤ੍ਰੀਏ! ਤੂੰ ਸੁਹਾਗਣ ਤਾਂ ਹੋ ਸਕਦੀ ਹੈਂ, ਜੇ ਪ੍ਰਭੂ ਦਾ ਸੱਚਾ ਨਾਮ ਮੰਨ ਲਵੇਂ। ਅਪਣੇ ਸਤਿਗੁਰੂ ਨੂੰ ਮਨਾ ਲੈ, ਤਦ ਤੇਰੇ ਮੂੰਹ ਉਤੇ ਬਹੁਤ ਸੁੰਦਰ ਰੂਪ ਚੜ੍ਹ ਜਾਵੇਗਾ, (ਇਸ ਪ੍ਰਾਪਤੀ ਲਈ ਗੁਰੂ ਤੋਂ ਬਿਨਾ) ਦੂਜਾ ਕੋਈ ਥਾਂ ਨਹੀਂ ਹੈ। ਤੂੰ ਐਸਾ ਸ਼ਿੰਗਾਰ ਬਣਾ, ਜੋ ਕਦੇ ਮੈਲਾ ਨਾ ਹੋਵੇ ਅਤੇ ਦਿਨ ਰਾਤ (ਤੇਰਾ ਪ੍ਰਭੂ ਨਾਲ) ਪ੍ਰੇਮ ਲੱਗਾ ਰਹੇ। ਨਾਨਕ ਗੁਰੂ ਜੀ ਆਖਦੇ ਹਨ ਕਿ (ਕਿਸੇ ਮਨੁੱਖ ਨੇ ਪੁੱਛਿਆ ਕਿ) ਸੁਹਾਗਣ ਦਾ ਕੀ ਲੱਛਣ ਹੈ? (ਉਤਰ, ਜਿਸ ਦੇ) ਹਿਰਦੇ ਅੰਦਰ ਸੱਚ ਹੋਵੇ, ਮੂੰਹ ਉਜਲਾ ਹੋਵੇ ਤੇ ਖਸਮ ਵਿਚ ਸਮਾਈ ਹੋਵੇ।੧।

ਮਃ ੩ ॥ ਲੋਕਾ ਵੇ ਹਉ ਸੂਹਵੀ, ਸੂਹਾ ਵੇਸੁ ਕਰੀ ॥ ਵੇਸੀ ਸਹੁ ਨ ਪਾਈਐ, ਕਰਿ ਕਰਿ ਵੇਸ ਰਹੀ ॥ ਨਾਨਕ ਤਿਨੀ ਸਹੁ ਪਾਇਆ, ਜਿਨੀ ਗੁਰ ਕੀ ਸਿਖ ਸੁਣੀ ॥ ਜੋ ਤਿਸੁ ਭਾਵੈ ਸੋ ਥੀਐ, ਇਨ ਬਿਧਿ ਕੰਤ ਮਿਲੀ ॥੨॥ ਹੇ ਲੋਕੋ! ਮੈਂ ਸੂਹੇ ਵੇਸ ਵਾਲੀ ਹਾਂ ਅਤੇ ਸੂਹਾ ਵੇਸ ਹੀ ਕਰਦੀ ਹਾਂ। ਵੇਸ ਧਾਰਨ ਕਰਨ ਨਾਲ ਪਤੀ ਪ੍ਰਭੂ ਨਹੀਂ ਪਾਇਆ ਜਾ ਸਕਦਾ, ਮੈਂ (ਅਨੇਕਾਂ) ਵੇਸ ਕਰ ਕਰਕੇ ਥਕ ਗਈ ਹਾਂ; (ਦੁਨੀਆਂ ਬਥੇਰੇ) ਭੇਖ ਕਰ ਰਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ (ਜੀਵ ਇਸਤ੍ਰੀਆਂ) ਨੇ ਪਤੀ ਪ੍ਰਭੂ ਨੂੰ ਪਾਇਆ ਹੈ, ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਸੁਣੀ ਹੈ। (ਜਦੋਂ ਜੀਵ ਇਸਤ੍ਰੀ ਦਾ ਇਹ ਨਿਸਚਾ ਬਣ ਜਾਵੇ ਕਿ) ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ, ਇਸ ਤਰੀਕੇ ਨਾਲ (ਉਸ ਨੂੰ) ਪਤੀ ਪ੍ਰਭੂ ਮਿਲ ਪੈਂਦਾ ਹੈ।੨।

ਪਦਾਰਥ = ਸੂਹਬ–ਹੇ ਲਾਲ ਵੇਸ ਵਾਲੀ ਇਸਤ੍ਰੀਏ!। ਤਾ–ਤਾਂ; ਤਦ। ਜਾ–ਜੇ। ਮੰਨਿ ਲੈਹਿ–ਮੰਨ ਲਵੇਂ। ਮਨਾਇ ਲੈ–ਪ੍ਰਸੰਨ ਕਰ ਲੈ; ਪੂਜ ਲੈ। ਰੂਪੁ–ਸੁੰਦਰ ਰੂਪ। ਚੜੀ–ਚੜ੍ਹ ਜਾਏਗਾ। ਅਗਲਾ–ਬਹੁਤ। ਨ ਹੋਵਈ–ਨਾ ਹੋਵੇ। ਅਹਿ–ਦਿਨ। ਨਿਸਿ–ਰਾਤ। ਭਾਉ–ਪ੍ਰੇਮ। ਚਿਹਨੁ–ਲੱਛਣ; ਨਿਸ਼ਾਨੀ। ਮੁਖੁ–ਮੂੰਹ। ਖਸਮੈ ਮਾਹਿ–ਪਤੀ ਪ੍ਰਭੂ ਵਿਚ। ਸਮਾਇ–(ਅੰਦਰੋਂ) ਮਿਲੀ ਹੋਵੇ।੧। ਲੋਕਾ ਵੇ–ਹੇ ਲੋਕੋ!। ਹਉ–ਮੈਂ। ਸੂਹਵੀ–ਲਾਲ ਰੰਗ ਦੇ ਕਪੜੇ ਪਹਿਨਣ ਵਾਲੀ ਹਾਂ। ਸੂਹਾ ਵੇਸੁ–ਲਾਲ ਰੰਗ ਦਾ ਪਹਿਰਾਵਾ। ਕਰੀ–ਕਰਦੀ ਹਾਂ। ਵੇਸੀ–ਭੇਖ ਧਾਰਨ ਕਰਨ ਨਾਲ। ਸਹੁ–ਪਤੀ। ਰਹੀ–ਥਕ ਗਈ ਹਾਂ। ਤਿਨੀ–ਉਨ੍ਹਾਂ ਨੇ। ਜਿਨੀ–ਜਿਨ੍ਹਾਂ ਨੇ। ਤਿਸੁ–ਉਸ ਨੂੰ। ਭਾਵੈ–ਚੰਗਾ ਲਗਦਾ ਹੈ। ਸੋ ਥੀਐ–ਉਹ ਹੁੰਦਾ ਹੈ। ਇਨ ਬਿਧਿ–ਇਸ ਤਰੀਕੇ ਨਾਲ। ਕੰਤ ਮਿਲੀ–ਪਤੀ ਮਿਲਦਾ ਹੈ।੨।

ਅੰਗ ੭੮੬ = ਪਉੜੀ ॥ ਹੁਕਮੀ ਸ੍ਰਿਸਟਿ ਸਾਜੀਅਨੁ ,ਬਹੁ ਭਿਤਿ ਸੰਸਾਰਾ ॥ ਤੇਰਾ ਹੁਕਮੁ ਨ ਜਾਪੀ ਕੇਤੜਾ, ਸਚੇ ਅਲਖ ਅਪਾਰਾ ॥ ਇਕਨਾ ਨੂੰ ਤੂ ਮੇਲਿ ਲੈਹਿ, ਗੁਰ ਸਬਦਿ ਬੀਚਾਰਾ ॥ ਸਚਿ ਰਤੇ ਸੇ ਨਿਰਮਲੇ, ਹਉਮੈ ਤਜਿ ਵਿਕਾਰਾ ॥ ਜਿਸੁ ਤੂ

ਮੇਲਹਿ ਸੋ ਤੁਧੁ ਮਿਲੈ, ਸੋਈ ਸਚਿਆਰਾ ॥੨॥ (ਹੇ ਭਾਈ!) ਉਸ ਪ੍ਰਭੂ ਨੇ ਅਪਣੇ ਹੁਕਮ ਨਾਲ ਸ੍ਰਿਸਟੀ ਬਣਾਈ ਹੈ, (ਇਹ) ਸੰਸਾਰ ਬਹੁਤ ਪ੍ਰਕਾਰ ਦਾ ਹੈ। ਹੇ ਸੱਚੇ ਅਦ੍ਰਿਸਟ ਤੇ ਬੇਅੰਤ ਪ੍ਰਭੂ! ਤੇਰਾ ਹੁਕਮ ਕਿਤਨਾ ਵੱਡਾ ਹੈ, ਜਾਣਿਆ ਨਹੀਂ ਜਾ ਸਕਦਾ। ਕਈ ਜੀਵਾਂ ਨੂੰ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਤੂੰ (ਅਪਣੇ ਨਾਲ) ਮਿਲਾ ਲੈਂਦਾ ਹੈਂ। (ਜਿਹੜੇ ਜੀਵ) ਹਉਮੈ ਦਾ ਵਿਕਾਰ ਛਡ ਕੇ ਸੱਚੇ ਨਾਮ ਵਿਚ ਰੰਗੇ ਹੋਏ ਹਨ, ਉਹ ਪਵਿਤ੍ਰ ਜੀਵਨ ਵਾਲੇ ਹਨ। (ਹੇ ਪ੍ਰਭੂ!) ਜਿਸ ਮਨੁੱਖ ਨੂੰ ਤੂੰ ਅਪਣੇ ਨਾਲ ਮਿਲਾ ਲੈਂਦਾ ਹੈਂ, ਉਹ ਹੀ ਤੈਨੂੰ ਮਿਲ ਸਕਦਾ ਹੈ ਅਤੇ ਉਹ ਹੀ ਸਚਿਆਰ ਪੁਰਖ ਹੈ।੨।

ਪਦਾਰਥ = ਹੁਕਮੀ–ਹੁਕਮ ਨਾਲ। ਸਾਜੀਅਨੁ–ਉਸ ਨੇ ਬਣਾਈ ਹੈ। ਬਹੁ ਭਿਤਿ–ਬਹੁਤ ਪ੍ਰਕਾਰ ਦਾ। ਨ ਜਾਪੀ–ਜਾਣਿਆ ਨਹੀਂ ਜਾਂਦਾ। ਕੇਤੜਾ–ਕਿੰਨਾ ਵੱਡਾ। ਅਲਖ–(ਅਲੱਖ ਬੋਲੋ) ਅਦ੍ਰਿਸ਼ਟ; ਜੋ ਜਾਣਿਆ ਨਾ ਜਾ ਸਕੇ। ਅਪਾਰਾ–ਬੇਅੰਤ। ਇਕਨਾ ਨੋ–ਕਈ ਜੀਵਾਂ ਨੂੰ। ਸਚਿ ਰਤੇ–ਸੱਚੇ ਨਾਮ ਵਿਚ ਰੰਗੇ ਹੋਏ ਹਨ। ਸੇ–ਉਹ। ਨਿਰਮਲੇ–ਪਵਿਤ੍ਰ। ਤਜਿ–ਛਡ ਕੇ। ਤੁਧੁ–ਤੈਨੂੰ।੨।

ਸਲੋਕੁ ਮਃ ੩ ॥ ਸੂਹਵੀਏ ਸੂਹਾ ਸਭੁ ਸੰਸਾਰੁ ਹੈ, ਜਿਨ ਦੁਰਮਤਿ ਦੂਜਾ ਭਾਉ ॥ ਖਿਨ ਮਹਿ ਝੂਠੁ ਸਭੁ ਬਿਨਸ ਜਾਇ, ਜਿਉ ਟਿਕੈ ਨ ਬਿਰਖ ਕੀ ਛਾਉ ॥ ਗੁਰਮੁਖਿ ਲਾਲੋ ਲਾਲੁ ਹੈ, ਜਿਉ ਰੰਗਿ ਮਜੀਠ ਸਚੜਾਉ ॥ ਉਲਟੀ ਸਕਤਿ ਸਿਵੈ ਘਰਿ ਆਈ, ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥ ਨਾਨਕ ਬਲਿਹਾਰੀ ਗੁਰ ਆਪਣੇ, ਜਿਤੁ ਮਿਲਿਐ ਹਰਿ ਗੁਣ ਗਾਉ ॥੧॥ ਹੇ ਸੂਹਾ ਵੇਸ ਪਹਿਨਣ ਵਾਲੀ (ਮਾਇਕ ਪਦਾਰਥਾਂ ਵਿਚ ਫਸੀ ਹੋਈ) ਇਸਤ੍ਰੀਏ! ਜਿਨ੍ਹਾਂ ਮਨੁੱਖਾਂ ਅੰਦਰ ਖੋਟੀ ਮੱਤ ਕਰਕੇ ਦ੍ਵੈਤ ਭਾਵ ਹੈ, (ਉਨ੍ਹਾਂ ਨੂੰ) ਸਾਰਾ ਸੰਸਾਰ ਹੀ ਸੂਹਾ (ਲਾਲ ਰੰਗ ਦਾ ਭਾਵ ਪਦਾਰਥਵਾਦੀ) ਦਿਸਦਾ ਹੈ। (ਪਰ ਇਹ ਸੂਹਾ ਰੰਗ ਕੁਸੁੰਭੇ ਦੇ ਰੰਗ ਵਾਂਗ) ਝੂਠਾ ਹੈ, ਜੋ ਇਕ ਖਿਨ ਵਿਚ ਨਾਸ਼ ਹੋ ਜਾਂਦਾ ਹੈ, ਜਿਵੇਂ ਬ੍ਰਿਛ ਦੀ ਛਾਂ (ਇਕ ਥਾਂ) ਟਿਕੀ ਨਹੀਂ ਰਹਿੰਦੀ। ਗੁਰਮੁਖ ਜੀਵ ਇਸਤ੍ਰੀ (ਨਾਮ ਵਿਚ ਰੰਗੀ ਹੋਈ ਅਸਲੀ) ਲਾਲ ਰੰਗ ਵਾਲੀ ਹੈ, ਜਿਵੇਂ (ਉਹ) ਮਜੀਠ ਦੇ ਪੱਕੇ ਰੰਗ ਵਿਚ ਰੰਗੀ ਹੁੰਦੀ ਹੈ। (ਉਸ ਦੇ) ਮਨ ਵਿਚ ਹਰੀ ਦਾ ਅੰਮ੍ਰਿਤ ਨਾਮ ਵਸ ਗਿਆ ਹੈ, (ਜਿਸ ਕਰਕੇ ਉਸ ਦੀ ਬਿਰਤੀ) ਮਾਇਆ ਵੱਲੋਂ ਉਲਟ ਕੇ ਹਰੀ ਦੇ ਘਰ ਵਿਚ ਆ ਟਿਕੀ ਹੈ। ਨਾਨਕ ਅਪਣੇ ਗੁਰੂ ਦੇ ਬਲਿਹਾਰ ਜਾਂਦਾ ਹੈ, ਜਿਸ ਦੇ ਮਿਲਿਆਂ ਮੈਂ ਹਰੀ ਦੇ ਗੁਣ ਗਾਉਂਦਾ ਹਾਂ।੧।

ਪਦਾਰਥ = ਸੂਹਵੀਏ–ਹੇ ਸੂਹਾ ਵੇਸ ਪਹਿਨਣ ਵਾਲੀਏ!। ਸੂਹਾ–ਲਾਲ (ਮਾਇਕੀ) ਰੰਗ। ਜਿਨ–ਜਿਨ੍ਹਾਂ ਦਾ। ਦੁਰਮਤਿ–ਖੋਟੀ ਮੱਤ। ਦੂਜਾ ਭਾਉ–ਹਰੀ ਤੋਂ ਬਿਨਾ ਕਿਸੇ ਦੂਜੇ ਇਸ਼ਟ ਦਾ ਪਿਆਰ। ਖਿਨ ਮਹਿ–ਇਕ ਸੈਕਿੰਡ ਵਿਚ। ਬਿਨਸ ਜਾਇ–ਨਾਸ਼ ਹੋ ਜਾਂਦਾ ਹੈ। ਬਿਰਖ–ਦਰੱਖਤ। ਸਚੜਾਉ–ਸੱਚਾ; ਪੱਕਾ। ਉਲਟੀ–ਬਦਲ ਕੇ। ਸਕਤਿ–ਮਾਇਆ। ਸਿਵੈ ਘਰਿ–ਪ੍ਰਭੂ ਦੇ ਘਰ ਵਿਚ। ਮਨਿ–ਮਨ ਵਿਚ। ਬਲਿਹਾਰੀ–ਕੁਰਬਾਨ ਹਾਂ। ਜਿਤੁ ਮਿਲਿਐ–ਜਿਸ ਦੇ ਮਿਲਿਆਂ। ਗਾਉ–ਗਾਉਂਦਾ ਹਾਂ।੧।

ਮਃ ੩ ॥ ਸੂਹਾ ਰੰਗੁ ਵਿਕਾਰੁ ਹੈ, ਕੰਤੁ ਨ ਪਾਇਆ ਜਾਇ ॥ ਇਸੁ ਲਹਦੇ ਬਿਲਮ ਨ ਹੋਵਈ, ਰੰਡ ਬੈਠੀ ਦੂਜੈ ਭਾਇ ॥ ਮੁੰਧ ਇਆਣੀ ਦੁੰਮਣੀ, ਸੂਹੈ ਵਸਿ ਲੋਭਾਇ ॥ ਸਬਦਿ ਸਚੈ ਰੰਗੁ ਲਾਲੁ ਕਰਿ, ਭੈ ਭਾਇ ਸੀਗਾਰੁ ਬਣਾਇ ॥ ਨਾਨਕ ਸਦਾ ਸੋਹਾਗਣੀ, ਜਿ ਚਲਨਿ ਸਤਿਗੁਰ ਭਾਇ ॥੨॥ (ਹੇ ਭਾਈ!) ਸੂਹਾ ਰੰਗ ਨਿਕੰਮਾ ਹੈ; ਵਿਸ਼ੇ ਵਿਕਾਰ ਪੈਦਾ ਕਰਦਾ ਹੈ, (ਇਸ ਨਾਲ) ਪਤੀ ਪ੍ਰਮੇਸਰ ਨਹੀਂ ਪਾਇਆ ਜਾ ਸਕਦਾ। ਇਸ (ਮਾਇਕੀ ਕੱਚੇ ਰੰਗ ਦੇ) ਲਹਿੰਦਿਆਂ ਦੇਰ ਨਹੀਂ ਹੁੰਦੀ, ਦ੍ਵੈਤ ਭਾਵ ਵਾਲੀ ਇਸਤ੍ਰੀ ਰੰਡੀ (ਹਰੀ ਤੋਂ ਬੇਮੁਖ) ਹੋ ਬੈਠਦੀ ਹੈ। (ਉਹ) ਗਿਆਨ ਹੀਣ ਇਸਤ੍ਰੀ ਦੁਚਿੱਤੀ (ਡਾਵਾਂਡੋਲ ਹਾਲਤ) ਵਿਚ ਹੈ ਅਤੇ ਸੂਹੇ (ਪਖੰਡ ਵਾਲੇ) ਭੇਖ ਵਿਚ ਲੁਭਾਇਮਾਨ ਰਹਿੰਦੀ ਹੈ। (ਜੋ ਜੀਵ ਇਸਤ੍ਰੀ ਗੁਰੂ ਦੇ) ਸੱਚੇ ਸ਼ਬਦ ਦੁਆਰਾ (ਨਾਮ ਦਾ) ਲਾਲ ਰੰਗ ਬਣਾ ਕਰਕੇ ਪ੍ਰਭੂ ਦੇ ਭੈ ਤੇ ਪਿਆਰਾ ਵਾਲਾ ਸ਼ਿੰਗਾਰ ਬਣਾਉਂਦੀ ਹੈ। ਅਤੇ ਜਿਹੜੀਆਂ (ਇਸਤ੍ਰੀਆਂ) ਸਤਿਗੁਰੂ ਦੀ ਆਗਿਆ ਵਿਚ ਚਲਦੀਆਂ ਹਨ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਸਭ) ਸਦਾ ਹੀ ਸੁਹਾਗ ਭਾਗ ਵਾਲੀਆਂ ਹਨ।੨।

ਪਦਾਰਥ = ਸੂਹਾ ਰੰਗੁ–ਕੁਸੁੰਭੇ ਦਾ ਰੰਗ; ਮਾਇਕੀ ਰੰਗ। ਵਿਕਾਰ–ਬੇਕਾਰ (ਨਿਕੰਮਾ); ਵਿਸ਼ੇ ਵਿਕਾਰ। ਕੰਤੁ–ਪਤੀ। ਲਹਦੇ–ਉਤਰਦਿਆਂ। ਬਿਲਮ–ਦੇਰ। ਨ ਹੋਵਈ–ਨਹੀਂ ਹੁੰਦੀ। ਰੰਡ–ਰੰਡੀ (ਹਰੀ ਤੋਂ ਬੇਮੁਖ))। ਦੂਜੈ ਭਾਇ–ਦ੍ਵੈਤ ਭਾਵ ਵਾਲੀ। ਮੁੰਧ–ਇਸਤ੍ਰੀ। ਇਆਣੀ–ਗਿਆਨ ਹੀਣ। ਦੁੰਮਣੀ–ਦੁਚਿੱਤੀ (ਡਾਵਾਂਡੋਲ ਹਾਲਤ; ਕਮਜੋਰ ਮਨ ਵਾਲੀ)। ਵੇਸਿ–ਭੇਖ ਵਿਚ। ਲੋਭਾਇ–ਲੁਭਾਇਮਾਨ। ਰੰਗੁ ਲਾਲੁ–ਨਾਮ ਦਾ ਪੱਕਾ ਲਾਲ ਰੰਗ। ਭਾਇ–ਪਿਆਰ ਵਾਲਾ। ਜਿ–ਜਿਹੜੀਆਂ। ਭਾਇ–ਆਗਿਆ ਵਿਚ।੨।

ਪਉੜੀ ॥ ਆਪੇ ਆਪਿ ਉਪਾਇਅਨੁ ,ਆਪਿ ਕੀਮਤਿ ਪਾਈ ॥ ਤਿਸ ਦਾ ਅੰਤੁ ਨ ਜਾਪਈ, ਗੁਰ ਸਬਦਿ ਬੁਝਾਈ ॥ ਮਾਇਆ ਮੋਹੁ ਗੁਬਾਰੁ ਹੈ, ਦੂਜੈ ਭਰਮਾਈ ॥ ਮਨਮੁਖ ਠਉਰ ਨ ਪਾਇਨੀ ,ਫਿਰਿ ਆਵੈ ਜਾਈ ॥ ਜੋ ਤਿਸੁ ਭਾਵੈ ਸੋ ਥੀਐ, ਸਭ ਚਲੈ

ਰਜਾਈ ॥੩॥ ਉਸ ਪ੍ਰਭੂ ਨੇ ਅਪਣੇ ਤੋਂ ਆਪ ਹੀ ਜਗਤ ਪੈਦਾ ਕੀਤਾ ਹੈ ਅਤੇ ਆਪ ਹੀ (ਇਸ ਦੀ) ਕੀਮਤ ਪਾਈ ਹੈ (ਜੀਵਾਂ ਦੀ ਪਰਖ ਕਰਦਾ ਹੈ)। ਗੁਰੂ ਦੇ ਸ਼ਬਦ ਦੁਆਰਾ (ਇਹ ਗਲ) ਸਮਝ ਵਿਚ ਆਈ ਹੈ ਕਿ ਉਸ ਪ੍ਰਭੂ ਦਾ ਅੰਤ ਨਹੀਂ ਜਾਣਿਆ ਜਾਂਦਾ। ਮਾਇਆ ਦਾ ਮੋਹ ਘੁੱਪ ਹਨ੍ਹੇਰਾ ਹੈ, (ਸਾਰੀ ਸ੍ਰਿਸਟੀ ਰੱਬ ਨੂੰ ਛਡ ਕੇ) ਦੂਜੇ ਪਾਸੇ ਲਗ ਕੇ ਭਰਮ ਰਹੀ ਹੈ। ਮਨਮੁਖ ਲੋਕ (ਰੱਬ ਦੇ ਦਰ ਤੇ) ਥਾਂ ਨਹੀ ਪਾ ਸਕਦੇ, ਉਹ ਮੁੜ ਮੁੜ ਕੇ ਜੰਮਦੇ ਮਰਦੇ ਰਹਿੰਦੇ ਹਨ। ਜੋ ਉਸ ਪ੍ਰਭੂ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ ਅਤੇ ਸਾਰੀ ਦੁਨੀਆਂ (ਉਸ ਦੀ) ਰਜ਼ਾ ਵਿਚ ਚਲਦੀ ਹੈ।੩।

ਪਦਾਰਥ = ਉਪਾਇਅਨੁ–ਉਸ ਨੇ ਪੈਦਾ ਕੀਤੀ ਹੈ। ਨ ਜਾਪਈ–ਜਾਣਿਆ ਨਹੀਂ ਜਾਂਦਾ। ਸਬਦਿ ਬੁਝਾਈ–ਸ਼ਬਦ ਦੁਆਰਾ ਸਮਝ ਆਈ ਹੈ। ਗੁਬਾਰੁ–ਘੁੱਪ ਹਨ੍ਹੇਰਾ। ਦੂਜੈ–ਦੂਜੇ ਪਾਸੇ। ਭਰਮਾਈ–ਭਟਕਦੀ ਫਿਰਦੀ ਹੈ। ਠਉਰੁ–ਥਾਂ। ਨ ਪਾਇਨ੍ਹੀ–ਨਹੀਂ ਪਾ ਸਕਦੇ। ਫਿਰਿ–ਮੁੜ ਕੇ। ਆਵੈ ਜਾਈ–ਜੰਮਦੇ ਮਰਦੇ ਹਨ। ਭਾਵੈ–ਚੰਗਾ ਲਗਦਾ ਹੈ। ਸੋ ਥੀਐ–ਉਹ ਹੁੰਦਾ ਹੈ। ਰਜਾਈ–ਰਜ਼ਾ ਵਿਚ।੩।

ਸਲੋਕੁ ਮਃ ੩ ॥ ਸੂਹੈ ਵੇਸਿ ਕਾਮਣਿ ਕੁਲਖਣੀ, ਜੋ ਪ੍ਰਭ ਛੋਡਿ ਪਰ ਪੁਰਖ ਧਰੇ ਪਿਆਰੁ ॥ ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ, ਮਨਮੁਖਿ ਕਰਮ ਖੁਆਰੁ ॥ ਜਿਸੁ ਪੂਰਬਿ ਹੋਵੈ ਲਿਖਿਆ, ਤਿਸੁ ਸਤਿਗੁਰੁ ਮਿਲੈ ਭਤਾਰੁ ॥ ਸੂਹਾ ਵੇਸੁ ਸਭੁ ਉਤਾਰਿ ਧਰੇ, ਗਲਿ ਪਹਿਰੈ ਖਿਮਾ ਸੀਗਾਰੁ ॥ ਪੇਈਐ ਸਾਹੁਰੈ ਬਹੁ ਸੋਭਾ ਪਾਏ, ਤਿਸੁ ਪੂਜ ਕਰੇ ਸਭੁ ਸੈਸਾਰੁ ॥ ਓਹ ਰਲਾਈ ਕਿਸੈ ਦੀ ਨਾ ਰਲੈ, ਜਿਸੁ ਰਾਵੇ ਸਿਰਜਨਹਾਰੁ ॥ ਨਾਨਕ ਗੁਰਮੁਖਿ ਸਦਾ ਸੁਹਾਗਣੀ, ਜਿਸੁ ਅਬਿਨਾਸੀ ਪੁਰਖੁ ਭਰਤਾਰੁ ॥੧॥ ਸੂਹੇ (ਮਾਇਕੀ ਰੰਗ ਦੇ) ਵੇਸ ਵਾਲੀ ਇਸਤ੍ਰੀ ਖੋਟੇ ਲੱਛਣਾਂ ਵਾਲੀ ਹੈ, ਜੋ ਪ੍ਰਭੂ ਪਤੀ ਨੂੰ ਛਡ ਕੇ ਪਰਾਏ ਪੁਰਖਾਂ (ਦੇਵੀ ਦੇਵਤਿਆਂ) ਨਾਲ ਪਿਆਰ ਕਰਦੀ ਹੈ। ਉਸ ਦਾ ਨੇਕ ਸੁਭਾਵ ਨਹੀਂ, ਨਾ (ਉਸ ਦੀਆਂ) ਇੰਦ੍ਰੀਆਂ ਵਸ ਵਿਚ ਹਨ, ਸਦਾ ਝੂਠ ਬੋਲਦੀ ਹੈ ਅਤੇ ਮਨਮੁਖਾਂ ਵਾਲੇ ਕਰਮ ਕਰਕੇ ਖੁਆਰ ਹੁੰਦੀ ਹੈ। ਜਿਸ (ਜੀਵ ਇਸਤ੍ਰੀ) ਦੇ ਮੱਥੇ ਉਤੇ ਪਹਿਲਾਂ ਤੋਂ (ਹਰੀ ਵੱਲੋਂ ਚੰਗਾ) ਲੇਖ ਲਿਖਿਆ ਹੋਵੇ, ਸਤਿਗੁਰੂ ਉਸ ਨੂੰ ਪਤੀ ਪ੍ਰਭੂ ਮਿਲਾ ਦੇਂਦਾ ਹੈ। (ਫਿਰ ਉਹ) ਸੂਹਾ ਵੇਸ ਉਤਾਰ ਧਰਦੀ ਹੈ ਅਤੇ (ਅਪਣੇ) ਗਲ ਵਿਚ ਖਿਮਾ ਦਾ ਗਹਿਣਾ ਪਹਿਨ ਲੈਂਦੀ ਹੈ। (ਐਸੀ ਇਸਤ੍ਰੀ) ਪੇਕੇ ਘਰ (ਮਾਤ ਲੋਕ) ਵਿਚ ਤੇ ਸਹੁਰੇ ਘਰ (ਪ੍ਰਲੋਕ) ਵਿਚ ਬਹੁਤ ਸੋਭਾ ਪਾਉਂਦੀ ਹੈ ਅਤੇ ਸਾਰਾ ਸੰਸਾਰ ਉਸ ਦੀ ਪੂਜਾ ਕਰਦਾ ਹੈ। ਜਿਸ (ਜੀਵ ਇਸਤ੍ਰੀ) ਨੂੰ ਸਿਰਜਨਹਾਰ ਪ੍ਰਭੂ ਭੋਗਦਾ (ਅਪਣੇ ਨਾਲ ਮਿਲਾ ਲੈਂਦਾ) ਹੈ, ਉਹ ਕਿਸੇ ਦੀ ਰਲਾਈ ਹੋਈ (ਸੰਸਾਰੀ ਲੋਕਾਂ ਵਿਚ) ਨਹੀਂ ਰਲਦੀ (ਉਸ ਦੇ ਰਹਿਣੇ ਦਾ ਢੰਗ ਆਮ ਲੋਕਾਂ ਨਾਲੋਂ ਵੱਖਰਾ ਹੁੰਦਾ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਗੁਰਮੁਖ ਇਸਤ੍ਰੀ ਸਦਾ ਸੁਹਾਗਣ ਹੈ, ਜਿਸ ਦਾ ਪਤੀ ਅਬਿਨਾਸੀ ਪੁਰਖ ਹੈ।੧।

ਪਦਾਰਥ = ਸੂਹੈ ਵੇਸਿ–ਸੂਹੇ ਭੇਖ ਵਾਲੀ। ਕਾਮਣਿ–ਇਸਤ੍ਰੀ। ਕੁਲਖਣੀ–(ਕੁਲੱਖਣੀ ਪੜ੍ਹੋ) ਖੋਟੇ ਲੱਛਣਾਂ ਵਾਲੀ। ਪਰ ਪੁਰਖ–ਪਰਾਏ ਮਨੁੱਖ ਨਾਲ। ਧਰੇ–ਕਰਦੀ ਹੈ; ਧਰਦੀ ਹੈ। ਸੀਲੁ–ਨੇਕ ਸੁਭਾਵ; ਪਤੀਬ੍ਰਤਾ ਧਰਮ। ਸੰਜਮੁ–ਇੰਦ੍ਰੀਆਂ ਨੂੰ ਕਾਬੂ ਵਿਚ ਰੱਖਣਾ। ਖੁਆਰੁ–ਬੇਇੱਜਤ; ਦੁਖੀ। ਪੂਰਬਿ–ਪਹਿਲਾਂ ਤੋਂ। ਗਲਿ–ਗਲ ਵਿਚ। ਸੀਗਾਰੁ–ਗਹਿਣਾ। ਪੇਈਐ–ਪੇਕੇ ਘਰ (ਇਸ ਲੋਕ) ਵਿਚ। ਸਾਹੁਰੈ–ਸਹੁਰੇ ਘਰ (ਪ੍ਰਲੋਕ) ਵਿਚ। ਬਹੁ–ਬਹੁਤ। ਪਾਏ–ਪਾਉਂਦੀ ਹੈ। ਪੂਜ ਕਰੇ–ਆਦਰ ਕਰਦਾ ਹੈ। ਸੈਸਾਰੁ–ਸੰਸਾਰ। ਰਾਵੇ–ਭੋਗਦਾ ਹੈ। ਸਿਰਜਨਹਾਰੁ–ਜਗਤ ਨੂੰ ਪੈਦਾ ਕਰਨ ਵਾਲਾ ਪ੍ਰਭੂ। ਅਬਿਨਾਸੀ–ਨਾਸ਼ ਰਹਿਤ (ਅਮਰ)। ਭਰਤਾਰੁ–ਭਰਤਾ (ਪਤੀ)।੧।

ਵਿਆਖਿਆ = ਵਾਹਿਗੁਰੂ ਵੱਲੋਂ ਭੁਲਿਆ ਹੋਇਆ ਜੀਵ ਕੂੜ ਕੁਸੱਤ ਵਿਚ ਪਿਆ ਰਹਿੰਦਾ ਹੈ, ਪਰ ਜੇ ਵਾਹਿਗੁਰੂ ਮੇਹਰ ਕਰੇ, ਤਾਂ ਉਹ ਗੁਰੂ ਦੀ ਸਿੱਖਿਆ ਲੈ ਕੇ ਮਾਇਆ ਵੱਲੋਂ ਮੁੜ ਪੈਂਦਾ ਹੈ ਤੇ ਹਰੀ ਦਾ ਪ੍ਰੇਮੀ ਹੋ ਕੇ ਲੋਕ ਪ੍ਰਲੋਕ ਵਿਚ ਮਾਣ ਪਾਉਂਦਾ ਹੈ। ਗੁਰੂ ਦੁਆਰਾ ਉਸ ਨੂੰ ਇਸ ਆਤਮਕ ਬਿਚਾਰ ਦਾ ਪਤਾ ਲਗ ਜਾਂਦਾ ਹੈ ਕਿ ਮਾਇਆ ਦਾ ਰੰਗ ਕੂੜਾ ਹੈ ਅਤੇ ਹਰੀ ਦਾ ਪ੍ਰੇਮ ਸਭ ਬੁਰਿਆਈਆਂ ਦੂਰ ਕਰਕੇ ਜਿੰਦਗੀ ਰਸ ਵਾਲੀ ਬਣਾ ਦੇਂਦਾ ਹੈ (ਸ਼ਬਦਾਰਥ)।

ਮਃ ੧ ॥ ਸੂਹਾ ਰੰਗੁ ਸੁਪਨੈ ਨਿਸੀ, ਬਿਨੁ ਤਾਗੇ ਗਲਿ ਹਾਰੁ ॥ ਸਚਾ ਰੰਗੁ ਮਜੀਠ ਕਾ, ਗੁਰਮੁਖਿ ਬ੍ਰਹਮ ਬੀਚਾਰੁ ॥ ਨਾਨਕ ਪ੍ਰੇਮ ਮਹਾ ਰਸੀ, ਸਭਿ ਬੁਰਿਆਈਆ ਛਾਰੁ ॥੨॥ ਸੂਹਾ (ਮਾਇਆ ਦਾ) ਰੰਗ ਰਾਤ ਦੇ ਸੁਪਨੇ ਵਾਂਗ ਹੈ ਜਾਂ ਗਲਿ ਵਿਚ ਪਾਉਣ ਵਾਲੇ ਉਸ ਹਾਰ ਵਾਂਗ ਹੈ, ਜੋ ਬਿਨਾ ਧਾਗੇ ਤੋਂ ਹੋਵੇ (ਕਿਉਂਕਿ ਧਾਗੇ ਤੋਂ ਬਿਨਾ ਹਾਰ ਬਣਦਾ ਨਹੀਂ। ਦੂਜੇ ਪਾਸੇ) ਗੁਰੂ ਦੁਆਰਾ ਬ੍ਰਹਮ ਦਾ ਬਿਚਾਰ ਕਰਨਾ ਮਜੀਠ ਦੇ ਪੱਕੇ ਰੰਗ ਵਾਂਗ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਜਿਹੜੀ ਇਸਤ੍ਰੀ ਪਤੀ ਪ੍ਰਭੂ ਦੇ) ਮਹਾਂ ਰਸ ਵਿਚ ਰਸੀ ਹੋਈ ਹੈ, (ਉਸ ਦੀਆਂ) ਸਾਰੀਆਂ ਬੁਰਿਆਈਆਂ ਸੜ ਕੇ ਸੁਆਹ ਹੋ ਜਾਂਦੀਆਂ ਹਨ।੨।

ਪਉੜੀ ॥ ਇਹੁ ਜਗੁ ਆਪਿ ਉਪਾਇਓਨੁ ,ਕਰਿ ਚੋਜ ਵਿਡਾਨੁ ॥ ਪੰਚ ਧਾਤੁ ਵਿਚਿ ਪਾਈਅਨੁ ,ਮੋਹੁ ਝੂਠੁ ਗੁਮਾਨੁ ॥ ਆਵੈ ਜਾਇ

ਭਵਾਈਐ, ਮਨਮੁਖੁ ਅਗਿਆਨੁ ॥ ਇਕਨ੍ਹਾ ਆਪਿ ਬੁਝਾਇਓਨੁ ,ਗੁਰਮੁਖਿ ਹਰਿ ਗਿਆਨੁ ॥ ਭਗਤਿ ਖਜਾਨਾ ਬਖਸਿਓਨੁ ,ਹਰਿ ਨਾਮੁ ਨਿਧਾਨੁ ॥੪॥ ਉਸ ਪ੍ਰਭੂ ਨੇ ਅਸਚਰਜ ਕੌਤਕ ਕਰਕੇ ਇਹ ਜਗਤ ਆਪ ਹੀ ਪੈਦਾ ਕੀਤਾ ਹੈ। ਉਸ ਪ੍ਰਭੂ ਨੇ ਇਸ ਵਿਚ ਪੰਜ ਤੱਤ ਪਾਏ ਹਨ ਅਤੇ ਨਾਲ ਹੀ ਮੋਹ, ਝੂਠ ਤੇ ਗੁਮਾਨ ਵੀ ਪਾਏ ਹਨ। ਗਿਆਨ ਹੀਣ ਮਨਮੁਖ ਆਉਣ ਜਾਣ (ਜਨਮ ਮਰਣ ਦੇ ਗੇੜ) ਵਿਚ ਭੁਆਇਆ ਜਾਂਦਾ ਹੈ। ਕਈ ਜੀਵਾਂ ਨੂੰ ਉਸ ਹਰੀ ਨੇ ਆਪ ਗੁਰੂ ਦੁਆਰਾ (ਅਪਣਾ) ਗਿਆਨ ਸਮਝਾ ਦਿਤਾ ਹੈ। (ਉਨ੍ਹਾਂ ਜੀਵਾਂ ਨੂੰ) ਉਸ ਪ੍ਰਭੂ ਨੇ ਭਗਤੀ ਅਤੇ ਨਾਮ ਰੂਪ ਖਜਾਨਾ ਬਖਸ਼ ਦਿਤਾ ਹੈ।੪।

ਪਦਾਰਥ = ਸੂਹਾ ਰੰਗੁ–ਮਾਇਆ ਦਾ ਰੰਗ। ਨਿਸੀ–ਰਾਤ। ਤਾਗੇ–ਧਾਗਾ। ਗਲਿ–ਗਲ ਵਿਚ। ਮਜੀਠ–ਇਕ ਬੇਲ ਹੈ, ਜਿਸ ਤੋਂ ਗੂੜ੍ਹਾ ਪੱਕਾ ਲਾਲ ਰੰਗ ਤਿਆਰ ਕੀਤਾ ਜਾਂਦਾ ਹੈ। ਬ੍ਰਹਮ–ਪ੍ਰਭੂ ਦਾ। ਮਹਾ ਰਸੀ–ਮਹਾਂ ਰਸ ਵਿਚ ਭਿੱਜੀ ਹੋਈ। ਛਾਰੁ–ਸੁਆਹ।੨।

ਪਉੜੀ। ਜਗੁ–ਜਗਤ। ਉਪਾਇਓਨੁ–ਉਸ ਪ੍ਰਭੂ ਨੇ ਪੈਦਾ ਕੀਤਾ ਹੈ। ਕਰਿ ਚੋਜੁ–ਕੌਤਕ ਕਰਕੇ। ਵਿਡਾਨੁ–ਅਸਚਰਜ। ਪੰਚ ਧਾਤੁ–ਪੰਜ ਤੱਤ। ਪਾਈਅਨੁ–ਉਸ ਨੇ ਪਾਏ ਹਨ। ਗੁਮਾਨੁ–ਹੰਕਾਰ। ਆਵੈ ਜਾਇ–ਆਉਣ ਜਾਣ (ਜਨਮ ਮਰਨ) ਵਿਚ। ਭਵਾਈਐ–ਘੁਮਾਇਆ ਜਾਂਦਾ ਹੈ। ਅਗਿਆਨੁ–ਗਿਆਨ ਹੀਣ। ਇਕਨ੍ਹਾ–ਕਈ ਜੀਵਾਂ ਨੂੰ। ਬੁਝਾਇਓਨੁ–ਉਸ ਨੇ ਸਮਝਾਇਆ। ਗੁਰਮੁਖਿ–ਗੁਰੂ ਦੁਆਰਾ। ਭਗਤਿ–ਭਗਤੀ ਦਾ। ਬਖਸਿਓਨੁ–ਉਸ ਪ੍ਰਭੂ ਨੇ ਬਖਸ਼ਿਆ। ਨਾਮੁ ਨਿਧਾਨੁ–ਨਾਮ ਰੂਪ ਖਜਾਨਾ।੪।

ਅੰਗ ੭੮੭ = ਸਲੋਕੁ ਮਃ ੩ ॥ ਸੂਹਵੀਏ ਸੂਹਾ ਵੇਸੁ ਛਡਿ ਤੂ ,ਤਾ ਪਿਰ ਲਗੀ ਪਿਆਰੁ ॥ ਸੂਹੈ ਵੇਸਿ ਪਿਰੁ ਕਿਨੈ ਨ ਪਾਇਓ, ਮਨਮੁਖਿ ਦਝਿ ਮੁਈ ਗਾਵਾਰਿ ॥ ਸਤਿਗੁਰਿ ਮਿਲਿਐ ਸੂਹਾ ਵੇਸੁ ਗਇਆ, ਹਉਮੈ ਵਿਚਹੁ ਮਾਰਿ ॥ ਮਨੁ ਤਨੁ ਰਤਾ ਲਾਲੁ ਹੋਆ, ਰਸਨਾ ਰਤੀ ਗੁਣ ਸਾਰਿ ॥ ਸਦਾ ਸੋਹਾਗਣਿ ਸਬਦੁ ਮਨਿ, ਭੈ ਭਾਇ ਕਰੇ ਸੀਗਾਰੁ ॥ ਨਾਨਕ ਕਰਮੀ ਮਹਲੁ ਪਾਇਆ, ਪਿਰੁ ਰਾਖਿਆ ਉਰ ਧਾਰਿ ॥੧॥ ਹੇ ਸੂਹੇ ਵੇਸ ਵਾਲੀ (ਮਾਇਆ ਦੇ ਰੰਗ ਵਿਚ ਰੰਗੀ ਹੋਈ ਜਗਿਆਸੂ ਰੂਪ) ਇਸਤ੍ਰੀਏ! ਤੂੰ (ਪਖੰਡ ਵਾਲਾ ਨਕਲੀ) ਭੇਖ ਛਡ ਦੇਹ, ਤਾਂ ਤੇਰਾ ਪਤੀ ਪ੍ਰਭੂ ਨਾਲ ਪਿਆਰ ਲੱਗੇਗਾ। ਸੂਹੇ (ਪਖੰਡ ਵਾਲੇ) ਭੇਖ ਨਾਲ ਕਿਸੇ ਨੇ ਵੀ ਪਤੀ ਪ੍ਰਭੂ ਨੂੰ ਨਹੀਂ ਪਾਇਆ, ਮਨਮੁਖ ਮੂਰਖ ਇਸਤ੍ਰੀ (ਤ੍ਰਿਸ਼ਨਾ ਦੀ ਅੱਗ ਵਿਚ) ਸੜ ਕੇ (ਆਤਮਕ ਪੱਖੋਂ) ਮਰ ਗਈ ਹੈ। ਸਤਿਗੁਰੂ ਦੇ ਮਿਲਣ ਨਾਲ ਹਉਮੈ ਨੂੰ ਮਾਰ ਕੇ (ਜਿਸ ਇਸਤ੍ਰੀ ਦਾ ਪਖੰਡ ਵਾਲਾ) ਸੂਹਾ ਵੇਸ ਦੂਰ ਹੋ ਗਿਆ ਹੈ। (ਉਸ ਦਾ) ਮਨ ਤੇ ਸਰੀਰ (ਨਾਮ ਦੇ ਮਜੀਠੀ ਰੰਗ ਵਿਚ) ਰੰਗਿਆ ਹੋਇਆ ਲਾਲ ਹੋ ਗਿਆ ਹੈ ਅਤੇ (ਪਤੀ ਪ੍ਰਭੂ ਦੇ) ਗੁਣ ਯਾਦ ਕਰਕੇ (ਉਸ ਦੀ) ਜੀਭ ਵੀ ਰੰਗੀ ਗਈ ਹੈ। (ਜਿਹੜੀ ਜੀਵ ਇਸਤ੍ਰੀ ਅਪਣੇ) ਮਨ ਵਿਚ ਗੁਰੂ ਦੇ ਸ਼ਬਦ ਨੂੰ ਵਸਾ ਕੇ (ਪਤੀ ਪ੍ਰਭੂ ਦੇ) ਭੈ ਤੇ ਪ੍ਰੇਮ ਦਾ ਸ਼ਿੰਗਾਰ ਕਰਦੀ ਹੈ, ਉਹ ਸਦਾ ਸੁਹਾਗ ਭਾਗ ਵਾਲੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਦ ਉਸ ਇਸਤ੍ਰੀ ਨੇ) ਪਤੀ ਪ੍ਰਭੂ ਨੂੰ ਹਿਰਦੇ ਵਿਚ ਧਾਰ ਰੱਖਿਆ, ਤਾਂ (ਉਸ ਦੀ) ਬਖਸ਼ਿਸ਼ ਨਾਲ (ਪਤੀ ਦਾ) ਟਿਕਾਣਾ ਪ੍ਰਾਪਤ ਹੋ ਗਿਆ।੧।

ਪਦਾਰਥ = ਸੂਹਵੀਏ–ਹੇ ਸੂਹੇ ਵੇਸ ਵਾਲੀ (ਮਾਇਆ ਦੇ ਰੰਗ ਵਿਚ ਰੰਗੀ ਜਗਿਆਸੂ ਰੂਪ) ਇਸਤ੍ਰੀਏ!। ਸੂਹਾ ਵੇਸੁ–ਪਖੰਡ ਵਾਲਾ ਨਕਲੀ ਭੇਖ। ਤਾ–ਤਾਂ। ਪਿਰ–ਪਤੀ ਨਾਲ। ਵੇਸਿ–ਭੇਖ ਨਾਲ। ਕਿਨੈ–ਕਿਸੇ ਨੇ ਵੀ। ਦਝਿ ਮੁਈ–ਸੜ ਕੇ ਮਰ ਗਈ ਹੈ। ਗਾਵਾਰਿ–ਮੂਰਖ ਇਸਤ੍ਰੀ। ਰਤਾ–ਰੰਗਿਆ ਹੋਇਆ। ਰਸਨਾ–ਜੀਭ। ਰਤੀ–ਰੰਗੀ ਗਈ। ਸਾਰਿ–ਯਾਦ ਕਰਕੇ। ਮਨਿ–ਮਨ ਵਿਚ। ਭੈ ਭਾਇ–ਰੱਬ ਦਾ ਡਰ ਤੇ ਪ੍ਰੇਮ। ਕਰਮੀ–ਬਖਸ਼ਿਸ਼ ਨਾਲ। ਮਹਲੁ–ਰੱਬ ਦਾ ਟਿਕਾਣਾ। ਉਰ ਧਾਰਿ–ਹਿਰਦੇ ਵਿਚ ਧਾਰ ਕੇ।੧।

ਮਃ ੩ ॥ ਮੁੰਧੇ ਸੂਹਾ ਪਰਹਰਹੁ , ਲਾਲੁ ਕਰਹੁ ਸੀਗਾਰੁ ॥ ਆਵਣ ਜਾਣਾ ਵੀਸਰੈ ,ਗੁਰ ਸਬਦੀ ਵੀਚਾਰੁ ॥ ਮੁੰਧ ਸੁਹਾਵੀ ਸੋਹਣੀ, ਜਿਸੁ ਘਰਿ ਸਹਜਿ ਭਤਾਰੁ ॥ ਨਾਨਕ ਸਾ ਧਨ ਰਾਵੀਐ, ਰਾਵੇ ਰਾਵਣਹਾਰੁ ॥੨॥ ਹੇ (ਜਗਿਆਸੂ ਰੂਪ) ਇਸਤ੍ਰੀਏ! ਸੂਹਾ (ਪਖੰਡ ਵਾਲਾ ਨਕਲੀ ਭੇਖ) ਛਡ ਦੇਹ ਅਤੇ ਮਜੀਠ ਦਾ ਪੱਕੇ ਰੰਗ (ਹਰੀ ਦੇ ਪ੍ਰੇਮ) ਦਾ ਸ਼ਿੰਗਾਰ ਕਰ। ਗੁਰੂ ਦੇ ਸ਼ਬਦ ਦੁਆਰਾ (ਹਰੀ ਦੇ ਗੁਣਾਂ ਦੀ) ਵਿਚਾਰ ਕਰ, (ਇਉਂ ਤੈਨੂੰ) ਆਉਣਾ ਜਾਣਾ (ਜੰਮਣਾ ਮਰਨਾ) ਭੁੱਲ ਜਾਵੇਗਾ। (ਉਹ ਜਗਿਆਸੂ ਰੂਪ) ਇਸਤ੍ਰੀ ਸੋਹਣੀ ਤੇ ਸੋਭਾ ਵਾਲੀ ਹੈ, ਜਿਸ ਦੇ ਹਿਰਦੇ ਘਰ ਵਿਚ ਪਤੀ ਪ੍ਰਮੇਸਰ ਪ੍ਰਗਟ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਇਸਤ੍ਰੀ (ਪਤੀ ਪ੍ਰਭੂ ਵੱਲੋਂ) ਭੋਗੀ ਗਈ ਸਮਝੋ, ਜਿਸ ਨੂੰ ਹਰੀ ਆਪ ਭੋਗਦਾ ਹੈ (ਸ਼ਬਦਾਰਥ)।੨।

ਪਉੜੀ ॥ ਮੋਹੁ ਕੂੜੁ ਕੁਟੰਬੁ ਹੈ, ਮਨਮੁਖੁ ਮੁਗਧੁ ਰਤਾ ॥ ਹਉਮੈ ਮੇਰਾ ਕਰਿ ਮੁਏ, ਕਿਛੁ ਸਾਥਿ ਨ ਲਿਤਾ ॥ ਸਿਰ ਉਪਰਿ ਜਮਕਾਲੁ ਨ ਸੁਝਈ, ਦੂਜੈ ਭਰਮਿਤਾ ॥ ਫਿਰਿ ਵੇਲਾ ਹਥਿ ਨ ਆਵਈ, ਜਮਕਾਲਿ ਵਸਿ ਕਿਤਾ ॥ ਜੇਹਾ ਧੁਰਿ ਲਿਖਿ ਪਾਇਓਨੁ ,ਸੇ ਕਰਮ ਕਮਿਤਾ ॥੫॥ (ਹੇ ਭਾਈ!) ਪ੍ਰਵਾਰ ਤੇ ਉਸ ਦਾ ਮੋਹ ਝੂਠਾ ਹੈ, (ਜਿਸ ਵਿਚ) ਮੂਰਖ ਮਨਮੁੱਖ ਰਚਿਆ ਰਹਿੰਦਾ ਹੈ। (ਅਜੇਹੇ

ਮਨਮੁਖ) ਹਉਮੈ ਤੇ ਮੇਰਾ ਮੇਰਾ ਕਰਦੇ ਮਰ ਗਏ ਹਨ, (ਉਨ੍ਹਾਂ ਨੇ ਮਰਨ ਵੇਲੇ) ਕੁਛ ਵੀ ਅਪਣੇ ਨਾਲ ਨਹੀਂ ਲਿਆ। ਦੂਜੇ ਭਾਵ ਵਿਚ ਭਰਮਿਆ ਹੋਣ ਕਰਕੇ (ਮਨਮੁਖ ਨੂੰ) ਸਿਰ ਉਤੇ ਖੜਾ ਜਮਕਾਲ ਨਹੀਂ ਦਿਸਦਾ।(ਜਿਸ ਵੇਲੇ ਮਨਮੁਖ ਨੂੰ) ਜਮ ਕਾਲ ਨੇ ਅਪਣੇ ਵਸ ਵਿਚ ਕਰ ਲਿਆ, ਤਾਂ ਮੁੜ ਕੇ (ਮਨੁੱਖਾ ਜਨਮ ਦਾ) ਵੇਲਾ ਹਥ ਨਹੀਂ ਆਉਣਾ।(ਮਨਮੁਖ ਦੇ ਭਾਗਾਂ ਵਿਚ) ਉਸ ਪ੍ਰਭੂ ਨੇ ਜਿਹੋ ਜਿਹਾ ਲਿਖ ਕੇ ਪਾਇਆ ਹੈ, ਉਹ ਕਰਮ (ਮਨਮੁਖ ਨੇ) ਕਮਾਏ ਹਨ।੫।

ਪਦਾਰਥ = ਮੁੰਧੇ–ਹੇ ਇਸਤ੍ਰੀਏ !।ਸੂਹਾ–ਕੁਸੁੰਭੇ ਦਾ ਕੱਚਾ ਰੰਗ; ਮਾਇਆ ਦਾ ਰੰਗ।ਪਰਹਰਹੁ–ਛਡ ਦੇਹ।ਲਾਲੁ–ਮਜੀਠੀ ਰੰਗ। ਆਵਣ ਜਾਣਾ–ਜੰਮਣਾ ਮਰਨਾ।ਵੀਸਰੈ–ਭੁੱਲ (ਮੁੱਕ) ਜਾਵੇਗਾ।ਸੁਹਾਵੀ–ਸੋਭਾ ਵਾਲੀ।ਘਰਿ–ਹਿਰਦੇ ਘਰ ਵਿਚ।ਸਹਜਿ–ਪ੍ਰਮੇਸਰ। ਭਤਾਰੁ–ਪਤੀ।ਸਾਧਨ–ਇਸਤ੍ਰੀ।ਰਾਵੀਐ–ਭੋਗੀ ਗਈ ਹੈ।ਰਾਵੇ–ਭੋਗਦਾ ਹੈ।ਰਾਵਣਹਾਰੁ–ਭੋਗਣ ਵਾਲਾ ਪ੍ਰਭੂ।੨।

ਪਉੜੀ।ਕੁਟੰਬੁ–ਪ੍ਰਵਾਰ।ਮੁਗਧੁ–ਮੂਰਖ।ਰਤਾ–(ਰੱਤਾ ਪੜ੍ਹੋ) ਰਚਿਆ ਹੈ।ਮੁਏ–ਮਰ ਗਏ।ਸਾਥਿ–ਨਾਲ।ਨ ਲਿਤਾ–(ਲਿੱਤਾ ਪੜ੍ਹੋ) ਨਹੀਂ ਲਿਆ।ਜਮ ਕਾਲੁ–ਕਾਲ ਕਰਨ ਵਾਲਾ ਜਮਰਾਜ।ਨ ਸੁਝਈ–ਨਹੀਂ ਦਿਸਦਾ।ਦੂਜੈ–ਦੂਜੇ ਭਾਵ ਵਿਚ।ਭਰਮਿਤਾ–(ਭਰਮਿੱਤਾ ਪੜ੍ਹੋ) ਭਰਮਿਆ ਹੋਣ ਕਰਕੇ।ਫਿਰਿ–ਮੁੜ ਕੇ।ਵਸਿ ਕਿਤਾ–(ਕਿੱਤਾ ਪੜ੍ਹੋ) ਵਸ ਵਿਚ ਕਰ ਲਿਆ।ਧੁਰਿ–ਧੁਰ ਤੋਂ।ਪਾਇਓਨੁ– ਉਸ ਪ੍ਰਭੂ ਨੇ ਪਾਇਆ।ਸੇ–ਉਹ।ਕਮਿਤਾ–(ਕਮਿੱਤਾ ਪੜ੍ਹੋ) ਕਮਾਏ ਹਨ।੫।

ਸਲੋਕੁ ਮਃ ੩ ॥ ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨ੍ਹਿ ॥ ਨਾਨਕ ਸਤੀਆ ਜਾਣੀਅਨ੍ਹਿ ,ਜਿ ਬਿਰਹੇ ਚੋਟ ਮਰੰਨ੍ਹਿ ॥੧॥ (ਹੇ ਭਾਈ !) ਏਹ ਇਸਤ੍ਰੀਆਂ ਸਤੀ ਹੋਈਆਂ ਨਹੀਂ ਆਖੀਆਂ ਜਾਂਦੀਆਂ, ਜੋ (ਚਿਤਾ ਵਿਚ ਅਪਣੇ) ਪਤੀ ਦੀ ਲਾਸ਼ ਨਾਲ ਲਗ ਕੇ ਜਲ ਜਾਂਦੀਆਂ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਸਲ ਵਿਚ ਉਹ ਇਸਤ੍ਰੀਆਂ) ਸਤੀ ਹੋਈਆਂ ਜਾਣੀਆਂ ਜਾਂਦੀਆਂ ਹਨ, ਜਿਹੜੀਆਂ (ਪਤੀ ਦੇ) ਵਿਛੋੜੇ ਦੀ ਚੋਟ ਨਾਲ ਮਰ ਜਾਣ।੧।

ਮਃ ੩ ॥ ਭੀ ਸੋ ਸਤੀਆ ਜਾਣੀਅਨਿ, ਸੀਲ ਸੰਤੋਖਿ ਰਹੰਨ੍ਹਿ ॥ ਸੇਵਨਿ ਸਾਈ ਆਪਣਾ, ਨਿਤ ਉਠਿ ਸਮ੍ਾਲੰਨ੍ਹਿ ॥੨॥ (ਜਿਹੜੀਆਂ ਇਸਤ੍ਰੀਆਂ) ਨੇਕ ਸੁਭਾਵ; ਪਤੀਬ੍ਰਤਾ ਧਰਮ ਤੇ ਸੰਤੋਖ ਵਿਚ ਰਹਿੰਦੀਆਂ ਹਨ, ਉਹ ਵੀ ਸਤੀਆਂ ਜਾਣੀਆਂ ਜਾਂਦੀਆਂ ਹਨ।(ਉਹ) ਅਪਣੇ ਪਤੀ ਦੀ ਸੇਵਾ ਕਰਦੀਆਂ ਹਨ ਅਤੇ ਹਰ ਰੋਜ ਸਵੇਰੇ ਉਠ ਕੇ (ਵਾਹਿਗੁਰੂ ਨੂੰ) ਸਿਮਰਦੀਆਂ ਹਨ।੨।

ਮਃ ੩ ॥ ਕੰਤਾ ਨਾਲਿ ਮਹੇਲੀਆ, ਸੇਤੀ ਅਗਿ ਜਲਾਹਿ ॥ ਜੇ ਜਾਣਹਿ ਪਿਰੁ ਆਪਣਾ, ਤਾ ਤਨਿ ਦੁਖ ਸਹਾਹਿ ॥ ਨਾਨਕ ਕੰਤ ਨ ਜਾਣਨੀ, ਸੇ ਕਿਉ ਅਗਿ ਜਲਾਹਿ ॥ ਭਾਵੈ ਜੀਵਉ ਕੈ ਮਰਉ ,ਦੂਰਹੁ ਹੀ ਭਜਿ ਜਾਹਿ ॥੩॥ (ਹੇ ਭਾਈ ! ਜਿਹੜੀਆਂ) ਇਸਤ੍ਰੀਆਂ (ਅਪਣੇ ਆਪ ਨੂੰ ਮਰੇ) ਪਤੀਆਂ ਨਾਲ ਲਗ ਕੇ ਅੱਗ ਨਾਲ ਸਾੜ ਲੈਂਦੀਆਂ ਹਨ।ਜੇ ਉਹ ਪਤੀ ਨੂੰ ਆਪਣਾ ਪਿਆਰਾ ਜਾਣਦੀਆਂ ਹਨ, ਤਾਂ (ਉਹ ਪਤੀ ਦੇ ਮਰਨ ਨਾਲ ਅਪਣੇ) ਸਰੀਰ ਉਤੇ ਦੁਖ ਸਹਿ ਲੈਂਦੀਆਂ ਹਨ (ਉਨ੍ਹਾਂ ਨੂੰ ਸੜ ਕੇ ਸਤੀ ਹੋਣ ਦੀ ਲੋੜ ਨਹੀਂ, ਉਹ ਜਿਉਂਦਿਆਂ ਹੀ ਸਤੀ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਉਹ ਪਤੀ ਦੀ ਕਦਰ ਨਹੀਂ ਜਾਣਦੀਆਂ (ਪਤੀ ਦੀ ਆਗਿਆ ਵਿਚ ਨਹੀਂ ਚਲਦੀਆਂ) ਤਾਂ ਉਹ ਅੱਗ ਵਿਚ ਕਿਉਂ ਸੜਨ (ਦੋਹਾਂ ਹਾਲਤਾਂ ਵਿਚ ਸਤੀ ਹੋਣ ਦੀ ਲੋੜ ਨਹੀਂ।ਉਨ੍ਹਾਂ ਦਾ) ਪਤੀ ਭਾਵੇਂ ਜਿਉਂਦਾ ਹੋਵੇ ਜਾਂ ਮਰਦਾ ਹੋਵੇ; ਭਾਵੇਂ (ਇਹੋ ਜਿਹੀਆਂ ਇਸਤ੍ਰੀਆਂ) ਜਿਉਂਦੀਆਂ ਰਹਿਣ ਜਾਂ ਮਰ ਜਾਣ (ਉਨ੍ਹਾਂ ਦੇ ਜਿਉਣ ਜਾਂ ਮਰਨ ਦਾ ਕੋਈ ਲਾਭ ਨਹੀਂ, ਉਹ ਪਤੀਬ੍ਰਤਾ ਧਰਮ ਤੋਂ) ਦੂਰੋਂ ਹੀ ਭੱਜ ਜਾਂਦੀਆਂ ਹਨ (ਟਕਸਾਲ)।੩।

ਪਦਾਰਥ = ਸਤੀਆ–ਚਿਖਾ ਵਿਚ ਪਤੀ ਦੀ ਲਾਸ਼ ਨਾਲ ਸੜ ਜਾਣ ਵਾਲੀਆਂ ਇਸਤ੍ਰੀਆਂ।ਆਖੀਅਨਿ–ਆਖੀਆਂ ਜਾਂਦੀਆਂ। ਮੜਿਆ ਲਗਿ–ਲੋਥ ਨਾਲ ਲਗ ਕੇ।ਜਲੰਨ੍ਹਿ–ਸੜਦੀਆਂ ਹਨ।ਜਾਣੀਅਨ੍ਹਿ–ਜਾਣੀਆਂ ਜਾਂਦੀਆਂ ਹਨ।ਜਿ–ਜਿਹੜੀਆਂ।ਬਿਰਹੇ ਚੋਟ –ਵਿਛੋੜੇ ਦੀ ਸੱਟ ਨਾਲ।ਮਰੰਨ੍ਹਿ–ਮਰ ਜਾਣ।੧।ਭੀ ਸੋ–ਉਹ ਭੀ।ਸੀਲ–ਨੇਕ ਸੁਭਾਵ; ਪਤੀਬ੍ਰਤਾ ਧਰਮ।ਰਹੰਨ੍ਹਿ–ਰਹਿੰਦੀਆਂ ਹਨ।ਸੇਵਨਿ–ਸੇਵਾ ਕਰਦੀਆਂ ਹਨ।ਸਾਈ–ਪਤੀ।ਨਿਤ–ਹਰ ਰੋਜ।ਉਠਿ–ਉਠ ਕੇ।ਸਮ੍ਾਲਨ੍ਹਿ–ਸਿਮਰਦੀਆਂ ਹਨ।੨।ਕੰਤਾ ਨਾਲਿ–ਖਸਮਾਂ ਨਾਲ।ਮਹੇਲੀਆ–ਇਸਤ੍ਰੀਆਂ।ਸੇਤੀ ਅਗਿ ਜਲਾਹਿ–ਅੱਗ ਨਾਲ ਸੜਦੀਆਂ ਹਨ।ਪਿਰੁ–ਪਤੀ ਨੂੰ।ਤਾ–ਤਾਂ; ਤਦ। ਤਨਿ–ਸਰੀਰ ਉਤੇ।ਸਹਾਹਿ–ਸਹਾਰ ਲੈਂਦੀਆਂ ਹਨ।ਸੇ–ਉਹ।ਜਲਾਹਿ–ਸੜਦੀਆਂ ਹਨ।ਭਾਵੈ–ਭਾਵੇਂ।ਜੀਵਉ–ਜਿਉਂਦਾ ਹੈ।ਕੈ– ਜਾਂ; ਭਾਵੇਂ।ਮਰਉ–ਮਰਦਾ ਹੋਵੇ।ਦੂਰਹੁ–ਦੂਰ ਤੋਂ ਹੀ।ਭਜਿ ਜਾਹਿ–ਭੱਜ ਜਾਦੀਆਂ ਹਨ।੩।

ਵਿਆਖਿਆ = ਇਨ੍ਹਾਂ ਸਲੋਕਾਂ ਵਿਚ ਕੁਟੰਬ ਦੇ ਮੋਹ ਦਾ ਨਮੂਨਾ ਦਿਤਾ ਹੈ, ਇਸਤ੍ਰੀ ਦਾ ਪਤੀ ਦੀ ਦੇਹ ਨਾਲ ਸਤੀ ਹੋ ਜਾਣਾ ਇਸ ਮੋਹ ਦਾ ਇਕ ਵੱਡਾ ਦੁਖ ਦਾਈ ਨਜਾਰਾ ਹੈ।ਗੁਰੂ ਜੀ ਇਸ ਕੁਰੀਤੀ ਦਾ ਖੰਡਨ ਕਰਦੇ ਹਨ ਕਿ ਜੇ ਪਿਆਰ ਦੀ ਤੀਬਰਤਾ ਕਰਕੇ

ਇਸਤ੍ਰੀ ਸਤੀ ਹੁੰਦੀ ਹੈ, ਤਾਂ ਪਤੀ ਦੇ ਵਿਛੋੜੇ ਦੀ ਸੱਟ ਨਾਲ ਹੀ ਇਸਤ੍ਰੀ ਨੂੰ ਮਰ ਜਾਣਾ ਚਾਹੀਦਾ ਸੀ। ਫਿਰ ਜੇ ਇਉਂ ਨਹੀਂ ਮੋਈ ਤਾਂ ਪਤੀ ਦੇ ਪਿਛੋਂ ਸੀਲ ਸੰਤੋਖ ਵਿਚ ਰਹਿਣਾ ਹੀ ਸਤੀ ਹੋਣਾ ਹੈ। ਫਿਰ ਦਲੀਲ ਦੇਂਦੇ ਹਨ ਕਿ ਜੇ ਇਸਤ੍ਰੀ ਵਿਚ ਪਿਆਰ ਹੈ, ਤਦ ਉਹ ਪਤੀ ਦੇ ਮਰਨ ਨਾਲ ਕਾਫੀ ਦੁਖ ਸਹਿ ਲੈਂਦੀ ਹੈ (ਸ਼ਬਦਾਰਥ)।

ਪਉੜੀ ॥ ਤੁਧੁ ਦੁਖੁ ਸੁਖੁ ਨਾਲਿ ਉਪਾਇਆ, ਲੇਖੁ ਕਰਤੈ ਲਿਖਿਆ ॥ ਨਾਵੈ ਜੇਵਡ ਹੋਰ ਦਾਤਿ ਨਾਹੀ, ਤਿਸੁ ਰੂਪੁ ਨ ਰਿਖਿਆ ॥ ਨਾਮੁ ਅਖੁਟੁ ਨਿਧਾਨੁ ਹੈ, ਗੁਰਮੁਖਿ ਮਨਿ ਵਸਿਆ ॥ ਕਰਿ ਕਿਰਪਾ ਨਾਮੁ ਦੇਵਸੀ, ਫਿਰਿ ਲੇਖੁ ਨ ਲਿਖਿਆ ॥ ਸੇਵਕ ਭਾਇ ਸੇ ਜਨ ਮਿਲੇ, ਜਿਨ ਹਰਿ ਜਪੁ ਜਪਿਆ ॥੬॥ (ਹੇ ਭਾਈ!) ਕਰਤਾਰ ਨੇ ਦੁਖ ਤੇ ਸੁਖ ਤੇਰੇ ਨਾਲ ਹੀ ਪੈਦਾ ਕਰ ਦਿਤੇ ਹਨ ਅਤੇ (ਉਸੇ ਨੇ ਹੀ ਤੇਰੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਦੁਖ ਸੁਖ ਦਾ) ਲੇਖ ਵੀ (ਤੇਰੇ ਮੱਥੇ ਉਤੇ) ਲਿਖ ਦਿਤਾ ਹੈ। (ਸੰਸਾਰ ਵਿਚ ਹਰੀ ਦੇ) ਨਾਮ ਜਿਤਨੀ ਵੱਡੀ ਦਾਤ ਹੋਰ ਕੋਈ ਨਹੀਂ, ਉਸ ਨਾਮ ਦਾ ਕੋਈ ਰੂਪ ਤੇ ਰੇਖ ਨਹੀਂ। (ਪ੍ਰਭੂ ਦਾ) ਨਾਮ ਅਮੁੱਕ ਖਜਾਨਾ ਹੈ, ਜੋ ਗੁਰਮੁਖ ਦੇ ਮਨ ਵਿਚ ਵਸਿਆ ਹੈ। ਪ੍ਰਭੂ ਕ੍ਰਿਪਾ ਕਰਕੇ (ਜਿਸ ਮਨੁੱਖ ਨੂੰ ਅਪਣਾ) ਨਾਮ ਦੇਂਦਾ ਹੈ, ਫਿਰ (ਉਸ ਮਨੁੱਖ ਦੇ ਭਾਗਾਂ ਵਿਚ ਦੁਖ ਸੁਖ ਦਾ) ਲੇਖ ਨਹੀਂ ਲਿਖਿਆ ਜਾਂਦਾ (ਨਾਮ ਦੀ ਬਰਕਤ ਨਾਲ ਦੁਖ ਸੁਖ ਮਿਟ ਜਾਂਦੇ ਹਨ)। ਉਹ ਮਨੁੱਖ ਸੇਵਕ ਭਾਵਨਾ ਨਾਲ (ਪ੍ਰਭੂ ਨੂੰ) ਮਿਲਦੇ ਹਨ, ਜਿਨ੍ਹਾਂ ਨੇ ਹਰੀ ਦਾ ਜਾਪ ਜਪਿਆ ਹੈ।੬।

ਪਦਾਰਥ = ਤੁਧੁ ਨਾਲਿ–ਤੇਰੇ ਨਾਲ। ਉਪਾਇਆ–ਪੈਦਾ ਕੀਤਾ ਹੈ। ਕਰਤੈ–ਕਰਤਾਰ ਨੇ। ਨਾਵੈ ਜੇਵਡ–ਨਾਮ ਜਿਤਨੀ ਵੱਡੀ। ਰੂਪੁ–ਸ਼ਕਲ ਸੂਰਤ; ਅਕਾਰ। ਰਿਖਿਆ–ਚਿੰਨ੍ਹ। ਅਖੁਟੁ–ਨਾ ਮੁੱਕਣ ਵਾਲਾ। ਨਿਧਾਨੁ–ਖਜਾਨਾ। ਮਨਿ–ਮਨ ਵਿਚ। ਦੇਵਸੀ–ਦੇਂਦਾ ਹੈ। ਫਿਰਿ –ਮੁੜ ਕੇ। ਸੇਵਕ ਭਾਇ–ਸੇਵਕਾਂ ਵਾਲੀ ਭਾਵਨਾ ਨਾਲ। ਸੇ ਜਨ–ਉਹ ਮਨੁੱਖ। ਜਿਨ–ਜਿਨ੍ਹਾਂ ਨੇ।੬।

ਸਲੋਕੁ ਮਃ ੨ ॥ ਜਿਨੀ ਚਲਣੁ ਜਾਣਿਆ, ਸੇ ਕਿਉ ਕਰਹਿ ਵਿਥਾਰ ॥ ਚਲਣ ਸਾਰ ਨ ਜਾਣਨੀ, ਕਾਜ ਸਵਾਰਣਹਾਰ ॥੧॥ ਜਿਨ੍ਹਾਂ ਮਨੁੱਖਾਂ ਨੇ ਜਾਣ ਲਿਆ ਹੈ ਕਿ (ਇਕ ਦਿਨ ਜਗਤ ਤੋਂ) ਚਲੇ ਜਾਣਾ ਹੈ, ਉਹ (ਜਗਤ ਵਿਚ ਅਪਣੇ ਧੰਧਿਆਂ ਦਾ) ਵਿਸਥਾਰ ਕਿਉਂ ਕਰਨ? (ਜਿਹੜੇ ਮਨੁੱਖ ਜਗਤ ਤੋਂ) ਚਲੇ ਜਾਣ ਦੀ ਖਬਰ ਨਹੀਂ ਜਾਣਦੇ, ਉਹ ਕੰਮ ਧੰਦੇ ਸਵਾਰਨ ਵਾਲੇ ਬਣੇ ਹੋਏ ਹਨ।੧।

ਮਃ ੨ ॥ ਰਾਤਿ ਕਾਰਣਿ ਧਨੁ ਸੰਚੀਐ, ਭਲਕੇ ਚਲਣੁ ਹੋਇ ॥ ਨਾਨਕ ਨਾਲਿ ਨ ਚਲਈ, ਫਿਰਿ ਪਛੁਤਾਵਾ ਹੋਇ ॥੨॥ (ਜਿਵੇਂ) ਇਕ ਰਾਤ ਵਾਸਤੇ ਧਨ ਇਕੱਠਾ ਕਰੀਏ ਅਤੇ ਸਵੇਰ ਹੁੰਦੇ ਹੀ ਚਲਣਾ ਹੋ ਜਾਵੇ (ਜੀਵਨ ਰੂਪ ਰਾਤ ਵਾਸਤੇ ਮਨੁੱਖ ਧਨ ਇਕੱਠਾ ਕਰਦਾ ਹੈ, ਕਾਲ ਰੂਪ ਦਿਨ ਚੜ੍ਹਦੇ ਹੀ ਮੌਤ ਹੋ ਜਾਂਦੀ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ (ਇਕੱਠਾ ਕੀਤਾ ਧਨ ਸੰਸਾਰ ਤੋਂ ਜਾਣ ਸਮੇਂ) ਨਾਲ ਨਹੀਂ ਚਲਦਾ, (ਜਿਸ ਕਰਕੇ ਉਸ ਨੂੰ ਧਨ ਨਾਲ ਨਾ ਜਾਣ ਦਾ) ਫਿਰ ਪਛਤਾਵਾ ਹੁੰਦਾ ਹੈ।੨।

ਮਃ ੨ ॥ ਬਧਾ ਚਟੀ ਜੋ ਭਰੇ, ਨਾ ਗੁਣੁ ਨਾ ਉਪਕਾਰੁ ॥ ਸੇਤੀ ਖੁਸੀ ਸਵਾਰੀਐ, ਨਾਨਕ ਕਾਰਜੁ ਸਾਰੁ ॥੩॥ ਜਿਹੜਾ ਕੰਮ ਮਜਬੂਰੀ ਵਿਚ ਕੀਤਾ ਜਾਵੇ, (ਉਸ ਦਾ ਅਪਣੇ ਆਪ ਨੂੰ ਕੋਈ) ਲਾਭ ਨਹੀਂ ਹੁੰਦਾ ਅਤੇ ਨਾ ਹੀ ਦੂਜੇ ਦਾ ਭਲਾ ਹੁੰਦਾ ਹੈ। (ਪਰ ਜੇ) ਖੁਸ਼ੀ ਨਾਲ ਕੰਮ ਸਵਾਰਿਆ ਜਾਏ ਤਾਂ ਕੰਮ ਸਰੇਸਟ ਹੁੰਦਾ ਹੈ।੩।

ਪਦਾਰਥ = ਜਿਨੀ–ਜਿਨ੍ਹਾਂ ਨੇ। ਚਲਣੁ–ਮੌਤ ਨੂੰ। ਸੇ–ਉਹ। ਵਿਥਾਰ–ਵਿਸਥਾਰ; ਅਡੰਬਰ। ਸਾਰ–ਖਬਰ। ਨ ਜਾਣਨੀ–ਨਹੀਂ ਜਾਣਦੇ। ਕਾਜ–ਕੰਮ ਧੰਦੇ। ਸਵਾਰਣਹਾਰ–ਸਵਾਰਨ ਵਾਲੇ।੧। ਰਾਤਿ ਕਾਰਣਿ–ਰਾਤ ਵਾਸਤੇ। ਸੰਚੀਐ–ਇਕੱਠਾ ਕਰੀਏ। ਭਲਕੇ–ਸਵੇਰ ਹੁੰਦੇ ਹੀ। ਨ ਚਲਈ–ਨਹੀਂ ਜਾਂਦਾ। ਫਿਰਿ–ਮੁੜ ਕੇ।੨। ਬਧਾ ਚਟੀ ਭਰੇ–(ਚੱਟੀ ਪੜ੍ਹੋ) ਮਜਬੂਰੀ ਵਿਚ; ਦਿਲ ਲਾ ਕੇ ਕੰਮ ਨਾ ਕਰਨਾ। ਗੁਣੁ–(ਅਪਣੇ ਆਪ ਨੂੰ) ਲਾਭ। ਉਪਕਾਰ–(ਕਿਸੇ ਦੂਜੇ ਦਾ) ਭਲਾ। ਸੇਤੀ ਖਸੀ–ਖੁਸ਼ੀ ਨਾਲ। ਸਾਰੁ–ਸ੍ਰੇਸਟ।੩।

ਮਃ ੨ ॥ ਮਨ ਹਠਿ ਤਰਫ ਨ ਜਿਪਈ, ਜੇ ਬਹੁਤਾ ਘਾਲੇ ॥ ਤਰਫ ਜਿਣੈ ਸਤ ਭਾਉ ਦੇ, ਜਨ ਨਾਨਕ ਸਬਦੁ ਵੀਚਾਰੇ ॥੪॥ (ਹੇ ਭਾਈ!) ਮਨ ਦੇ ਹਠ ਨਾਲ ਜੇ ਕੋਈ ਮਨੁੱਖ (ਜਪ ਤਪ ਆਦਿ ਦੀ) ਬਹੁਤੀ ਮੇਹਨਤ ਕਰੇ, ਤਾਂ ਵੀ ਕਾਮਾਦਿਕਾਂ ਦਾ ਪਾਸਾ ਜਿੱਤਿਆ ਨਹੀਂ ਜਾ ਸਕਦਾ। ਦਾਸ ਨਾਨਕ ਆਖਦਾ ਹੈ ਕਿ (ਮਨੁੱਖ) ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਨੇਕ ਖਿਆਲ ਨਾਲ (ਕਾਮਾਦਿਕਾਂ ਦਾ) ਪਾਸਾ ਜਿਤ ਸਕਦਾ ਹੈ (ਕਰਮ ਕਾਂਡ ਕਰਕੇ ਕਾਮਾਦਿਕ ਜਿੱਤੇ ਨਹੀਂ ਜਾ ਸਕਦੇ।੪।

ਸਾਰੰਸ਼ = ਸੰਸਾਰ ਦੇ ਲੰਬੇ ਧੰਧੇ ਉਹ ਹੀ ਸਹੇੜਦੇ ਹਨ, ਜਿਨ੍ਹਾਂ ਨੂੰ ਮਰਨਾ ਯਾਦ ਨਹੀਂ ਹੁੰਦਾ। ਨਿਰੀ ਜਿੱਦ ਵੀ ਕਿਸੇ ਕੰਮ ਨਹੀਂ, ਜੋ ਕੰਮ ਕਰੋ, ਖੁਸ਼ੀ ਨਾਲ ਅਤੇ ਨੇਕ ਨੀਅਤ ਨਾਲ ਕਰੋ।

ਪਉੜੀ ॥ ਕਰਤੈ ਕਾਰਣੁ ਜਿਨਿ ਕੀਆ, ਸੋ ਜਾਣੈ ਸੋਈ ॥ ਆਪੇ ਸ੍ਰਿਸਟਿ ਉਪਾਈਅਨੁ ,ਆਪੇ ਫੁਨਿ ਗੋਈ ॥ ਜਿਸ ਕਰਤਾਰ ਨੇ

ਜਗਤ ਪੈਦਾ ਕੀਤਾ ਹੈ, ਉਹ ਪ੍ਰਭੂ ਹੀ ਉਸ ਨੂੰ ਜਾਣਦਾ ਹੈ। ਉਸ ਨੇ ਆਪੇ ਸ੍ਰਿਸਟੀ ਪੈਦਾ ਕੀਤੀ ਹੈ, ਫਿਰ ਆਪੇ ਨਾਸ਼ ਕਰਦਾ ਹੈ।

ਅੰਗ ੭੮੮ = ਜੁਗ ਚਾਰੇ ਸਭ ਭਵਿ ਥਕੀ, ਕਿਨਿ ਕੀਮਤਿ ਹੋਈ ॥ ਸਤਿਗੁਰਿ ਏਕੁ ਵਿਖਾਲਿਆ, ਮਨਿ ਤਨਿ ਸੁਖੁ ਹੋਈ ॥ ਗੁਰਮੁਖਿ ਸਦਾ ਸਲਾਹੀਐ, ਕਰਤਾ ਕਰੇ ਸੁ ਹੋਈ ॥੭॥ (ਪ੍ਰਭੂ ਨੂੰ ਸਮਝਣ ਵਾਸਤੇ) ਸਾਰੀ ਦੁਨੀਆਂ ਘੁੰਮ ਫਿਰ ਕੇ ਥਕ ਗਈ ਹੈ, (ਉਸ ਦੀ) ਕੀਮਤ ਕਿਸ ਤੋਂ ਹੋਈ ਹੈ? (ਕਿਸੇ ਤੋਂ ਕੀਮਤ ਨਹੀਂ ਪਾਈ ਗਈ)। ਸਤਿਗੁਰੂ ਨੇ (ਜਿਸ ਮਨੁੱਖ ਨੂੰ) ਇਕ ਪ੍ਰਭੂ ਦਿਖਾਇਆ ਹੈ, (ਉਸ ਦੇ) ਮਨ ਵਿਚ ਤੇ ਸਰੀਰ ਵਿਚ ਸੁਖ ਹੁੰਦਾ ਹੈ। ਜੋ ਕੁਛ ਪ੍ਰਭੂ ਕਰਦਾ ਹੈ, ਉਹ ਹੀ ਹੁੰਦਾ ਹੈ, (ਇਸ ਕਰਕੇ ਉਸ ਨੂੰ) ਗੁਰੂ ਰਾਹੀਂ ਸਦਾ ਸਲਾਹੁਣਾ ਚਾਹੀਦਾ ਹੈ।੭।

ਪਦਾਰਥ = ਮਨ ਹਠਿ-ਮਨ ਦੇ ਹਠ ਨਾਲ। ਤਰਫ-ਪਾਸਾ; ਪੱਖ; ਦਿਸ਼ਾ; ਧਿਰ। ਨ ਜਿਪਈ-ਜਿੱਤਿਆ ਨਹੀਂ ਜਾ ਸਕਦਾ। ਘਾਲੇ-ਮੇਹਨਤ ਕਰੇ। ਜਿਣੈ-ਜਿੱਤਦਾ ਹੈ। ਸਤ ਭਾਉ ਦੇ-ਨੇਕ ਖਿਆਲ ਨਾਲ; ਨੇਕ ਭਾਵਨਾ ਨਾਲ।੪। ਪਉੜੀ। ਕਰਤੈ-ਕਰਤਾਰ ਨੇ। ਕਾਰਣੁ-ਜਗਤ। ਜਿਨਿ-ਜਿਸ ਨੇ। ਕੀਆ-ਪੈਦਾ ਕੀਤਾ ਹੈ। ਸੋ-ਉਹ। ਸੋਈ-ਉਸ ਨੂੰ। ਉਪਾਈਅਨੁ-ਉਸ ਨੇ ਪੈਦਾ ਕੀਤੀ ਹੈ। ਫੁਨਿ -ਫਿਰ; ਮੁੜ ਕੇ। ਗੋਈ-ਨਾਸ਼ ਕਰਦਾ ਹੈ। ਜੁਗ ਚਾਰੇ-ਚਾਰੇ ਜੁਗਾਂ ਵਿਚ। ਸਭ-ਸਾਰੀ ਦੁਨੀਆਂ। ਭਵਿ ਥਕੀ-ਘੁੰਮ ਫਿਰ ਕੇ ਥਕ ਗਈ। ਕਿਨਿ-ਕਿਸ ਤੋਂ। ਸਤਿਗੁਰਿ-ਸਤਿਗੁਰੂ ਨੇ। ਏਕੁ-ਇਕ ਪ੍ਰਭੂ। ਵਿਖਾਲਿਆ-ਦਿਖਾਇਆ। ਮਨਿ-ਮਨ ਵਿਚ। ਤਨਿ-ਸਰੀਰ ਵਿਚ। ਗੁਰਮੁਖਿ-ਗੁਰੂ ਰਾਹੀਂ। ਕਰਤਾ ਕਰੇ-ਕਰਤਾਰ ਕਰਦਾ ਹੈ। ਸੁ ਹੋਈ-ਉਹ ਹੁੰਦਾ ਹੈ।੭।

ਸਲੋਕ ਮਃ ੨ ॥ ਜਿਨਾ ਭਉ ਤਿਨ੍ ਨਾਹਿ ਭਉ ,ਮੁਚੁ ਭਉ ਨਿਭਵਿਆਹ ॥ ਨਾਨਕ ਏਹੁ ਪਟੰਤਰਾ, ਤਿਤੁ ਦੀਬਾਣਿ ਗਇਆਹ ॥੧॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਨੂੰ ਹਰੀ ਦਾ ਡਰ ਹੈ, ਉਨ੍ਹਾਂ ਨੂੰ ਹੋਰ ਕਿਸੇ ਦਾ ਡਰ ਨਹੀਂ, (ਜਿਹੜੇ ਮਨੁੱਖ) ਪ੍ਰਭੂ ਦੇ ਡਰ ਤੋਂ ਰਹਿਤ ਹਨ, ਉਨ੍ਹਾਂ ਨੂੰ ਹੋਰ ਕਈ ਤਰ੍ਹਾਂ ਦੇ ਬਹੁਤੇ ਡਰ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ (ਰੱਬੀ ਡਰ ਤੇ ਦੁਨਿਆਵੀ ਡਰ ਦਾ) ਗੂੜ੍ਹ ਭੇਦ ਉਸ ਰੱਬ ਦੀ ਅਦਾਲਤ ਵਿਚ ਗਿਆਂ ਹੀ ਪਤਾ ਲੱਗੇਗਾ।੧।

ਮਃ ੨ ॥ ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ ॥ ਜੀਵਤੇ ਕਉ ਜੀਵਤਾ ਮਿਲੈ, ਮੂਏ ਕਉ ਮੂਆ ॥ ਨਾਨਕ ਸੋ ਸਾਲਾਹੀਐ ,ਜਿਨਿ ਕਾਰਣੁ ਕੀਆ ॥੨॥ (ਹੇ ਭਾਈ! ਜੀਵ ਦੇ ਮਰਨ ਨਾਲ) ਪਾਣੀ ਨਾਲ ਪਾਣੀ ਮਿਲ ਜਾਂਦਾ ਹੈ, ਪੌਣ ਨਾਲ ਪੌਣ ਮਿਲ ਜਾਂਦੀ ਹੈ। ਅੱਗ ਨਾਲ ਅੱਗ ਮਿਲ ਜਾਂਦੀ ਹੈ ਅਤੇ ਮਿੱਟੀ ਨਾਲ ਮਿੱਟੀ ਮਿਲ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਪ੍ਰਭੂ ਨੇ ਇਹ) ਜਗਤ ਪੈਦਾ ਕੀਤਾ ਹੈ, ਉਸ ਨੂੰ ਸਲਾਹੁਣਾ ਚਾਹੀਦਾ ਹੈ (ਮਨੁੱਖ ਦੇ ਵਸ ਵਿਚ ਕੁਛ ਨਹੀਂ ਹੈ, ਸਭ ਕੁਛ ਰੱਬ ਦੇ ਵਸ ਵਿਚ ਹੈ। ਜੀਵ ਦੇ ਮਰਨ ਉਤੇ ਸਰੀਰ ਦੇ ਤੱਤ ਅਪਣੇ ਮੂਲ ਕਾਰਣ ਤੱਤਾਂ ਵਿਚ ਮਿਲ ਜਾਂਦੇ ਹਨ)।

ਤੁਰਦੇ ਕਉ ਤੁਰਦਾ ਮਿਲੈ = ਤੁਰਦੇ ਜੀਵ ਨੂੰ ਤੁਰਦਾ ਜੀਵ ਮਿਲਦਾ ਹੈ, ਉਡਦੇ ਪੰਛੀ ਨੂੰ ਉਡਦਾ ਪੰਛੀ ਮਿਲਦਾ ਹੈ। ਜਿਉਂਦਿਆਂ ਮਨੁੱਖਾਂ ਨੂੰ ਜਿਉਂਦੇ ਮਨੁੱਖ ਮਿਲਦੇ ਹਨ ਅਤੇ ਮਰੇ ਹੋਏ ਪਿੱਤਰਾਂ ਨੂੰ ਮਰੇ ਹੋਏ ਪਿਤਰ ਮਿਲਦੇ ਹਨ; ਗਿਆਨਵਾਨ ਨੂੰ ਗਿਆਨਵਾਨ ਮਿਲਦਾ ਹੈ ਅਤੇ ਅਗਿਆਨੀ ਨੂੰ ਅਗਿਆਨੀ ਮਿਲਦਾ ਹੈ (ਮ. ਕੋ.)।੨।

ਪਦਾਰਥ = ਜਿਨਾ-ਜਿਨ੍ਹਾਂ ਨੂੰ। ਭਉ-ਡਰ। ਤਿਨ੍-ਉਨ੍ਹਾਂ ਨੂੰ। ਨਾਹਿ ਭਉ-ਡਰ ਨਹੀਂ। ਮੁਚੁ-ਬਹੁਤਾ। ਨਿਭਵਿਆਹ-ਨਿਡਰ (ਡਰ ਰਹਿਤ)। ਪਟੰਤਰਾ-ਨਿਰਣਾ (ਸਭ ਨੇ ਏਹੋ ਅਰਥ ਕੀਤਾ ਹੈ); ਪਟੇ ਦਾ ਗੂੜ੍ਹ ਭੇਦ ਭਾਵ ਸਰਕਾਰੀ ਪਟੇ ਵਿਚ ਬੜੀਆਂ ਗੂੜ੍ਹ ਲਿਖਤਾਂ ਹੁੰਦੀਆਂ ਹਨ, ਉਨ੍ਹਾਂ ਦਾ ਸਮਝਣਾ ਔਖਾ ਹੁੰਦਾ ਹੈ (ਸ਼ਬਦਾਰਥ; ਟਕਸਾਲ)। ਤਿਤੁ-ਉਸ ਦੀ। ਦੀਬਾਣਿ ਗਇਆਹ-(ਰੱਬ ਦੀ) ਅਦਾਲਤ ਵਿਚ ਗਿਆਂ।੧। ਤੁਰਦੇ ਕਉ-ਤੁਰਦੇ ਜੀਵ ਨੂੰ; ਪਾਣੀ ਨਾਲ (ਤੁਰਦੇ ਰਹਿਣ ਕਰਕੇ ਪਾਣੀ ਅਰਥ ਕੀਤਾ ਹੈ)। ਉਡਤੇ ਕਉ-ਉਡਦੇ ਪੰਛੀ ਨੂੰ; ਪੌਣ ਨਾਲ (ਹਵਾ ਉਡਦੀ ਹੈ)। ਜੀਵਤੇ ਕਉ-ਜਿਉਂਦੇ ਮਨੁੱਖ ਨੂੰ; ਅੱਗ ਨਾਲ। ਮੂਏ ਕਉ-ਮਰੇ ਹੋਏ ਨੂੰ; ਮਿੱਟੀ ਨਾਲ। ਸੋ-ਉਸ ਨੂੰ। ਜਿਨਿ-ਜਿਸ ਨੇ। ਕਾਰਣੁ-ਜਗਤ ਨੂੰ। ਕੀਆ-ਪੈਦਾ ਕੀਤਾ ਹੈ।੨।

ਪਉੜੀ ॥ ਸਚੁ ਧਿਆਇਨਿ ਸੇ ਸਚੇ, ਗੁਰ ਸਬਦਿ ਵੀਚਾਰੀ ॥ ਹਉਮੈ ਮਾਰਿ ਮਨੁ ਨਿਰਮਲਾ, ਹਰਿ ਨਾਮੁ ਉਰਿ ਧਾਰੀ ॥ ਕੋਠੇ ਮੰਡਪ ਮਾੜੀਆ, ਲਗਿ ਪਏ ਗਾਵਾਰੀ ॥ ਜਿਨ੍ਹਿ ਕੀਏ ਤਿਸਹਿ ਨ ਜਾਣਨੀ, ਮਨਮੁਖਿ ਗੁਬਾਰੀ ॥ ਜਿਸੁ ਬੁਝਾਇਹਿ ਸੋ ਬੁਝਸੀ ਸਚਿਆ, ਕਿਆ ਜੰਤ ਵਿਚਾਰੀ ॥੮॥ (ਹੇ ਭਾਈ! ਜਿਹੜੇ) ਵਿਚਾਰਵਾਨ ਪੁਰਖ ਗੁਰੂ ਦੇ ਸ਼ਬਦ ਦੁਆਰਾ ਸੱਚ ਸਰੂਪ ਪ੍ਰਭੂ ਨੂੰ ਸਿਮਰਦੇ ਹਨ, ਉਹ ਸੱਚੇ ਹਨ। (ਉਨ੍ਹਾਂ ਨੇ) ਹਉਮੈ ਨੂੰ ਮਾਰ ਕੇ ਮਨ ਨੂੰ ਪਵਿਤ੍ਰ ਕੀਤਾ ਹੈ ਅਤੇ ਹਰੀ ਦੇ ਨਾਮ ਨੂੰ ਹਿਰਦੇ ਵਿਚ ਧਾਰਨ ਕੀਤਾ ਹੈ। ਮੂਰਖ ਲੋਕ ਕੋਠੇ ਅਤੇ ਮਹਿਲ ਮਾੜੀਆਂ ਉਸਾਰਨ ਲੱਗੇ ਪਏ ਹਨ। ਜਿਸ ਪ੍ਰਭੂ ਨੇ (ਇਹ ਸਭ ਪਦਾਰਥ) ਪੈਦਾ

ਕੀਤੇ ਹਨ, ਮਨਮੁਖ ਅਗਿਤਨਤਾ ਦੇ ਘੁੱਪ ਹਨ੍ਹੇਰੇ ਵਿਚ ਫਸ ਕੇ ਉਸ ਨੂੰ ਨਹੀਂ ਜਾਣਦੇ। ਹੇ ਸੱਚੇ ਪ੍ਰਭੂ! (ਤੇਰੀ ਕ੍ਰਿਪਾ ਤੋਂ ਬਿਨਾ) ਵਿਚਾਰੇ ਜੀਵ ਕੀ ਕਰ ਸਕਦੇ ਹਨ? ਜਿਸ ਪੁਰਖ ਨੂੰ ਤੂੰ ਸਮਝਾਉਂਦਾ ਹੈਂ, ਉਹ ਹੀ ਸਮਝਦਾ ਹੈ।੮।

ਪਦਾਰਥ = ਸਚੁ–ਸੱਚੇ ਪ੍ਰਭੂ ਨੂੰ। ਧਿਆਇਨਿ–ਸਿਮਰਦੇ ਹਨ। ਸੇ–ਉਹ। ਸਬਦਿ–ਸ਼ਬਦ ਦੁਆਰਾ। ਵੀਚਾਰੀ–ਵਿਚਾਰਵਾਨ ਮਨੁੱਖ। ਨਿਰਮਲਾ–ਪਵਿਤ੍ਰ। ਉਰਿ ਧਾਰੀ–ਹਿਰਦੇ ਵਿਚ ਧਾਰਿਆ ਹੈ। ਮੰਡਪ–ਵੱਡੇ ਮਕਾਨ। ਮਾੜੀਆ–ਮਹਿਲ। ਗਾਵਾਰੀ–ਮੂਰਖ ਲੋਕ। ਜਿਨਿ–ਜਿਸ ਨੇ। ਕੀਏ–ਪੈਦਾ ਕੀਤੇ ਹਨ। ਤਿਸਹਿ–ਉਸ ਨੂੰ। ਗੁਬਾਰੀ–ਅਗਿਆਨਤਾ ਦੇ ਘੁੱਪ ਹਨ੍ਹੇਰੇ ਵਿਚ। ਬੁਝਾਇਹਿ–ਸਮਝਾਉਂਦਾ ਹੈ। ਸੋ–ਉਹ। ਬੁਝਸੀ–ਸਮਝਦਾ ਹੈ। ਜੰਤ ਵਿਚਾਰੀ–ਵਿਚਾਰੇ (ਨਿਮਾਣੇ) ਜੀਵ।੮।

ਵਿਆਖਿਆ = ਪਹਿਲੇ ਸਲੋਕ ਵਿਚ ਦਸਿਆ ਹੈ ਕਿ ਪ੍ਰਭੂ ਦੇ ਡਰ ਦੇ ਮੁਕਾਬਲੇ ਤੇ ਹੋਰ ਕਿਸੇ ਕਿਸਮ ਦਾ ਡਰ ਕੁਛ ਵੀ ਨਹੀਂ। ਰੱਬ ਦਾ ਡਰ ਮਨ ਵਿਚ ਹੋਵੇ ਤਾਂ ਦੁਨਿਆਂ ਦੇ ਹਰੇਕ ਕਿਸਮ ਦੇ ਡਰ ਟਿਕ ਨਹੀਂ ਸਕਦੇ। ਦੂਜੇ ਸਲੋਕ ਦਾ ਭਾਵ ਹੈ ਕਿ ਮਨੁੱਖ ਦੀ ਕੀ ਹਸਤੀ ਹੈ ਕਿ ਉਸ ਪਾਸੋਂ ਡਰਿਆ ਜਾਵੇ ਜਾਂ ਉਸ ਨੂੰ ਸਲਾਹੀਏ? ਮਨੁੱਖ ਦੇ ਮਰਨ ਉਤੇ ਉਸ ਦੇ ਤੱਤ ਅਪਣੇ ਮੂਲ ਤੱਤਾਂ ਵਿਚ ਮਿਲ ਜਾਂਦੇ ਹਨ, ਬਾਕੀ ਕੇਵਲ ਮਨੁੱਖ ਨੂੰ ਸੱਤਾ ਦੇਣ ਵਾਲਾ ਰੱਬ ਰਹਿ ਜਾਂਦਾ ਹੈ, ਤਾਂ ਤੇ ਉਸ ਰਚਨਹਾਰ ਵਾਹਿਗੁਰੂ ਨੂੰ ਸਲਾਹੁਣਾ ਚਾਹੀਦਾ ਹੈ। ਪਉੜੀ ਵਿਚ ਦਸਿਆ ਹੈ ਕਿ ਸਦਾ ਰਹਿਣ ਵਾਲੇ ਉਹ ਹੀ ਹਨ ਜੋ ਸਦਾ ਰਹਿਣ ਵਾਲੇ ਰੱਬ ਨੂੰ ਹਿਰਦੇ ਵਿਚ ਵਸਾਉਂਦੇ ਹਨ। ਜਿਹੜੇ ਨਾਸ਼ਵੰਤ ਚੀਜਾਂ ਵਿਚ ਦਿਲ ਲਾਉਂਦੇ ਹਨ, ਉਹ ਮੂਰਖ ਜੰਮਦੇ ਮਰਦੇ ਰਹਿੰਦੇ ਹਨ।

ਸਲੋਕ ਮਃ ੩ ॥ ਕਾਮਣਿ ਤਉ ਸੀਗਾਰੁ ਕਰਿ, ਜਾ ਪਹਿਲਾਂ ਕੰਤੁ ਮਨਾਇ ॥ ਮਤੁ ਸੇਜੈ ਕੰਤੁ ਨ ਆਵਈ, ਏਵੈ ਬਿਰਥਾ ਜਾਇ ॥ ਕਾਮਣਿ ਪਿਰ ਮਨੁ ਮਾਨਿਆ, ਤਉ ਬਣਿਆ ਸੀਗਾਰੁ ॥ ਕੀਆ ਤਉ ਪਰਵਾਣੁ ਹੈ, ਜਾ ਸਹੁ ਧਰੇ ਪਿਆਰੁ ॥ ਭਉ ਸੀਗਾਰੁ ਤਬੋਲ ਰਸੁ ,ਭੋਜਨੁ ਭਾਉ ਕਰੇਇ ॥ ਤਨੁ ਮਨੁ ਸਉਪੇ ਕੰਤ ਕਉ ,ਤਉ ਨਾਨਕ ਭੋਗੁ ਕਰੇਇ ॥੧॥ ਹੇ ਇਸਤ੍ਰੀ! ਅਪਣੇ ਤਨ ਉਤੇ ਤਦ ਸ਼ਿੰਗਾਰ ਕਰ, ਜਦ ਪਹਿਲਾਂ ਅਪਣੇ ਪਤੀ ਨੂੰ ਮਨਾ ਲਵੇਂ। ਮਤਾਂ ਸੇਜ ਉਤੇ ਕੰਤ ਆਵੇ ਹੀ ਨਾ, (ਫਿਰ ਤੇਰਾ ਕੀਤਾ ਸ਼ਿੰਗਾਰ) ਐਵੇਂ ਬਿਅਰਥ ਚਲਾ ਜਾਵੇ। ਹੇ ਇਸਤ੍ਰੀ! ਜੇ ਪਤੀ ਦਾ ਮਨ (ਤੇਰੇ ਉਤੇ) ਪ੍ਰਸੰਨ ਹੋ ਗਿਆ, ਤਦ ਤੇਰਾ ਬਣਿਆ ਸ਼ਿੰਗਾਰ ਸਫਲ ਹੈ। ਤੇਰਾ ਕੀਤਾ ਸ਼ਿੰਗਾਰ ਤਦ ਪ੍ਰਵਾਨ ਹੁੰਦਾ ਹੈ, ਜਦ ਪਤੀ (ਤੈਨੂੰ) ਪਿਆਰ ਕਰੇ। ਜੇ ਇਸਤ੍ਰੀ ਹਰੀ ਦੇ ਡਰ ਨੂੰ ਸ਼ਿੰਗਾਰ ਤੇ ਪਾਨਾਂ ਦਾ ਰਸ ਬਣਾਵੇ ਅਤੇ ਹਰੀ ਦੇ ਪਿਆਰ ਨੂੰ ਭੋਜਨ ਬਣਾਵੇ। ਅਪਣਾ ਤਨ ਮਨ ਪਤੀ ਨੂੰ ਸੌਂਪ ਦੇਵੇ, ਨਾਨਕ ਗੁਰੂ ਜੀ ਆਖਦੇ ਹਨ ਕਿ ਤਦ ਪਤੀ ਭੋਗ ਕਰਦਾ (ਮਿਲਾਪ ਦਾ ਅਨੰਦ ਬਖਸ਼ਦਾ) ਹੈ।੧।

ਮਃ ੩ ॥ ਕਾਜਲ ਫੂਲ ਤੰਬੋਲ ਰਸੁ ,ਲੇ ਧਨ ਕੀਆ ਸੀਗਾਰੁ ॥ ਸੇਜੈ ਕੰਤੁ ਨ ਆਇਓ, ਏਵੈ ਭਇਆ ਵਿਕਾਰੁ ॥੨॥ ਅੱਖਾਂ ਵਿਚ ਪਾਉਣ ਵਾਲਾ ਸੁਰਮਾਂ, (ਵਾਲਾਂ ਵਿਚ ਸਜਾਉਣ ਵਾਸਤੇ) ਫੁੱਲ ਅਤੇ ਪਾਨਾਂ ਦਾ ਰਸ ਆਦਿ ਚੀਜਾਂ ਲੈ ਕੇ ਇਸਤ੍ਰੀ ਨੇ ਸ਼ਿੰਗਾਰ ਕੀਤਾ ਹੈ। (ਪਰ ਜੇ) ਪਤੀ ਸੇਜ ਉਤੇ ਨਹੀਂ ਆਇਆ ਤਾਂ ਸ਼ਿੰਗਾਰ ਕੀਤਾ ਹੋਇਆ ਬੇਕਾਰ ਹੋ ਗਿਆ।੨।

ਪਦਾਰਥ = ਕਾਮਣਿ–ਹੇ ਇਸਤ੍ਰੀ!। ਤਉ–ਤਦ। ਜਾ–ਜਦ। ਕੰਤੁ–ਪਤੀ ਨੂੰ। ਮਨਾਇ–ਪ੍ਰਸੰਨ ਕਰ ਲਵੇਂ। ਮਤੁ–ਮਤਾਂ; ਸ਼ਾਇਦ। ਸੇਜੈ–ਪਲੰਘ ਉਤੇ। ਏਵੈ–ਐਵੇਂ। ਬਿਰਥਾ–ਬਿਅਰਥ। ਪਿਰ–ਪਤੀ ਦਾ। ਮਨੁ ਮਾਨਿਆ–ਮਨ ਪ੍ਰਸੰਨ ਹੋ ਗਿਆ; ਮਨ ਰੀਝ ਗਿਆ। ਕੀਤਾ–ਕੀਤਾ ਹੋਇਆ। ਪਰਵਾਣੁ–ਪ੍ਰਵਾਨ। ਸਹੁ–ਪਤੀ। ਧਰੇ–ਕਰੇ। ਭਉ–ਡਰ। ਤਬੋਲ ਰਸੁ–ਪਾਨਾਂ ਦਾ ਸੁਆਦ। ਭਾਉ–ਪ੍ਰੇਮ। ਕਰੇਇ–ਕਰੇ; ਬਣਾਵੇ। ਤਨੁ–ਸਰੀਰ। ਸਉਪੇ–ਹਵਾਲੇ ਕਰ ਦੇਵੇ। ਕਉ–ਨੂੰ। ਭੋਗੁ ਕਰੇਇ–ਭੋਗ ਕਰਦਾ (ਮਿਲਾਪ ਦਾ ਅਨੰਦ ਬਖਸ਼ਦਾ) ਹੈ।੧। ਕਾਜਲ–ਸੁਰਮਾ। ਲੇ–ਲੈ ਕੇ। ਧਨ–ਇਸਤ੍ਰੀ ਨੇ। ਕੀਆ–ਕੀਤਾ। ਭਇਆ–ਹੋ ਗਿਆ। ਵਿਕਾਰੁ–ਬੇਕਾਰ (ਨਿਸਫਲ)।੨।

ਵਿਆਖਿਆ = ਇਨ੍ਹਾਂ ਸਲੋਕਾਂ ਵਿਚ ਗੁਰੂ ਜੀ ਨੇ ਇਹ ਦਸਿਆ ਹੈ ਕਿ ਜਿਵੇਂ ਇਕ ਇਸਤ੍ਰੀ ਅਪਣੇ ਪਤੀ ਨੂੰ ਖੁਸ਼ ਕਰਨ ਲਈ ਹਾਰ ਸ਼ਿੰਗਾਰ ਕਰਦੀ ਹੈ, ਇਸੇ ਤਰ੍ਹਾਂ ਇਕ ਜਗਿਆਸੂ ਪ੍ਰਭੂ ਦੀ ਪ੍ਰਾਪਤੀ ਵਾਸਤੇ ਕਈ ਤਰ੍ਹਾਂ ਦੇ ਸਾਧਨ ਕਰਦਾ ਹੈ। ਇਸਤ੍ਰੀ ਅੱਖਾਂ ਵਿਚ ਸੁਰਮਾ ਪਾਉਂਦੀ ਹੈ, ਫੁੱਲ ਰੱਖਦੀ ਹੈ, ਪਾਨਾਂ ਦਾ ਸੁਆਦ ਚਖਦੀ ਹੈ। ਪਰ ਜੇ ਪਤਨੀ ਦੀ ਸੇਜ ਉਤੇ ਪਤੀ ਨਹੀਂ ਆਉਂਦਾ ਤਾਂ ਉਸ ਦਾ ਕੀਤਾ ਸ਼ਿੰਗਾਰ ਬਿਰਥਾ ਜਾਂਦਾ ਹੈ। ਜਗਿਆਸੂ ਜਪ ਤਪ, ਤੀਰਥ ਯਾਤਰਾ ਅਤੇ ਹਵਨ ਆਦਿ ਕਰਦਾ ਹੈ, ਪਰ ਜੇ ਪ੍ਰਭੂ ਉਸ ਦੇ ਹਿਰਦੇ ਵਿਚ ਪਰਗਟ ਨਹੀਂ ਹੋਇਆ, ਤਾਂ ਇਹ ਸਾਰੇ ਕੀਤੇ ਹੋਏ ਕਰਮ ਨਿਸਫਲ ਜਾਂਦੇ ਹਨ।

ਮਃ ੩ ॥ ਧਨ ਪਿਰ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ ॥ ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ॥੩॥ ਪਤੀ ਤੇ ਪਤਨੀ ਇਹ ਨਹੀਂ ਆਖੇ ਜਾਂਦੇ, ਜੋ ਇਕੱਠੇ ਹੋ ਕੇ ਬੈਠਣ। (ਭਾਵੇਂ ਉਨ੍ਹਾਂ ਦੇ) ਸਰੀਰ ਦੋ ਹੋਣ, (ਪਰ ਦੋਹਾਂ ਦੀ) ਆਤਮਾ

ਇਕ ਹੋ ਜਾਵੇ (ਦੋਹਾਂ ਦੇ ਮਨ ਅੰਦਰੋਂ ਮਿਲ ਕੇ ਇਕ ਹੋ ਜਾਣ), ਤਾਂ ਉਹ ਪਤਨੀ ਤੇ ਪਤੀ ਕਹੇ ਜਾਂਦੇ ਹਨ।੩।

ਪਉੜੀ ॥ ਭੈ ਬਿਨੁ ਭਗਤਿ ਨ ਹੋਵਈ, ਨਾਮਿ ਨ ਲਗੈ ਪਿਆਰੁ ॥ ਸਤਿਗੁਰਿ ਮਿਲਿਐ ਭਉ ਊਪਜੈ, ਭੈ ਭਾਇ ਰੰਗੁ ਸਵਾਰਿ ॥ ਤਨੁ ਮਨੁ ਰਤਾ ਰੰਗ ਸਿਉ ,ਹਉਮੈ ਤ੍ਰਿਸਨਾ ਮਾਰਿ ॥ ਮਨੁ ਤਨੁ ਨਿਰਮਲੁ ਅਤਿ ਸੋਹਣਾ, ਭੇਟਿਆ ਕ੍ਰਿਸਨ ਮੁਰਾਰਿ ॥ ਭਉ ਭਾਉ ਸਭੁ ਤਿਸ ਦਾ, ਸੋ ਸਚੁ ਵਰਤੈ ਸੰਸਾਰਿ ॥੯॥ (ਹੇ ਭਾਈ! ਪ੍ਰਭੂ ਦੇ) ਡਰ ਧਾਰਨ ਕੀਤੇ ਬਿਨਾ ਭਗਤੀ ਨਹੀਂ ਹੋ ਸਕਦੀ ਅਤੇ ਨਾ ਹੀ ਨਾਮ ਵਿਚ ਪਿਆਰ ਲਗਦਾ ਹੈ। ਸਤਿਗੁਰੂ ਦੇ ਮਿਲਣ ਨਾਲ ਰੱਬੀ ਡਰ ਪੈਦਾ ਹੁੰਦਾ ਹੈ, (ਰੱਬ ਦਾ) ਡਰ ਤੇ ਪ੍ਰੇਮ ਦਾ ਰੰਗ ਜੀਵਨ ਨੂੰ ਸਵਾਰ ਦੇਂਦਾ ਹੈ; ਭੈ ਤੇ ਪ੍ਰੇਮ ਦੁਆਰਾ (ਮਨ ਉਤੇ) ਭਗਤੀ ਦਾ ਰੰਗ ਚੜ੍ਹ ਜਾਂਦਾ ਹੈ। (ਜਿਸ ਮਨੁੱਖ ਨੇ) ਹਉਮੈ ਤੇ ਤ੍ਰਿਸ਼ਨਾ ਨੂੰ ਮਾਰ ਲਿਆ ਹੈ, (ਉਸ ਦਾ) ਮਨ ਤੇ ਸਰੀਰ (ਭਗਤੀ ਦੇ) ਰੰਗ ਨਾਲ ਰੰਗਿਆ ਜਾਂਦਾ ਹੈ। (ਭਗਤੀ ਦੇ ਰੰਗ ਨਾਲ ਉਸ ਨੂੰ) ਅਕਾਲ ਪੁਰਖ ਮਿਲ ਪਿਆ, (ਜਿਸ ਕਰਕੇ ਉਸ ਦਾ) ਮਨ ਤੇ ਸਰੀਰ ਪਵਿਤ੍ਰ ਅਤੇ ਬਹੁਤ ਸੋਹਣੇ ਹੋ ਗਏ ਹਨ। (ਹੇ ਭਾਈ!) ਡਰ ਤੇ ਪ੍ਰੇਮ ਸਭ ਕੁਛ ਉਸ ਪ੍ਰਭੂ ਦਾ ਬਖਸ਼ਿਆ ਮਿਲਦਾ ਹੈ, ਉਹ ਸੱਚ ਸਰੂਪ ਪ੍ਰਭੂ ਸਾਰੇ ਸੰਸਾਰ ਵਿਚ ਵਰਤ ਰਿਹਾ ਹੈ।੯।

ਪਦਾਰਥ = ਧਨ–ਪਤਨੀ (ਦੁਲਹਨ)। ਪਿਰ–ਪਤੀ (ਲਾੜਾ)। ਆਖੀਅਨਿ–ਕਹੇ ਜਾਂਦੇ। ਜੋਤਿ–ਆਤਮਾ। ਦੁਇ–ਦੋ। ਮੂਰਤੀ–ਸਰੀਰ। ਸੋਇ–ਉਹ ਹੀ।੩। ਪਉੜੀ। ਨ ਹੋਵਈ–ਨਹੀਂ ਹੋ ਸਕਦੀ। ਨਾਮਿ–ਨਾਮ ਵਿਚ। ਸਤਿਗੁਰਿ ਮਿਲਿਐ–ਸਤਿਗੁਰੂ ਦੇ ਮਿਲਣ ਨਾਲ। ਭਉ–ਡਰ। ਊਪਜੈ–ਪੈਦਾ ਹੁੰਦਾ ਹੈ। ਭਾਇ–ਪ੍ਰੇਮ। ਸਵਾਰਿ–ਸਵਾਰ ਦੇਂਦਾ ਹੈ। ਰਤਾ–ਰੰਗਿਆ ਗਿਆ। ਸਿਉ–ਨਾਲ। ਅਤਿ–ਬਹੁਤ। ਨਿਰਮਲੁ–ਪਵਿਤ੍ਰ। ਭੇਟਿਆ–ਮਿਲਿਆ। ਕ੍ਰਿਸਨ ਮੁਰਾਰਿ–ਹੰਕਾਰ ਦਾ ਵੈਰੀ ਅਕਾਲ ਪੁਰਖ। ਸੋ–ਉਹ। ਸੰਸਾਰਿ–ਸੰਸਾਰ ਵਿਚ।੯।

ਸਲੋਕ ਮਃ ੧ ॥ ਵਾਹੁ ਖਸਮ ਤੂ ਵਾਹੁ ,ਜਿਨਿ ਰਚਿ ਰਚਨਾ ਹਮ ਕੀਏ ॥ ਸਾਗਰ ਲਹਰਿ ਸਮੁੰਦ ਸਰ, ਵੇਲਿ ਵਰਸ ਵਰਾਹੁ ॥ ਆਪਿ ਖੜੋਵਹਿ ਆਪਿ ਕਰਿ, ਆਪੀਣੈ ਆਪਾਹੁ ॥ ਗੁਰਮੁਖਿ ਸੇਵਾ ਥਾਇ ਪਵੈ, ਉਨਮਨਿ ਤਤੁ ਕਮਾਹੁ ॥ ਮਸਕਤਿ ਲਹਹੁ ਮਜੂਰੀਆ, ਮੰਗਿ ਮੰਗਿ ਖਸਮ ਦਰਾਹੁ ॥ ਨਾਨਕ ਪੁਰ ਦਰ ਵੇਪਰਵਾਹ, ਤਉ ਦਰਿ ਊਣਾ ਨਾਹਿ ਕੋ, ਸਚਾ ਵੇਪਰਵਾਹੁ ॥੧॥ ਹੇ ਮਾਲਕ ਪ੍ਰਭੂ! ਤੂੰ ਧੰਨ ਹੈਂ, ਧੰਨ ਹੈਂ, ਜਿਸ ਨੇ ਜਗਤ ਰਚਨਾ ਰਚ ਕੇ ਸਾਨੂੰ (ਸਾਰੇ ਜੀਵਾਂ ਨੂੰ) ਪੈਦਾ ਕੀਤਾ ਹੈ। ਸਮੁੰਦਰ, ਸਮੁੰਦਰ ਦੀਆਂ ਲਹਿਰਾਂ, ਮਾਨਸਰੋਵਰ, ਵੇਲਾ (ਸਮਾਂ), ਸਾਲ ਤੇ ਬੱਦਲ ਆਦਿ (ਸਭ ਤੂੰ ਹੀ) ਰਚੇ ਹਨ; (ਸੰਸਾਰ ਰਚਨਾ ਤੇ ਰਚਨਹਾਰ ਹਰੀ ਦਾ ਸਬੰਧ ਇਉਂ ਹੈ, ਜਿਵੇਂ) ਸਮੁੰਦਰ ਦੀ ਲਹਿਰ ਅਤੇ ਸਮੁੰਦ ਸਰ ਦਾ, ਵੇਲਾਂ ਬੂਟਿਆਂ ਦਾ ਤੇ ਬਾਰਸ਼ ਦੇਣ ਵਾਲੇ ਬੱਦਲ ਦਾ, ਜੋ ਵੇਲਾਂ ਨੂੰ ਸਿੰਜਦਾ ਹੈ (ਸ਼ਬਦਾਰਥ)। ਹੇ ਪ੍ਰਭੂ! ਅਪਣੇ ਆਪ ਤੋਂ ਸ੍ਰਿਸਟੀ ਨੂੰ ਬਣਾ ਕੇ (ਉਸ ਦੇ ਵਿਚ ਤੂੰ) ਆਪ ਖੜੋਂਦਾ ਹੈ (ਅੰਦਰੋਂ ਸਹਾਰਾ ਦੇਂਦਾ ਹੈ; ਤੂੰ ਆਪ ਹੀ ਆਪ ਸਭ ਕੁਛ ਹੈਂ (ਤੈਨੂੰ ਕਿਸੇ ਦੂਜੇ ਦੀ ਸਹਾਇਤਾ ਦੀ ਲੋੜ ਨਹੀਂ। ਹੇ ਭਾਈ! ਇਸ ਜਗਤ ਵਿਚ) ਗੁਰਮੁਖਾਂ ਦੀ ਸੇਵਾ ਥਾਂਇ ਪੈਂਦੀ (ਪ੍ਰਵਾਨ ਹੁੰਦੀ) ਹੈ, (ਕਿਉਂਕਿ ਉਹ) ਮਨ ਦੀ ਉਚੀ ਅਵਸਥਾ ਵਿਚ ਪਹੁੰਚ ਕੇ ਤੱਤ ਸਰੂਪ ਹਰੀ ਦਾ ਨਾਮ ਕਮਾਉਂਦੇ ਹਨ। (ਹੇ ਭਾਈ! ਤੁਸੀਂ ਵੀ ਨਾਮ ਸਿਮਰਨ ਦੀ) ਮੇਹਨਤ ਕਰਕੇ ਮਾਲਕ ਦੇ ਦਰ ਤੋਂ ਮੰਗ ਮੰਗ ਕੇ ਮਜੂਰੀਆਂ (ਮਿਹਨਤ ਦਾ ਫਲ) ਲੈ ਲਵੋ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਬੇਪ੍ਰਵਾਹ ਮਾਲਕ ਦਾ ਦਰ ਪੂਰਨ (ਭਰਿਆ ਹੋਇਆ) ਹੈ, ਹੇ ਪ੍ਰਭੂ! ਤੇਰੇ ਤੋਂ ਕੋਈ ਜੀਵ ਖਾਲੀ ਨਹੀਂ ਜਾਂਦਾ, ਤੂੰ ਸੱਚਾ ਬੇਪ੍ਰਵਾਹ ਹੈਂ।੧।

ਸਾਰੰਸ਼ = ਜਿਸ ਸ੍ਰਿਸਟੀ ਵਿਚ ਅਸੀਂ ਇਤਨਾ ਦਿਲ ਲਾਉਂਦੇ ਹਾਂ, ਉਹ ਪ੍ਰਭੂ ਤੋਂ ਬਣੀ ਹੈ ਅਤੇ ਇਹਦੇ ਵਿਚ ਪ੍ਰਭੂ ਦੀ ਹੋਂਦ ਹੀ ਇਸ ਨੂੰ ਬਣਾ ਸਵਾਰ ਕੇ ਰਖਦੀ ਹੈ, ਸਾਨੂੰ ਚਾਹੀਦਾ ਹੈ ਕਿ ਉਸ ਪ੍ਰਭੂ ਵਿਚ ਦਿਲ ਲਾਈਏ।

ਪਦਾਰਥ = ਵਾਹੁ–ਧੰਨ ਹੈਂ। ਖਸਮ–ਹੇ ਮਾਲਕ!। ਜਿਨਿ–ਜਿਸ ਨੇ। ਰਚਿ ਰਚਨਾ–ਜਗਤ ਰਚਨਾ ਰਚ ਕੇ। ਹਮ ਕੀਏ–ਸਾਨੂੰ ਪੈਦਾ ਕੀਤਾ ਹੈ। ਕਰਿ–ਬਣਾ ਕੇ। ਸਰ–ਮਾਨ ਸਰੋਵਰ; ਦਰਿਆ। ਵੇਲਿ–ਸਮਾਂ; ਹਰੀਆਂ ਵੇਲਾਂ। ਵਰਸ–ਸਾਲ; ਬਾਰਸ਼ ਕਰਨ ਵਾਲਾ। ਵਰਾਹੁ–ਬੱਦਲ। ਆਪਿ–ਆਪ ਹੀ। ਖੜੋਵਹਿ–ਖੜੋਂਦਾ (ਇਸਥਿਤ) ਹੈ। ਆਪੀਣੈ ਆਪਾਹਾ–ਆਪ ਹੀ ਆਪ (ਬਿਨਾ ਸਹਾਇਤਾ ਤੋਂ); ਅਪਣੇ ਆਪ ਤੋਂ। ਥਾਇ ਪਵੈ–ਪ੍ਰਵਾਨ ਹੁੰਦੀ ਹੈ। ਉਨਮਨਿ–ਮਨ ਦੀ ਉਚੀ ਅਵਸਥਾ ਵਿਚ। ਤਤੁ–ਤੱਤ ਸਰੂਪ ਪ੍ਰਭੂ। ਕਮਾਹੁ–ਕਮਾਉਂਦੇ ਹਨ। ਲਹਹੁ–ਲੈ ਲਵੋ। ਮਸਕਤਿ–(ਮਸ਼ੱਕਤ ਪੜ੍ਹੋ) ਮੇਹਨਤ ਕਰਕੇ। ਮਜੂਰੀਆ–ਮਿਹਨਤ ਦਾ ਫਲ (ਤਨਖਾਹ)। ਦਰਾਹੁ–ਦਰ ਤੋਂ। ਪੁਰ–ਭਰਿਆ ਹੋਇਆ ਹੈ। ਤਉ ਦਰਿ–ਤੇਰੇ ਦਰ ਉਤੇ। ਊਣਾ–ਖਾਲੀ। ਕੋ–ਕੋਈ (ਜੀਵ)।੧।

ਮਹਲਾ ੧ ॥ ਉਜਲ ਮੋਤੀ ਸੋਹਣੇ, ਰਤਨਾ ਨਾਲਿ ਜੁੜੰਨਿ ॥ ਤਿਨ ਜਰੁ ਵੈਰੀ ਨਾਨਕਾ, ਜਿ ਬੁਢੇ ਥੀਇ ਮਰੰਨਿ ॥੨॥ (ਹੇ ਭਾਈ! ਜਿਸ ਮਨੁੱਖ ਕੋਲ) ਚਿੱਟੇ ਮੋਤੀਆਂ ਤੇ ਹੀਰੇ ਆਦਿ ਸੋਹਣੇ ਰਤਨਾਂ ਨਾਲ ਜੜੇ ਹੋਏ ਗਹਿਣੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ

(ਇਸ ਤਰ੍ਹਾਂ ਦਾ) ਧਨ ਉਨ੍ਹਾਂ ਦਾ ਵੈਰੀ ਹੈ, ਜਿਹੜੇ (ਅਜੇਹੇ ਧਨ ਕਰਕੇ) ਹੰਕਾਰੀ ਹੋ ਕੇ ਮਰਦੇ ਹਨ।

ਦੂਜਾ ਅਰਥ = ਜਿਨ੍ਹਾਂ ਮਨੁੱਖਾਂ ਦੇ ਸਰੀਰ ਸੋਹਣੇ ਚਿੱਟੇ ਦੰਦਾਂ ਤੇ ਸੁੰਦਰ ਅੱਖਾਂ ਨਾਲ ਜੜੇ ਹੋਏ (ਸੋਭ ਰਹੇ) ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੇ ਮਨੁੱਖ ਬੁੱਢੇ ਹੋ ਕੇ ਮਰਦੇ ਹਨ, ਬੁੱਢੇਪਾ ਉਨ੍ਹਾਂ ਦਾ ਵੈਰੀ ਹੈ, (ਕਿਉਂਕਿ ਬੁੱਢੇਪੇ ਵਿਚ ਦੰਦ ਨਿਕਲ ਜਾਂਦੇ ਹਨ ਤੇ ਅੱਖਾਂ ਤੋਂ ਦਿਸਣਾ ਬੰਦ ਹੋ ਜਾਂਦਾ ਹੈ। ਇਸ ਲਈ ਸੁੰਦਰ ਅੰਗਾਂ ਦਾ ਮਾਣ ਨਹੀਂ ਕਰਨਾ ਚਾਹੀਦਾ)।੨।

ਅੰਗ ੨੮੯ = ਪਉੜੀ ॥ ਹਰਿ ਸਾਲਾਹੀ ਸਦਾ ਸਦਾ, ਤਨੁ ਮਨੁ ਸਉਪਿ ਸਰੀਰੁ ॥ ਗੁਰ ਸਬਦੀ ਸਚੁ ਪਾਇਆ, ਸਚਾ ਗਹਿਰ ਗੰਭੀਰੁ ॥ ਮਨਿ ਤਨਿ ਹਿਰਦੈ ਰਵਿ ਰਹਿਆ, ਹਰਿ ਹੀਰਾ ਹੀਰੁ ॥ ਜਨਮ ਮਰਣ ਕਾ ਦੁਖੁ ਗਇਆ, ਫਿਰਿ ਪਵੈ ਨ ਫੀਰੁ ॥ ਨਾਨਕ ਨਾਮੁ ਸਲਾਹਿ ਤੂ ,ਹਰਿ ਗੁਣੀ ਗਹੀਰੁ ॥੧੦॥ (ਹੇ ਭਾਈ! ਜੋ ਮਨੁੱਖ ਅਪਣਾ) ਤਨ, ਮਨ ਤੇ ਸੂਖਮ ਸਰੀਰ (ਪ੍ਰਭੂ ਦੇ) ਹਵਾਲੇ ਕਰਕੇ ਹਰੀ ਦੀ ਸਦਾ ਸਦਾ ਸਿਫਤ ਸਲਾਹ ਕਰਦਾ ਹੈ। ਉਸ ਨੇ) ਗੁਰੂ ਦੇ ਸ਼ਬਦ ਦੁਆਰਾ (ਪ੍ਰਭੂ ਦੀ ਸਿਫਤ ਸਲਾਹ ਕਰਕੇ) ਸੱਚ ਸਰੂਪ ਪ੍ਰਭੂ ਨੂੰ ਪਾ ਲਿਆ ਹੈ, ਜੋ ਸੱਚਾ ਤੇ ਗਹਿਰ ਗੰਭੀਰ ਹੈ। (ਉਸ ਦੇ) ਮਨ ਵਿਚ, ਸਰੀਰ ਵਿਚ ਤੇ ਹਿਰਦੇ ਵਿਚ ਪ੍ਰਭੂ ਵਿਆਪਕ ਹੋ ਰਿਹਾ ਹੈ, ਜੋ ਹਰੀ ਹੀਰਿਆਂ ਵਿਚੋਂ ਸ੍ਰੇਸਟ ਹੀਰਾ (ਅਮੋਲਕ) ਹੈ। (ਪ੍ਰਭੂ ਦੀ ਕ੍ਰਿਪਾ ਨਾਲ ਉਸ ਦੇ) ਜਨਮ ਮਰਨ ਦਾ ਦੁਖ ਦੂਰ ਹੋ ਗਿਆ, ਮੁੜ ਕੇ (ਉਸ ਨੂੰ ਜਨਮ ਮਰਨ ਦਾ) ਫੇਰਾ ਨਹੀਂ ਪਵੇਗਾ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਤੂੰ ਵੀ ਹਰੀ ਦੇ ਨਾਮ ਨੂੰ ਸਲਾਹੁੰਦਾ ਰਹੁ, ਜੋ ਹਰੀ ਗੁਣਾਂ ਦਾ ਸਮੁੰਦਰ ਹੈ।੧੦।

ਪਦਾਰਥ = ਉਜਲ ਮੋਤੀ–ਚਿੱਟੇ ਮੋਤੀ; ਚਮਕੀਲੇ ਦੰਦ। ਰਤਨਾ–ਅੱਖਾਂ। ਜੁੜੰਨਿ–ਜੜੇ ਹੋਏ ਹਨ; ਸੋਭ ਰਹੇ ਹਨ। ਤਿਨ–ਉਨ੍ਹਾਂ ਦਾ। ਜਰੁ–ਧਨ; ਬੁੱਢੇਪਾ। ਜਿ–ਜਿਹੜੇ। ਬੁਢੇ–ਬਿਰਧ; ਹੰਕਾਰੀ। ਥੀਇ–ਹੋ ਕੇ। ਮਰੰਨਿ–ਮਰਦੇ ਹਨ।੨। ਪਉੜੀ। ਸਾਲਾਹੀ–ਸਿਫਤ ਸਲਾਹ ਕਰਦਾ ਹੈ। ਤਨੁ–ਸਰੀਰ। ਸਉਪਿ–ਹਵਾਲੇ ਕਰਕੇ। ਗੁਰ ਸਬਦੀ–ਗੁਰੂ ਦੇ ਸ਼ਬਦ ਦੁਆਰਾ। ਸਚੁ–ਸੱਚੇ ਪ੍ਰਭੂ ਨੂੰ। ਗਹਿਰ ਗੰਭੀਰ–ਡੂੰਘਾ ਤੇ ਅਥਾਹ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਹਿਰਦੈ–ਹਿਰਦੇ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਹੀਰਾ ਹੀਰੁ–ਹੀਰਿਆਂ ਵਿਚੋਂ ਸ੍ਰੇਸਟ ਹੀਰਾ। ਫਿਰਿ–ਮੁੜ ਕੇ। ਫੀਰੁ–ਫੇਰਾ। ਗੁਣੀ ਗਹੀਰੁ–ਗੁਣਾਂ ਦਾ ਸਮੁੰਦਰ।੧੦।

ਸਲੋਕ ਮਃ ੧ ॥ ਨਾਨਕ ਇਹੁ ਤਨੁ ਜਾਲਿ, ਜਿਨਿ ਜਲਿਐ ਨਾਮੁ ਵਿਸਾਰਿਆ ॥ ਪਉਦੀ ਜਾਇ ਪਰਾਲਿ, ਪਿਛੈ ਹਥੁ ਨ ਅੰਬੜੈ, ਤਿਤੁ ਨਿਵੰਧੈ ਤਾਲਿ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਇਸ ਸਰੀਰ ਨੂੰ ਜਾਲ ਦੇਹ, ਜਿਸ ਸੜੇ ਹੋਏ ਸਰੀਰ ਨੇ ਹਰੀ ਦਾ ਨਾਮ ਭੁਲਾ ਦਿਤਾ ਹੈ। (ਸਰੀਰ ਰੂਪ ਤਲਾ ਵਿਚ) ਪਾਪਾਂ ਦੀ ਪਰਾਲੀ ਪੈਂਦੀ ਜਾ ਰਹੀ ਹੈ, (ਉਸ ਨੂੰ ਦੂਰ ਕਰਨ ਲਈ) ਉਸ ਸਰੀਰ ਰੂਪ ਨੀਵੇਂ ਤਾਲ ਵਿਚ ਪਿਛੋਂ ਹੱਥ ਨਹੀਂ ਅੱਪੜੇਗਾ ਭਾਵ ਤਲਾ ਵਿਚ ਘਾਹ ਫੂਸ ਕੱਠਾ ਹੁੰਦਾ ਰਹਿੰਦਾ ਹੈ, ਜੇ ਉਸ ਨੂੰ ਨਾਲੋਂ ਨਾਲ ਨਾ ਕਢਦੇ ਰਹੀਏ, ਤਾਂ ਪਿਛੋਂ ਜਾ ਕੇ ਸਫਾਈ ਕਰਨੀ ਔਖੀ ਹੋ ਜਾਂਦੀ ਹੈ। ਇਸੇ ਤਰ੍ਹਾਂ ਨੀਵੀਆਂ ਰੁਚੀਆਂ ਵਾਲੇ ਸਰੀਰ ਨੂੰ ਨੀਵਾਂ ਤਾਲ ਕਿਹਾ ਹੈ, ਜਿਸ ਵਿਚ ਫੋਕੇ ਕੰਮਾਂ ਦੀ ਪਰਾਲੀ ਪੈਂਦੀ ਰਹਿੰਦੀ ਹੈ, ਜੇ ਨਾਮ ਦੇ ਰਾਹੀਂ ਇਸ ਗੰਦ ਨੂੰ ਨਾਲੋ ਨਾਲ ਸਾਫ ਨਾ ਕਰਦੇ ਰਹੀਏ, ਤਾਂ ਪਿਛੋਂ ਜਾ ਕੇ ਇਹ ਕੰਮ ਸਾਡੀ ਸਮਰੱਥਾ ਤੋਂ ਬਾਹਰ ਹੋ ਜਾਂਦਾ ਹੈ। (ਸ਼ਬਦਾਰਥ)।

ਹੇ ਭਾਈ! ਇਸ ਸਰੀਰ ਨੂੰ ਸਾੜ ਦੇਹ, (ਪਦਾਰਥਾਂ ਦੀ ਤ੍ਰਿਸ਼ਨਾਂ ਦੀ ਅੱਗ ਵਿਚ) ਜਿਸ ਸੜੇ ਸਰੀਰ ਨੇ ਹਰੀ ਦਾ ਨਾਮ ਭੁਲਾ ਦਿਤਾ ਹੈ। ਉਸ ਨੀਵੇਂ ਤਾਲ (ਕੁਕਰਮਾਂ ਨਾਲ ਨੀਵੇਂ ਹੋਏ ਮਨ) ਵਿਚ ਮੰਦੇ ਕੰਮਾਂ ਦੀ ਪਰਾਲੀ ਪੈਂਦੀ ਜਾ ਰਹੀ ਹੈ, (ਉਸ ਨੂੰ ਬਾਹਰ ਕੱਢਣ ਲਈ) ਪਿਛੋਂ ਬਿਬੇਕ ਬੁੱਧੀ ਰੂਪ ਹੱਥ ਨਹੀਂ ਪਹੁੰਚ ਸਕੇਗਾ। (ਸੰਪ੍ਰਦਾਵਾਂ ਨੇ ਇਹੋ ਜਿਹਾ ਹੀ ਅਰਥ ਕੀਤਾ ਹੈ)।੧।

ਮਃ ੧ ॥ ਨਾਨਕ ਮਨ ਕੇ ਕੰਮ ਫਿਟਿਆ, ਗਣਤ ਨ ਆਵਹੀ ॥ ਕਿਤੀ ਲਹਾ ਸਹੰਮ, ਜਾ ਬਖਸੇ ਤਾ ਧਕਾ ਨਹੀ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਦੇ ਕੰਮ (ਇਤਨੇ) ਵਿਗੜੇ ਹੋਏ ਹਨ, ਕਿ ਉਨ੍ਹਾਂ ਗਿਣਤੀ ਨਹੀਂ ਆਉਂਦੀ। (ਪਤਾ ਨਹੀਂ ਵਿਗੜੇ ਕੰਮਾਂ ਕਰਕੇ) ਕਿਤਨਾ ਦੁਖ ਲੈਣਾ (ਸਹਿਣਾ) ਪਏਗਾ, (ਪਰ) ਜੇ ਪ੍ਰਭੂ ਬਖਸ਼ ਦੇਵੇ, ਤਾਂ (ਦਰਗਾਹ ਵਿਚ) ਧੱਕਾ ਨਹੀਂ ਮਿਲੇਗਾ।੨।

ਪਦਾਰਥ = ਤਨੁ–ਸਰੀਰ ਨੂੰ। ਜਾਲਿ–ਜਲਾ ਦੇਹ। ਜਿਨਿ–ਜਿਸ ਨੇ। ਜਲਿਐ–(ਤ੍ਰਿਸ਼ਨਾ ਦੀ ਅੱਗ ਵਿਚ) ਸੜੇ ਹੋਏ ਨੇ। ਵਿਸਾਰਿਆ–ਭੁਲਾ ਦਿਤਾ ਹੈ। ਪਉਦੀ ਜਾਇ–ਪੈਂਦੀ ਜਾਂਦੀ ਹੈ। ਪਰਾਲਿ–(ਧਾਨਾਂ ਦੀ) ਪਰਾਲੀ (ਮੰਦੇ ਕੰਮਾਂ ਦਾ ਘਾਹ ਫੂਸ)। ਪਿਛੈ–ਪਿਛੋਂ। ਹਥੁ–ਬਿਬੇਕ ਬੁੱਧੀ ਰੂਪ ਹੱਥ। ਨ ਅੰਬੜੈ–ਨਹੀਂ ਪਹੁੰਚੇਗਾ। ਤਿਤੁ–ਉਸ। ਨਿਵੰਧੈ ਤਾਲਿ–ਨੀਵੇਂ ਤਲਾ (ਕੁਕਰਮਾਂ ਨਾਲ ਨੀਵੇਂ ਹੋਏ ਮਨ) ਵਿਚ।੧। ਫਿਟਿਆ–ਵਿਗੜੇ ਹੋਏ। ਗਣਤ–ਗਿਣਤੀ। ਨ ਆਵਹੀ–ਨਹੀਂ ਆਉਂਦੀ। ਕਿਤੀ–ਕਿਤਨੇ। ਲਹਾ ਸਹੰਮ–ਦੁਖ ਲੈਣਾ ਪਏਗਾ (ਸਹਿਣਾ ਪਵੇਗਾ)। ਜਾ–ਜੇ; ਜਦ। ਤਾ–ਤਾਂ; ਤਦ।੨।

ਪਉੜੀ ॥ ਸਚਾ ਅਮਰੁ ਚਲਾਇਓਨੁ ,ਕਰਿ ਸਚੁ ਫੁਰਮਾਣੁ ॥ ਸਦਾ ਨਿਹਚਲੁ ਰਵਿ ਰਹਿਆ, ਸੋ ਪੁਰਖੁ ਸੁਜਾਣੁ ॥ ਗੁਰ ਪਰਸਾਦੀ ਸੇਵੀਐ, ਸਚੁ ਸਬਦਿ ਨੀਸਾਣੁ ॥ ਪੂਰਾ ਥਾਟੁ ਬਣਾਇਆ, ਰੰਗੁ ਗੁਰਮਤਿ ਮਾਣੁ ॥ ਅਗਮ ਅਗੋਚਰੁ ਅਲਖੁ ਹੈ, ਗੁਰਮੁਖਿ ਹਰਿ ਜਾਣੁ ॥੧੧॥ (ਹੇ ਭਾਈ!) ਉਸ ਪ੍ਰਭੂ ਨੇ ਸੱਚਾ ਫੁਰਮਾਣ ਕਰਕੇ ਸੱਚਾ ਰਾਜ ਚਲਾਇਆ ਹੈ। ਉਹ ਸਿਆਣਾ ਪੁਰਖ ਸਦਾ ਨਿਹਚਲੁ ਹੈ ਅਤੇ (ਸਭ ਜਗ੍ਹਾ) ਵਿਆਪਕ ਹੋ ਰਿਹਾ ਹੈ। ਗੁਰੂ ਦੀ ਕਿਰਪਾ ਨਾਲ (ਉਸ ਪ੍ਰਭੂ ਦੀ) ਸੇਵਾ ਭਗਤੀ ਕਰਨੀ ਚਾਹੀਦੀ ਹੇ ਅਤੇ ਗੁਰੂ ਦੇ ਸ਼ਬਦ ਦੁਆਰਾ ਸੱਚ ਰੂਪ ਪ੍ਰਵਾਨਾ (ਰੱਬ ਦੀ ਹਜੂਰੀ ਵਿਚ ਜਾਣ ਲਈ ਪਹਿਚਾਨ ਪੱਤ੍ਰ) ਪ੍ਰਾਪਤ ਹੁੰਦਾ ਹੈ; ਜੀਵਨ ਦਾ ਸੱਚ ਨਿਸ਼ਾਨਾ (ਆਦਰਸ਼) ਗੁਰੂ ਦੇ ਸ਼ਬਦ ਦੁਆਰਾ ਲਭਦਾ ਹੈ। (ਹੇ ਭਾਈ! ਪ੍ਰਭੂ ਨੇ) ਜਗਤ ਦਾ ਪੂਰਾ ਥਾਟ ਬਣਾਇਆ ਹੈ, ਗੁਰ ਦੀ ਸਿੱਖਿਆ ਦੁਆਰਾ (ਤੂੰ ਇਸ ਦਾ) ਅਨੰਦ ਮਾਣ। ਅਗਮ ਅਗੋਚਰ ਤੇ ਅਲੱਖ ਪ੍ਰਭੂ ਨੂੰ ਤੂੰ ਗੁਰੂ ਦੁਆਰਾ ਜਾਣ ਲੈ।੧੧।

ਪਦਾਰਥ = ਅਮਰ–ਰਾਜ (ਹਕੂਮਤ)। ਚਲਾਇਓਨੁ–ਉਸ ਨੇ ਚਲਾਇਆ। ਫੁਰਮਾਣੁ–ਹੁਕਮ। ਨਿਹਚਲੁ–ਅਚੱਲ; ਅਡੋਲ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਸੋ–ਉਹ। ਸੁਜਾਣੁ–ਸਿਆਣਾ। ਸਬਦਿ–ਸ਼ਬਦ ਦੁਆਰਾ। ਨੀਸਾਣੁ–ਨਿਸ਼ਾਨਾ (ਆਦਰਸ਼); ਪ੍ਰਵਾਨਾ। ਥਾਟੁ–ਜਗਤ ਰਚਨਾ। ਰੰਗੁ–ਅਨੰਦ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਮਾਣੁ–ਭੋਗੋ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦੀਆਂ ਦੀ ਪਹੁੰਚ ਤੋਂ ਪਰੇ। ਅਲਖ–(ਅਲੱਖ ਪੜ੍ਹੋ) ਅਦ੍ਰਿਸਟ। ਗੁਰਮੁਖਿ–ਗੁਰੂ ਦੁਆਰਾ। ਜਾਣੁ–ਜਾਣੋ।੧੧।

ਸਲੋਕ ਮਃ ੧ ॥ ਨਾਨਕ ਬਦਰਾ ਮਾਲ ਕਾ, ਭੀਤਰਿ ਧਰਿਆ ਆਣਿ ॥ ਖੋਟੇ ਖਰੇ ਪਰਖੀਅਨਿ, ਸਾਹਿਬ ਕੈ ਦੀਬਾਣਿ ॥੧॥ ਨਾਨਕ ਗੁਰੂ ਜੀ ਆਖਦੇ ਹਨ ਕਿ ਧਨ ਦਾ ਥੈਲਾ ਲਿਆ ਕੇ (ਜਦ ਬਾਦਸ਼ਾਹ ਦੇ ਦਰਬਾਰ) ਅੰਦਰ ਰਖਿਆ ਜਾਂਦਾ ਹੈ। ਤਾਂ ਖਰੇ ਰੁਪੱਈਆਂ ਵਿਚੋਂ ਖੋਟੇ ਝੱਟ ਪਰਖ ਲਏ ਜਾਂਦੇ ਹਨ। (ਇਸੇ ਤਰ੍ਹਾਂ) ਮਾਲਕ ਪ੍ਰਭੂ ਦੀ ਕਚਹਿਰੀ ਵਿਚ ਖੋਟੇ ਤੇ ਖਰੇ ਜੀਵ ਪਰਖੇ ਜਾਂਦੇ ਹਨ।੧।

ਮਃ ੧ ॥ ਨਾਵਣ ਚਲੇ ਤੀਰਥੀ, ਮਨਿ ਖੋਟੈ ਤਨਿ ਚੋਰ ॥ ਇਕੁ ਭਾਉ ਲਥੀ ਨਾਤਿਆ, ਦੁਇ ਭਾ ਚੜੀਅਸੁ ਹੋਰ ॥ ਬਾਹਰਿ ਧੋਤੀ ਤੂਮੜੀ, ਅੰਦਰਿ ਵਿਸੁ ਨਿਕੋਰ ॥ ਸਾਧ ਭਲੇ ਅਣਨਾਤਿਆ, ਚੋਰ ਸਿ ਚੋਰਾ ਚੋਰ ॥੨॥ (ਜਿਨ੍ਹਾਂ ਮਨੁੱਖਾਂ ਦੇ) ਸਰੀਰ ਵਿਚ ਕਾਮਾਦਿਕ ਚੋਰ ਟਿਕੇ ਹੋਏ ਹਨ, (ਜੇ ਉਹ) ਖੋਟੇ ਮਨ ਨਾਲ ਤੀਰਥਾਂ ਤੇ ਨ੍ਹਾਉਣ ਚੱਲੇ ਹਨ। ਤੀਰਥਾਂ ਤੇ ਨ੍ਹਾਉਣ ਨਾਲ (ਉਨ੍ਹਾਂ ਦੇ ਪਾਪਾਂ ਦੀ ਮੈਲ ਦਾ ਜੇ) ਇਕ ਹਿਸਾ ਲਹਿ ਗਿਆ, (ਤਾਂ ਉਨ੍ਹਾਂ ਉਤੇ ਹੰਕਾਰ ਦੀ ਮੈਲ) ਦੋ ਹਿੱਸੇ ਹੋਰ ਚੜ੍ਹ ਗਈ ਹੈ। ਤੁੰਮੀ (ਬੇਸ਼ਕ ਤੀਰਥਾਂ ਤੇ ਲਿਜਾ ਕੇ) ਬਾਹਰੋਂ ਧੋਤੀ ਜਾਵੇ, (ਪਰ ਉਸ ਦੇ) ਅੰਦਰ ਨਿਰੋਲ ਵਿਹੁ ਰਹਿੰਦੀ ਹੈ {ਲਉਕੀ ਅਠਸਠਿ ਤੀਰਥ ਨ੍ਹਾਈ। ਕਉਰਾਪਨੁ ਤਊ ਨ ਜਾਈ ੬੫੬}। ਸ੍ਰੇਸਟ ਮਨੁੱਖ (ਤੀਰਥਾਂ ਉਤੇ) ਬਿਨਾ ਨ੍ਹਾਤਿਆਂ ਹੀ ਚੰਗੇ ਹਨ, (ਪਰ ਜੋ) ਚੋਰ ਹਨ, ਉਹ (ਤੀਰਥਾਂ ਤੇ ਨਹਾ ਕੇ ਵੀ) ਚੋਰਾਂ ਦੇ ਚੋਰ ਹੀ ਰਹਿੰਦੇ ਹਨ (ਕੌੜੀ ਤੁੰਮੀ ਭਾਵੇਂ ਅਠਾਹਠ ਤੀਰਥਾਂ ਦੇ ਪਾਣੀ ਨਾਲ ਧੋਤੀ ਜਾਵੇ, ਪਰ ਉਸ ਦੇ ਅੰਦਰੋਂ ਕੁੜੱਤਣ ਦੂਰ ਨਹੀਂ ਹੁੰਦੀ, ਚੋਰ ਤੀਰਥਾਂ ਤੇ ਨਹਾ ਕੇ ਵੀ ਮਨ ਤਨ ਕਰਕੇ ਚੋਰ ਹੀ ਰਹਿੰਦੇ ਹਨ)।੨।

ਪਦਾਰਥ = ਬਦਰਾ (ਅ.)–ਇਕ ਹਜਾਰ ਰੁਪੈ ਦੀ ਥੈਲੀ ਹੁੰਦੀ ਹੈ ਤੇ ਦਸ ਹਜਾਰ ਰੁਪੈ ਦਾ ਬਦਰਾ ਹੁੰਦਾ ਹੈ। ਮਾਲ ਕਾ–ਰੁਪਈਆਂ ਦਾ। ਭੀਤਰਿ–ਅੰਦਰ। ਧਰਿਆ–ਰਖਿਆ ਜਾਂਦਾ ਹੈ। ਆਣਿ–ਲਿਆ ਕੇ। ਪਰਖੀਅਨਿ–ਪਰਖੇ ਜਾਂਦੇ ਹਨ। ਸਾਹਿਬ ਕੈ–ਮਾਲਕ ਦੇ। ਦੀਬਾਣਿ–ਦਰਬਾਰ ਵਿਚ।੧। ਨਾਵਣ–ਨ੍ਹਾਉਣ ਵਾਸਤੇ। ਤੀਰਥੀ–ਤੀਰਥਾਂ ਉਤੇ। ਮਨਿ–ਮਨ ਨਾਲ। ਤਨਿ–ਸਰੀਰ ਵਿਚ। ਚੋਰ–ਕਾਮਾਦਿਕ ਚੋਰ। ਭਾਉ–ਹਿੱਸਾ। ਲਥੀ–ਲਹਿ ਗਈ। ਦੁਇ ਭਾ–ਦੋ ਹਿੱਸੇ। ਚੜੀਅਸੁ–ਚੜ੍ਹ ਗਈ। ਤੂਮੜੀ–ਕੌੜੀ ਤੁੰਮੀ। ਵਿਸੁ–ਜਹਿਰ। ਨਿਕੋਰ–ਨਿਰੀ; ਬਹੁਤ ਸਾਰੀ। ਸਾਧ–ਚੰਗੇ ਮਨੁੱਖ। ਭਲੇ–ਚੰਗੇ। ਅਣ ਨਾਤਿਆ–ਬਿਨਾ ਨ੍ਹਾਤਿਆਂ। ਸਿ–ਉਹ।੨।

ਪਉੜੀ ॥ ਆਪੇ ਹੁਕਮੁ ਚਲਾਇਦਾ, ਜਗੁ ਧੰਧੈ ਲਾਇਆ ॥ ਇਕਿ ਆਪੇ ਹੀ ਆਪਿ ਲਾਇਅਨੁ ,ਗੁਰ ਤੇ ਸੁਖੁ ਪਾਇਆ ॥ ਦਹ ਦਿਸ ਇਹੁ ਮਨੁ ਧਾਵਦਾ, ਗੁਰਿ ਠਾਕਿ ਰਹਾਇਆ ॥ ਨਾਵੈ ਨੋ ਸਭ ਲੋਚਦੀ, ਗੁਰਮਤੀ ਪਾਇਆ ॥ ਧੁਰਿ ਲਿਖਿਆ ਮੇਟਿ ਨ ਸਕੀਐ, ਜੋ ਹਰਿ ਲਿਖਿ ਪਾਇਆ ॥੧੨॥ (ਹੇ ਭਾਈ!) ਪ੍ਰਭੂ ਆਪੇ ਹੀ ਹੁਕਮ ਚਲਾ ਰਿਹਾ ਹੈ ਅਤੇ ਸਾਰੇ ਜਗਤ ਨੂੰ (ਉਸ ਨੇ) ਕੰਮਾਂ ਧੰਧਿਆਂ ਵਿਚ ਲਾਇਆ ਹੋਇਆ ਹੈ। ਕਈ ਜੀਵਾਂ ਨੂੰ ਉਸ ਨੇ ਆਪ ਹੀ ਅਪਣੇ ਨਾਲ ਲਾ ਲਿਆ ਹੈ, (ਅਜੇਹੇ ਜੀਵਾਂ ਨੇ) ਗੁਰੂ ਪਾਸੋਂ ਸੁਖ ਪ੍ਰਾਪਤ ਕੀਤਾ ਹੈ। (ਪਹਿਲਾਂ ਉਨ੍ਹਾਂ ਦਾ) ਇਹ ਚੰਚਲ ਮਨ ਦਸੇ ਦਿਸ਼ਾਵਾਂ ਵੱਲ ਦੌੜਦਾ ਸੀ, (ਉਨ੍ਹਾਂ ਨੇ ਅਪਣੇ ਮਨ ਨੂੰ) ਗੁਰੂ ਦੁਆਰਾ ਰੋਕ ਰੱਖਿਆ ਹੈ। ਸਾਰੀ ਦੁਨੀਆਂ ਹਰੀ ਦੇ ਨਾਮ ਨੂੰ ਚਾਹੁੰਦੀ ਹੈ, (ਪਰ ਨਾਮ) ਗੁਰੂ ਦੀ ਸਿੱਖਿਆ ਦੁਆਰਾ ਪਾਇਆ ਜਾਂਦਾ ਹੈ। ਹੇ ਭਾਈ! ਮਨੁੱਖ ਦੇ ਮੱਥੇ ਉਤੇ) ਧੁਰ ਤੋਂ ਲਿਖਿਆ ਲੇਖ ਮੇਟਿਆ ਨਹੀਂ ਜਾ ਸਕਦਾ, ਜੋ ਹਰੀ ਨੇ ਲਿਖ ਕੇ ਪਾਇਆ ਹੈ।੧੨।

ਪਦਾਰਥ = ਜਗੁ–ਜਗਤ ਨੂੰ। ਧੰਧੈ–ਕੰਮਾਂ ਧੰਧਿਆਂ ਵਿਚ। ਇਕਿ–ਕਈਆਂ ਨੂੰ। ਲਾਇਅਨੁ–ਉਸ ਨੇ ਲਾਇਆ ਹੈ। ਤੇ–ਤੋਂ; ਪਾਸੋਂ। ਦਹ ਦਿਸ–ਦਸੇ ਪਾਸੇ। ਧਾਵਦਾ–ਦੌੜਦਾ ਸੀ। ਗੁਰਿ–ਗੁਰੂ ਦੁਆਰਾ। ਠਾਕਿ ਰਹਾਇਆ–ਰੋਕ ਰੱਖਿਆ ਹੈ। ਨਾਵੈ ਨੋ–ਨਾਮ ਨੂੰ। ਸਭ–ਸਾਰੀ ਦੁਨੀਆਂ। ਲੋਚਦੀ–ਚਾਹੁੰਦੀ ਹੈ। ਗੁਰਮਤੀ–ਗੁਰੂ ਸਿੱਖਿਆ ਦੁਆਰਾ। ਧੁਰਿ–ਧੁਰ ਤੋਂ। ਹਰਿ–ਹਰੀ ਨੇ।੧੨।

ਸਲੋਕ ਮਃ ੧ ॥ ਦੁਇ ਦੀਵੇ ਚਉਦਹ ਹਟਨਾਲੇ ॥ ਜੇਤੇ ਜੀਅ ਤੇਤੇ ਵਣਜਾਰੇ ॥ ਖੁਲ੍ਹੇ ਹਟ ਹੋਆ ਵਾਪਾਰੁ ॥ ਜੋ ਪਹੁਚੈ ਸੋ ਚਲਣਹਾਰੁ ॥ ਧਰਮੁ ਦਲਾਲੁ ਪਾਏ ਨੀਸਾਣੁ ॥ ਨਾਨਕ ਨਾਮੁ ਲਾਹਾ ਪਰਵਾਣੁ ॥ ਘਰਿ ਆਏ ਵਜੀ ਵਾਧਾਈ ॥ ਸਚ ਨਾਮ ਕੀ ਮਿਲੀ ਵਡਿਆਈ ॥੧॥ (ਹੇ ਭਾਈ! ਜਗਤ ਵਿਚ ਚਾਨਣਾ ਕਰਨ ਵਾਸਤੇ) ਚੰਦ ਤੇ ਸੂਰਜ ਦੋ ਦੀਵੇ ਹਨ ਅਤੇ ਚੌਦਾਂ ਲੋਕ ਬਜਾਰ ਹਨ। (ਇਸ ਜਗਤ ਦੇ) ਜਿਤਨੇ ਜੀਵ ਹਨ, (ਚੰਗੇ ਮਾੜੇ ਕਰਮ ਕਰਨ ਵਾਲੇ) ਉਤਨੇ ਵਪਾਰੀ ਹਨ। (ਬਜਾਰਾਂ ਵਿਚ) ਹੱਟ ਖੁਲ੍ਹੇ ਹੋਏ ਹਨ ਅਤੇ ਵਪਾਰ ਹੋ ਰਿਹਾ ਹੈ। ਜੋ ਜੀਵ ਰੂਪ ਵਪਾਰੀ ਜਗਤ ਵਿਚ ਪਹੁੰਚਦਾ ਹੈ, ਉਹ (ਖੋਟਾ ਖਰਾ ਵਪਾਰ ਕਰਕੇ) ਚੱਲਣ ਵਾਲਾ ਬਣਦਾ ਹੈ। ਧਰਮਰਾਜਾ ਦਲਾਲ ਹੈ, (ਜੋ ਜੀਵਾਂ ਦੇ ਕਰਮਾਂ ਅਨੁਸਾਰ) ਨਿਸ਼ਾਨ ਪਾਈ ਜਾਂਦਾ ਹੈ (ਕਿ ਇਹ ਪਾਪੀ ਹੈ ਜਾਂ ਪੁੰਨੀ)। ਨਾਨਕ ਗੁਰੂ ਜੀ ਆਖਦੇ ਹਨ (ਇਸ ਜਗਤ ਵਿਚ) ਨਾਮ ਰੂਪ ਲਾਭ ਹੀ ਪ੍ਰਵਾਨ ਹੈ। (ਜਿਹੜੇ ਜੀਵ ਇਹ ਲਾਭ ਲੈ ਕੇ ਅਪਣੇ ਪ੍ਰਲੋਕ ਰੂਪ) ਘਰ ਵਿਚ ਆਏ ਹਨ, ਉਨ੍ਹਾਂ ਨੂੰ ਵਧਾਈ ਅਤੇ ਸੱਚੇ ਨਾਮ ਦੀ ਵਡਿਆਈ ਮਿਲੀ ਹੈ। (ਜਗਤ ਦੀ ਖੇਡ ਨੂੰ ਬਜਾਰ ਦੀ ਰੌਣਕ ਨਾਲ ਉਪਮਾ ਦਿਤੀ ਹੈ। ਜੀਵ ਆਉਂਦੇ ਹਨ ਤੇ ਖੋਟਾ ਖਰਾ ਵਣਜ ਕਰਕੇ ਤੁਰ ਜਾਂਦੇ ਹਨ ਅਤੇ ਧਰਮਰਾਜਾ ਉਨ੍ਹਾਂ ਦੇ ਕਰਮਾਂ ਅਨੁਸਾਰ ਫੈਸਲਾ ਦੇਂਦਾ। ਪਰ ਜਿਨ੍ਹਾਂ ਦੇ ਪੱਲੇ ਸੱਚਾ ਨਾਮ ਹੁੰਦਾ ਹੈ, ਉਨ੍ਹਾਂ ਨੂੰ ਵਡਿਆਈ ਮਿਲਦੀ ਹੈ (ਸ਼ਬਦਾਰਥ)।੧।

ਮਃ ੧॥ ਰਾਤੀ ਹੋਵਨਿ ਕਾਲੀਆ, ਸੁਪੇਦਾ ਸੇ ਵੰਨ ॥ ਦਿਹੁ ਬਗਾ ਤਪੈ ਘਣਾ, ਕਾਲਿਆ ਕਾਲੇ ਵੰਨ ॥ ਅੰਧੇ ਅਕਲੀ ਬਾਹਰੇ, ਮੂਰਖ ਅੰਧ ਗਿਆਨੁ ॥ ਨਾਨਕ ਨਦਰੀ ਬਾਹਰੇ, ਕਬਹਿ ਨ ਪਾਵਹਿ ਮਾਨੁ ॥੨॥ ਰਾਤਾਂ ਭਾਵੇਂ ਕਿੰਨੀਆਂ ਕਾਲੀਆਂ ਹੋਣ, ਸਫੈਦ ਚੀਜਾਂ ਦੇ ਰੰਗ ਉਹ ਹੀ ਰਹਿੰਦੇ ਹਨ (ਕਾਲੀਆਂ ਰਾਤਾਂ ਦਾ ਉਨ੍ਹਾਂ ਉਤੇ ਕੋਈ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਸਮੇਂ ਦੇ ਹਾਲਾਤ ਭਾਵੇਂ ਕਿੰਨੇ ਮਾੜੇ ਹੋਣ, ਚੰਗੇ ਲੋਕ ਚੰਗੇ ਹੀ ਰਹਿੰਦੇ ਹਨ)। ਦਿਨ ਭਾਵੇਂ ਚਿੱਟਾ ਤੇ ਬਹੁਤ ਤਪਦਾ ਵੀ ਹੋਵੇ, ਪਰ ਕਾਲੀਆਂ ਚੀਜਾਂ ਦੇ ਰੰਗ ਕਾਲੇ ਹੀ ਰਹਿੰਦੇ ਹਨ (ਹਾਲਾਤ ਭਾਵੇਂ ਕਿੰਨੇ ਚੰਗੇ ਹੋਣ, ਮਨਮੁਖ ਲੋਕ ਅਪਣਾ ਸੁਭਾਵ ਨਹੀਂ ਬਦਲਦੇ। ਜੋ) ਅਗਿਆਨੀ ਮਨੁੱਖ ਅਕਲ ਤੋਂ ਵਾਂਝੇ ਹਨ, ਉਨ੍ਹਾਂ ਮੂਰਖਾਂ ਦੀ ਸਮਝ ਵੀ ਅੰਨ੍ਹੀ ਹੈ (ਗਿਆਨ ਵੱਲੋਂ ਅੰਨ੍ਹੇ ਹਨ)। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੇ ਮਨੁੱਖ) ਪ੍ਰਭੂ ਦੀ ਨਜਰ ਤੋਂ ਵਾਂਝੇ ਹਨ, (ਉਹ ਲੋਕ ਪ੍ਰਲੋਕ ਵਿਚ) ਕਦੇ ਸਨਮਾਨ ਨਹੀਂ ਪਾ ਸਕਦੇ।੨।

ਪਦਾਰਥ = ਦੁਇ ਦੀਵੇ–ਦੋ ਦੀਵੇ ਚੰਦ ਤੇ ਸੂਰਜ। ਚਉਦਹ–ਚੌਦਾਂ ਲੋਕ (ਪੁਰੀਆਂ)। ਹਟਨਾਲੇ–ਬਜਾਰ। ਜੇਤੇ–ਜਿਤਨੇ। ਜੀਅ–ਜੀਵ। ਤੇਤੇ–ਉਤਨੇ। ਵਣਜਾਰੇ–ਵਪਾਰੀ। ਹਟ–ਹੱਟਾਂ (ਦੁਕਾਨਾਂ)। ਸੋ–ਉਹ। ਚਲਣਹਾਰੁ–ਚਲੇ (ਮਰ) ਜਾਣ ਵਾਲਾ। ਧਰਮੁ–ਧਰਮਰਾਜਾ। ਦਲਾਲੁ–ਦੋ ਧਿਰਾਂ ਵਿਚ ਸੌਦਾ ਕਰਾਉਣ ਵਾਲਾ ਵਿਚੋਲਾ; ਫੈਸਲਾ ਕਰਨ ਵਾਲਾ। ਨੀਸਾਣੁ–ਨਿਸ਼ਾਨ (ਚਿੰਨ੍ਹ)। ਲਾਹਾ–ਨਫਾ। ਵਜੀ ਵਾਧਾਈ–ਵਧਾਈ ਮਿਲਦੀ ਹੈ।੧। ਰਾਤੀ–ਰਾਤਾਂ। ਸੁਪੇਦਾ–ਸਫੈਦ ਚੀਜਾਂ ਦਾ। ਸੇ ਵੰਨ–ਉਹੀ ਰੰਗ। ਦਿਹੁ–ਦਿਨ। ਬਗਾ (ਬੱਗਾ ਪੜ੍ਹੋ) –ਚਿੱਟਾ। ਤਪੈ–ਤਪਦਾ ਹੈ। ਘਣਾ–ਬਹੁਤਾ। ਅੰਧੇ–ਅੰਨ੍ਹੇ (ਅਗਿਆਨੀ)। ਅਕਲੀ ਬਾਹਰੇ–ਅਕਲ ਤੋਂ ਬਾਂਝੇ (ਬੇਅਕਲ)। ਗਿਆਨੁ–ਸਮਝ; ਜਾਣਕਾਰੀ। ਨਦਰੀ–ਮੇਹਰ ਦੀ ਨਜਰ। ਕਬਹਿ–ਕਦੇ। ਨ ਪਾਵਹਿ–ਨਹੀਂ ਪਾ ਸਕਦੇ। ਮਾਨੁ–ਸਨਮਾਨ।੨।

ਪਉੜੀ ॥ ਕਾਇਆ ਕੋਟੁ ਰਚਾਇਆ, ਹਰਿ ਸਚੈ ਆਪੇ ॥ ਇਕਿ ਦੂਜੈ ਭਾਇ ਖੁਆਇਅਨੁ ,ਹਉਮੈ ਵਿਚਿ ਵਿਆਪੇ ॥ ਇਹੁ ਮਾਨਸ ਜਨਮੁ ਦੁਲੰਭੁ ਸਾ, ਮਨੁਮੁਖ ਸੰਤਾਪੇ ॥ ਜਿਸੁ ਆਪਿ ਬੁਝਾਏ ਸੋ ਬੁਝਸੀ, ਜਿਸੁ ਸਤਿਗੁਰੁ ਥਾਪੇ ॥ (ਹੇ ਭਾਈ!) ਸਰੀਰ ਰੂਪ ਕਿਲ੍ਹਾ ਸੱਚੇ ਹਰੀ ਨੇ ਆਪ ਹੀ ਬਣਾਇਆ ਹੈ। ਕਈ ਜੀਵ ਦੂਜੇ ਭਾਵ ਵਿਚ ਹੋਣ ਕਰਕੇ ਉਸ ਪ੍ਰਭੂ ਨੇ ਕੁਰਾਹੇ ਪਾਏ ਹੋਏ ਹਨ, (ਕਿਉਂਕਿ ਉਹ) ਹਉਮੈ ਵਿਚ ਫਸੇ ਹੋਏ ਹਨ। ਇਹ ਮਨੁੱਖਾ ਜਨਮ ਦੁਰਲੱਭ ਸੀ, (ਪਰ ਮਨੁੱਖਾ ਜਨਮ ਲੈ ਕੇ ਵੀ) ਮਨਮੁਖ ਦੁਖ ਪਾਉਂਦੇ ਹਨ। ਜਿਸ ਮਨੁੱਖ ਨੂੰ ਪ੍ਰਭੂ ਆਪ ਸਮਝਾਉਂਦਾ ਹੈ, ਉਹ ਸਮਝਦਾ ਹੈ ਅਤੇ ਸਤਿਗੁਰੂ ਥਾਪੜਾ ਦੇਂਦਾ ਹੈ।

ਅੰਗ ੭੯੦ = ਸਭੁ ਜਗੁ ਖੇਲੁ ਰਚਾਇਓਨੁ ,ਸਭ ਵਰਤੈ ਆਪੇ ॥੧੩॥ (ਉਸ ਸਮਝੇ ਹੋਏ ਮਨੁੱਖ ਨੇ ਜਾਣ ਲਿਆ ਹੈ ਕਿ) ਸਾਰਾ ਜਗਤ ਉਸ ਪ੍ਰਭੂ ਨੇ ਇਕ ਖੇਲ ਬਣਾਇਆ ਹੈ ਅਤੇ ਸਭ ਜਗ੍ਹਾ ਆਪ ਹੀ ਵਰਤ ਰਿਹਾ ਹੈ।੧੩।

ਪਦਾਰਥ = ਕਾਇਆ–ਸਰੀਰ। ਕੋਟੁ–ਕਿਲ੍ਹਾ। ਰਚਾਇਆ–ਬਣਾਇਆ। ਹਰਿ ਸਚੈ–ਸੱਚੇ ਹਰੀ ਨੇ। ਇਕਿ–ਕਈ ਜੀਵ। ਦੂਜੈ ਭਾਇ–ਦੂਜੇ ਭਾਵ ਵਿਚ। ਖੁਆਇਅਨੁ–ਭੁਲਾਏ (ਕੁਰਾਹੇ ਪਾਏ) ਹਨ ਉਸ ਨੇ। ਵਿਆਪੇ–ਫਸੇ ਹੋਏ ਹਨ। ਮਾਨਸ ਜਨਮੁ–ਮਨੁੱਖਾ ਜਨਮ।

ਦੁਲੰਭੁ–ਦੁਰਲੱਭ (ਔਖਾ ਮਿਲਣ ਵਾਲਾ)। ਸਾ–ਸੀ। ਸੰਤਾਪੇ–ਦੁਖ ਪਾਉਂਦੇ ਹਨ। ਬੁਝਾਏ–ਸਮਝ ਦੇਂਦਾ ਹੈ। ਬੁਝਸੀ–ਸਮਝਦਾ ਹੈ। ਸੋ–ਉਹ। ਥਾਪੇ–ਥਾਪੜਾ (ਵਡਿਆਈ) ਦੇਂਦਾ ਹੈ। ਜਗੁ–ਜਗਤ। ਰਚਾਇਓਨੁ–ਉਸ ਨੇ ਰਚਿਆ ਹੈ।੧੩।

ਸਲੋਕ ਮਃ ੧ ॥ ਚੋਰਾ ਜਾਰਾ ਰੰਡੀਆ, ਕੁਟਣੀਆ ਦੀਬਾਣੁ ॥ ਵੇ ਦੀਨਾ ਕੀ ਦੋਸਤੀ, ਵੇ ਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ, ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ, ਭੀ ਸਾਹੂ ਸਿਉ ਪਾਣੁ ॥ ਨਾਨਕ ਕੂੜੈ ਕਤਿਐ, ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ, ਕੂੜਾ ਪੈਨਣੁ ਮਾਣੁ ॥੧॥ (ਕਲਜੁਗ ਦਾ ਵਰਤਾਰਾ ਦਸਦੇ ਹਨ। ਹੇ ਭਾਈ!) ਚੋਰਾਂ, ਵਿਭਚਾਰਾਂ, ਵੇਸਵਾਵਾਂ ਅਤੇ ਫਫੇ ਕੁਟਣੀਆਂ ਦੀ ਆਪਸ ਵਿਚ ਸਭਾ ਲਗਦੀ ਹੈ। (ਜਿਸ ਵਿਚ) ਧਰਮ ਹੀਣ ਲੋਕਾਂ ਦੀ (ਆਪਸ ਵਿਚ) ਦੋਸਤੀ ਹੈ ਅਤੇ (ਆਪਸ ਵਿਚ ਇਨ੍ਹਾਂ) ਧਰਮ ਹੀਣ ਲੋਕਾਂ ਦਾ ਖਾਣ ਪੀਣ ਹੈ। (ਇਹ ਲੋਕ) ਰੱਬ ਦੀ ਸਿਫਤ ਸਲਾਹ ਦੀ ਕਦਰ ਨਹੀਂ ਜਾਣਦੇ, (ਕਿਉਂਕਿ ਇਨ੍ਹਾਂ ਦੇ ਅੰਦਰ) ਸਦਾ ਸ਼ੈਤਾਨ ਵਸਦਾ ਹੈ। ਜੇ ਗਧੇ ਨੂੰ ਚੰਦਨ ਮਲ ਦੇਈਏ, ਫਿਰ ਵੀ (ਉਸ ਨੇ) ਸੁਆਹ ਨਾਲ ਹੀ ਪੈਣਾ ਹੈ ਭਾਵ ਸੁਆਹ ਵਿਚ ਹੀ ਲਿਟਣਾ ਹੈ {ਗਰਧਬ ਪ੍ਰੀਤਿ ਭਸਮ ਸੰਗਿ ਹੋਇ ੨੬੭}(ਬੁਰੇ ਕਰਮ ਉਨ੍ਹਾਂ ਨੂੰ ਚੰਗਾ ਨਹੀਂ ਬਣਨ ਦੇਂਦੇ)। ਨਾਨਕ ਗੁਰੂ ਜੀ ਆਖਦੇ ਹਨ ਕਿ ਕੂੜ ਦਾ ਸੂਤ ਕੱਤਣ ਨਾਲ ਕੂੜ ਦੀ ਤਾਣੀ ਹੀ ਤਣੀਦੀ ਹੈ (ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, ਉਸ ਦਾ ਉਹੋ ਜਿਹਾ ਫਲ ਭੋਗਦਾ ਹੈ)। ਕੂੜ ਦਾ ਕੱਪੜਾ ਮਿਣਿਆ ਜਾਂਦਾ ਹੈ ਤੇ ਉਸ ਦਾ ਪਹਿਨਣਾ ਤੇ ਪਹਿਨਣ ਦਾ ਮਾਣ ਕਰਨਾ ਵੀ ਕੂੜਾ ਹੈ (ਜਿਵੇਂ ਕੋਈ ਚੀਜ ਝੂਠ ਮਿਥ ਲਈ ਜਾਵੇ, ਪਰ ਉਹ ਹੁੰਦੀ ਨਹੀਂ)।੧।

ਸਾਰੰਸ਼ = ਬੁਰੇ ਬੰਦਿਆਂ ਦਾ ਸੁਭਾਵਕ ਹੀ ਬੁਰੇ ਬੰਦਿਆਂ ਨਾਲ ਮੇਲ ਜੋਲ ਰਹਿੰਦਾ ਹੈ, ਉਨ੍ਹਾਂ ਨੂੰ ਰੱਬ ਦੀ ਸਿਫਤ ਸਲਾਹ ਚੰਗੀ ਨਹੀਂ ਲਗਦੀ। ਕਈ ਧਰਮ ਨੂੰ ਵੀ ਰੋਟੀ ਕਮਾਉਣ ਦਾ ਸਾਧਨ ਬਣਾ ਲੈਂਦੇ ਹਨ। ਅਸਲ ਧਰਮ ਨਾਮ ਦਾ ਪਿਆਰ ਹੈ।

ਮਃ ੧ ॥ ਬਾਂਗਾ ਬੁਰਗੂ ਸਿੰਙੀਆ, ਨਾਲੇ ਮਿਲੀ ਕਲਾਣ ॥ ਇਕਿ ਦਾਤੇ ਇਕਿ ਮੰਗਤੇ, ਨਾਮੁ ਤੇਰਾ ਪਰਵਾਣੁ ॥ ਨਾਨਕ ਜਿਨ੍ਹੀ ਸੁਣਿ ਕੈ ਮੰਨਿਆ, ਹਉ ਤਿਨਾ ਵਿਟਹੁ ਕੁਰਬਾਣੁ ॥੨॥ (ਹੇ ਭਾਈ!) ਮੌਲਵੀ ਬਾਂਗ ਦੇਂਦੇ ਹਨ, ਫਕੀਰ ਤੂਤੀ ਵਜਾਉਂਦੇ ਹਨ, ਜੋਗੀ ਸਿੰਙੀ ਵਜਾਉਂਦੇ ਹਨ ਅਤੇ ਮਿਰਾਸੀਆਂ ਨੂੰ (ਵੱਡੇ ਲੋਕਾਂ ਦੀ) ਵਡਿਆਈ ਕਰਨੀ ਮਿਲੀ ਹੈ (ਇਹ ਸਭ ਆਪੋ ਅਪਣੇ ਸਾਜ ਵਜਾ ਕੇ ਲੋਕਾਂ ਤੋਂ ਮੰਗਦੇ ਹਨ, ਪਰ ਜੇ ਰੱਬ ਦੀ ਸਿਫਤ ਕਰਨ ਤਾਂ ਰੱਬ ਦੇ ਦਰ ਤੇ ਪ੍ਰਵਾਨ ਹੋ ਸਕਦੇ ਹਨ। ਇਸ ਤਰ੍ਹਾਂ ਦੁਨੀਆਂ ਵਿਚ) ਕਈ ਦਾਤੇ ਹਨ, ਕਈ ਮੰਗਤੇ ਹਨ, (ਪਰ ਹੇ ਪ੍ਰਭੂ! ਤੇਰੇ ਦਰ ਤੇ) ਨਾਮ ਜਪਣ ਵਾਲਾ ਮਨੁੱਖ ਹੀ ਪ੍ਰਵਾਨ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਹਰੀ ਦਾ ਨਾਮ ਸੁਣ ਕੇ ਮੰਨਿਆ ਹੈ, ਮੈਂ ਉਨ੍ਹਾਂ ਤੋਂ ਕੁਰਬਾਨ ਜਾਂਦਾ ਹਾਂ।੨।

ਪਦਾਰਥ = ਜਾਰਾ–ਵਿਭਚਾਰੀ ਮਨੁੱਖ। ਰੰਡੀਆ–ਵੇਸਵਾਵਾਂ। ਕੁਟਣੀਆ–ਫਫੇ ਕੁਟਣੀਆਂ (ਦੂਜੀ ਇਸਤ੍ਰੀਆਂ ਨੂੰ ਪ੍ਰੇਰ ਕੇ ਵਿਭਚਾਰ ਕਰਾਉਣ ਵਾਲੀ ਇਸਤ੍ਰੀਆਂ)। ਦੀਬਾਣੁ–ਸਭਾ (ਆਪਸੀ ਮੇਲ ਜੋਲ) ਵੇ ਦੀਨਾ ਕੀ–ਧਰਮ ਹੀਣ ਲੋਕਾਂ ਦੀ। ਸਾਰ–ਕਦਰ; ਸੂਝ ਬੂਝ। ਗਦਹੁ–ਗਧੇ ਨੂੰ। ਖਉਲੀਐ–ਮਲ ਦੇਈਏ। ਭੀ–ਫਿਰ ਵੀ। ਸਾਹੂ ਸਿਉ–ਸੁਆਹ ਨਾਲ। ਪਾਣੁ–ਪੈਣਾ; ਵਰਤੋਂ; ਸੁਭਾਉ; ਲਿਟਣਾ। ਕੂੜੈ ਕਤਿਐ–ਕੂੜਾ ਸੂਤ ਕੱਤਣ ਨਾਲ। ਤਣੀਐ ਤਾਣੁ–ਤਾਣਾ ਤਣੀਦਾ ਹੈ। ਕਛੀਐ–ਮਿਣੀਦਾ ਹੈ। ਪੈਨਣੁ–ਪਹਿਨਣਾ।੧। ਬਾਂਗਾ–(ਨਿਮਾਜ ਪੜ੍ਹਨ ਵੇਲੇ ਦੀ) ਬਾਂਗ। ਬੁਰਗੂ–ਤੂਤੀ। ਸਿੰਙੀਆ–(ਜੋਗੀ ਦੇ ਵਜਾਉਣ ਵਾਲੀ) ਸਿੰਙੀ। ਨਾਲੇ–ਨਾਲ ਹੀ। ਇਕਿ–ਕਈ ਮਨੁੱਖ। ਕਲਾਣ–ਉਸਤਤੀ। ਪਰਵਾਣੁ–ਪ੍ਰਵਾਨ। ਮੰਨਿਆ–ਮੰਨ ਲਿਆ। ਹਉ–ਮੈਂ। ਤਿਨਾ ਵਿਟਹੁ–ਉਨ੍ਹਾਂ ਤੋਂ।੨।

ਪਉੜੀ ॥ ਮਾਇਆ ਮੋਹੁ ਸਭੁ ਕੂੜੁ ਹੈ, ਕੂੜੋ ਹੋਇ ਗਇਆ ॥ ਹਉਮੈ ਝਗੜਾ ਪਾਇਓਨੁ ,ਝਗੜੈ ਜਗੁ ਮੁਇਆ ॥ ਗੁਰਮੁਖਿ ਝਗੜੁ ਚੁਕਾਇਓਨੁ ,ਇਕੋ ਰਵਿ ਰਹਿਆ ॥ ਸਭੁ ਆਤਮ ਰਾਮੁ ਪਛਾਣਿਆ, ਭਉਜਲੁ ਤਰਿ ਗਇਆ ॥ ਜੋਤਿ ਸਮਾਣੀ ਜੋਤਿ ਵਿਚਿ ,ਹਰਿ ਨਾਮਿ ਸਮਇਆ ॥੧੪॥ (ਹੇ ਭਾਈ!) ਮਾਇਆ ਦਾ ਮੋਹ ਸਭ ਝੂਠਾ ਹੈ, (ਇਸ ਮੋਹ ਵਿਚ ਫਸਣ ਵਾਲਾ ਮਨੁੱਖ ਵੀ) ਝੂਠਾ ਹੋ ਗਿਆ ਹੈ। ਉਸ ਪ੍ਰਭੂ ਨੇ ਹਉਮੈ ਦਾ ਝਗੜਾ (ਜੀਵ ਦੇ ਗਲ) ਪਾਇਆ ਹੋਇਆ ਹੈ, (ਇਉਂ) ਝਗੜੇ ਵਿਚ ਹੀ ਜਗਤ ਮਰ ਗਿਆ ਹੈ। ਗੁਰਮੁਖ ਦਾ ਝਗੜਾ ਉਸ ਪ੍ਰਭੂ ਨੇ ਮੁਕਾ ਦਿਤਾ ਹੈ, (ਕਿਉਂਕਿ ਉਸ ਨੇ ਜਾਣ ਲਿਆ ਹੈ ਕਿ ਸਭ ਜੀਵਾਂ ਵਿਚ) ਇਕੋ ਪ੍ਰਭੂ ਵਿਆਪਕ ਹੋ ਰਿਹਾ ਹੈ। (ਉਸ ਨੇ) ਸਭ ਜਗ੍ਹਾ ਵਿਆਪਕ ਪ੍ਰਭੂ ਨੂੰ ਪਛਾਣ ਲਿਆ ਹੈ, (ਇਸ ਲਈ ਉਹ) ਭਵਜਲ ਤੋਂ ਤਰ ਗਿਆ ਹੈ। (ਉਹ) ਹਰੀ ਦੇ ਨਾਮ ਵਿਚ ਲੀਨ ਹੋ ਗਿਆ ਹੈ ਅਤੇ (ਉਸ ਦੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਗਈ ਹੈ।੧੪।

ਪਦਾਰਥ = ਕੂੜੁ–ਝੂਠਾ; ਛਲ। ਕੂੜੋ–ਝੂਠਾ। ਪਾਇਓਨੁ–ਪਾਇਆ ਹੈ ਉਸ ਨੇ। ਜਗੁ–ਜਗਤ। ਮੁਇਆ–ਮਰ ਗਿਆ। ਚੁਕਾਇਓਨੁ–ਉਸ ਨੇ ਮੁਕਾ ਦਿਤਾ। ਇਕੋ–ਇਕ ਪ੍ਰਭੂ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਆਤਮ ਰਾਮੁ–ਸਰਬ ਵਿਆਪਕ ਪ੍ਰਭੂ। ਭਉਜਲੁ–

ਸੰਸਾਰ ਸਮੁੰਦਰ।ਜੋਤਿ–ਆਤਮ ਜੋਤ।ਸਮਾਣੀ–ਮਿਲ ਗਈ।ਜੋਤਿ ਵਿਚਿ–ਪ੍ਰਭੂ ਦੀ ਜੋਤ ਵਿਚ।ਸਮਇਆ–ਲੀਨ ਹੋ ਗਿਆ।੧੪।

ਸਲੋਕ ਮਃ ੧ ॥ ਸਤਿਗੁਰ ਭੀਖਿਆ ਦੇਹਿ ਮੈ, ਤੂ ਸੰਮ੍ਰਥੁ ਦਾਤਾਰੁ ॥ ਹਉਮੈ ਗਰਬੁ ਨਿਵਾਰੀਐ, ਕਾਮੁ ਕ੍ਰੋਧੁ ਅਹੰਕਾਰੁ ॥ ਲਬੁ ਲੋਭੁ ਪਰਜਾਲੀਐ, ਨਾਮੁ ਮਿਲੈ ਆਧਾਰੁ ॥ ਅਹਿਨਿਸਿ ਨਵਤਨ ਨਿਰਮਲਾ, ਮੈਲਾ ਕਬਹੂੰ ਨ ਹੋਇ ॥ ਨਾਨਕ ਇਹ ਬਿਧਿ ਛੁਟੀਐ, ਨਦਰਿ ਤੇਰੀ ਸੁਖੁ ਹੋਇ ॥੧॥ ਹੇ ਸਤਿਗੁਰੂ! ਮੈਨੂੰ ਨਾਮ ਦੀ ਭੀਖਿਆ ਦੇਹ, ਤੂੰ (ਨਾਮ ਦਾ) ਸਮਰੱਥ ਦਾਤਾਰ ਹੈਂ।(ਨਾਮ ਸਿਮਰ ਕੇ) ਸਰੀਰ ਦਾ ਹੰਕਾਰ, ਪਦਾਰਥਾਂ ਦਾ ਹੰਕਾਰ, ਕਾਮ ਕ੍ਰੋਧ ਅਤੇ ਧਨ ਦਾ ਹੰਕਾਰ ਦੂਰ ਕਰ ਲਈਦੇ ਹਨ।(ਜੇ ਮੈਨੂੰ) ਨਾਮ ਦਾ ਆਸਰਾ ਮਿਲ ਜਾਵੇ, ਤਾਂ ਧਨ ਦਾ ਲੋਭ, ਖਾਣ ਪੀਣ ਦਾ ਲਾਲਚ ਚੰਗੀ ਤਰ੍ਹਾਂ ਸਾੜ ਲਈਦੇ ਹਨ।(ਹੇ ਭਾਈ! ਪ੍ਰਭੂ ਦਾ ਨਾਮ) ਦਿਨ ਰਾਤ ਨਵਾਂ ਅਤੇ ਪਵਿਤ੍ਰ ਰਹਿੰਦਾ ਹੈ, ਕਦੇ ਮੈਲਾ ਨਹੀਂ ਹੁੰਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਇਸ ਤਰੀਕੇ ਨਾਲ (ਨਾਮ ਸਿਮਰ ਕੇ ਆਵਾਗਵਨ ਤੋਂ) ਛੁੱਟ ਜਾਈਦਾ ਹੈ, ਹੇ ਪ੍ਰਭੂ! ਤੇਰੀ ਮੇਹਰ ਦੀ ਨਜਰ ਨਾਲ ਸੁਖ ਪ੍ਰਾਪਤ ਹੁੰਦਾ ਹੈ।੧।

ਪਦਾਰਥ = ਸਤਿਗੁਰ–ਹੇ ਸਤਿਗੁਰੂ ਪ੍ਰਮੇਸਰ!।ਮੈ–ਮੈਨੂੰ।ਸੰਮ੍ਰਥੁ–ਸਰਬ ਸ਼ਕਤੀਮਾਨ।ਗਰਬੁ–ਹੰਕਾਰ।ਨਿਵਾਰੀਐ–ਦੂਰ ਕਰ ਲਈਦੇ ਹਨ।ਲਬੁ–ਲਾਲਚ।ਪਰਜਾਲੀਐ–ਚੰਗੀ ਤਰ੍ਹਾਂ ਸਾੜ ਲਈਦੇ ਹਨ।ਆਧਾਰੁ–ਆਸਰਾ।ਅਹਿਨਿਸਿ–ਦਿਨ ਰਾਤ।ਨਵਤਨ–ਨਵਾਂ।ਕਬਹੂੰ–ਕਦੇ।ਇਹ ਬਿਧਿ–ਇਸ ਤਰੀਕੇ ਨਾਲ।ਛੁਟੀਐ–ਛੁੱਟ ਜਾਈਦਾ ਹੈ।ਨਦਰਿ–ਮੇਹਰ ਦੀ ਨਜਰ ਨਾਲ।੧।

ਮਃ ੧ ॥ ਇਕੋ ਕੰਤੁ ਸਬਾਈਆ, ਜਿਤੀ ਦਰਿ ਖੜੀਆਹ ॥ ਨਾਨਕ ਕੰਤੈ ਰਤੀਆ, ਪੁਛਹਿ ਬਾਤੜੀਆਹ ॥੨॥ ਜਿੰਨੀਆਂ ਜੀਵ ਇਸਤ੍ਰੀਆਂ ਪ੍ਰਭੂ ਦੇ ਦਰ ਤੇ ਖੜੀਆਂ ਹਨ, ਉਨ੍ਹਾਂ ਸਾਰੀਆਂ ਦਾ ਪਤੀ ਇਕੋ ਪ੍ਰਭੂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜੀਆਂ ਇਸਤ੍ਰੀਆਂ) ਪਤੀ ਪ੍ਰਭੂ ਦੇ ਪ੍ਰੇਮ ਵਿਚ ਰੰਗੀਆਂ ਹੋਈਆਂ ਭਾਵ ਗਿਆਨਵਾਨ ਹਨ, (ਉਨ੍ਹਾਂ ਪਾਸੋਂ ਜਗਿਆਸੂ ਰੂਪ ਇਸਤ੍ਰੀਆਂ ਪ੍ਰਭੂ ਪ੍ਰਾਪਤੀ ਦੀਆਂ) ਸੋਹਣੀਆਂ ਗੱਲਾਂ ਪੁਛਦੀਆਂ ਹਨ।੨।

ਮਃ ੧ ॥ ਸਭੇ ਕੰਤੈ ਰਤੀਆ, ਮੈ ਦੋਹਾਗਣਿ ਕਿਤੁ ॥ ਮੈ ਤਨਿ ਅਵਗਣ ਏਤੜੇ, ਖਸਮੁ ਨ ਫੇਰੇ ਚਿਤੁ ॥੩॥ ਸਭੇ ਜੀਵ ਇਸਤ੍ਰੀਆਂ ਪਤੀ ਪ੍ਰਭੂ ਦੇ ਪ੍ਰੇਮ ਵਿਚ ਰੰਗੀਆਂ ਹੋਈਆਂ ਹਨ, ਪਰ ਮੈਂ ਦੋਹਾਗਣ ਕਿਸ ਗਿਣਤੀ ਵਿਚ ਹਾਂ; ਮੈਂ ਕਿਸ ਕਰਕੇ ਦੋਹਾਗਣ ਹਾਂ? ਮੇਰੇ ਸਰੀਰ ਵਿਚ ਇਤਨੇ ਔਗਣ ਹਨ, (ਜਿਨ੍ਹਾਂ ਨੂੰ ਦੇਖ ਕੇ) ਮਾਲਕ ਪ੍ਰਭੂ ਮੇਰੇ ਵੱਲ ਅਪਣਾ ਚਿੱਤ ਹੀ ਨਹੀਂ ਫੇਰਦਾ (ਧਿਆਨ ਨਹੀਂ ਦੇਂਦਾ); ਮੇਰੇ ਤਨ ਵਿਚ ਇਤਨੇ ਔਗਣ ਹਨ, ਫਿਰ ਵੀ ਉਹ ਮਾਲਕ ਮੈਥੋਂ ਚਿਤ ਨਹੀਂ ਫੇਰਦਾ (ਸ਼ਬਦਾਰਥ)।੩।

ਮਃ ੧ ॥ ਹਉ ਬਲਿਹਾਰੀ ਤਿਨ ਕਉ ,ਸਿਫਤਿ ਜਿਨਾ ਦੈ ਵਾਤਿ ॥ ਸਭਿ ਰਾਤੀ ਸੋਹਾਗਣੀ, ਇਕ ਮੈ ਦੋਹਾਗਣਿ ਰਾਤਿ ॥੪॥ ਮੈਂ ਉਨ੍ਹਾਂ ਜੀਵ ਇਸਤ੍ਰੀਆਂ ਤੋਂ ਬਲਿਹਾਰ ਹਾਂ, ਜਿਨ੍ਹਾਂ ਦੇ ਮੂੰਹ ਵਿਚ ਪ੍ਰਭੂ ਦੀ ਸਿਫਤ ਸਲਾਹ ਹੈ।ਹੇ ਪ੍ਰਭੂ! ਤੂੰ ਸਾਰੀਆਂ ਰਾਤਾਂ ਸੁਹਾਗਣਾਂ ਨੂੰ ਦਿੰਦਾ ਹੈਂ, (ਅਪਣੇ ਮਿਲਾਪ ਦੀ) ਇਕ ਰਾਤ ਮੈਨੂੰ ਦੁਹਾਗਣ ਨੂੰ ਵੀ ਬਖਸ਼ ਦੇਹ (ਗਿਆਨਵਾਨ ਪੁਰਖਾਂ ਦੀ ਜੀਵਨ ਰੂਪ ਰਾਤ ਸਫਲ ਹੈ, ਮੈਂ ਤੈਥੋਂ ਵਿਛੜਿਆ ਹੋਇਆ ਹਾਂ, ਅਪਣੇ ਨਾਲ ਜੋੜ ਕੇ ਮੇਰੀ ਵੀ ਜੀਵਨ ਰੂਪ ਰਾਤ ਸਫਲ ਕਰ ਦੇਹ)।੪।

ਪਦਾਰਥ = ਇਕੋ ਕੰਤੁ–ਇਕੋ ਪਤੀ ਪ੍ਰਭੂ।ਸਬਾਈਆ–ਸਾਰੀਆਂ ਦਾ।ਜਿਤੀ–ਜਿਤਨੀਆਂ।ਦਰਿ–(ਪ੍ਰਭੂ ਦੇ) ਦਰ ਤੇ।ਖੜੀਆਹ–ਖੜੀਆਂ ਹਨ।ਕੰਤੈ–ਪਤੀ ਪ੍ਰਭੂ ਦੇ।ਰਤੀਆ–ਪ੍ਰੇਮ ਵਿਚ ਰੰਗੀਆਂ।ਬਾਤੜੀਆ–ਸੋਹਣੀਆਂ ਗੱਲਾਂ।੨।ਦੋਹਾਗਣਿ–ਪਤੀ ਪ੍ਰਭੂ ਦੀ ਛੱਡੀ ਹੋਈ।ਕਿਤੁ–ਕਿਸ (ਗਿਣਤੀ ਵਿਚ ਹਾਂ)।ਮੈ ਤਨਿ–ਮੇਰੇ ਸਰੀਰ ਵਿਚ।ਏਤੜੇ–ਇਤਨੇ (ਬਹੁਤ)।ਨ ਫੇਰੇ–ਨਹੀ ਫੇਰਦਾ (ਮੋੜਦਾ)।੩।ਹਉ–ਮੈਂ।ਬਲਿਹਾਰੀ–ਕੁਰਬਾਨ ਹਾਂ।ਤਿਨ ਕਉ–ਉਨ੍ਹਾਂ ਤੋਂ।ਦੈ–ਦੇ।ਵਾਤਿ–ਮੂੰਹ ਵਿਚ।ਰਾਤੀ–ਰਾਤਾਂ।੪।

ਪਉੜੀ ॥ ਦਰਿ ਮੰਗਤੁ ਜਾਚੈ ਦਾਨੁ ,ਹਰਿ ਦੀਜੈ ਕ੍ਰਿਪਾ ਕਰਿ ॥ ਗੁਰਮੁਖਿ ਲੇਹੁ ਮਿਲਾਇ, ਜਨੁ ਪਾਵੈ ਨਾਮੁ ਹਰਿ ॥ ਅਨਹਦ ਸਬਦੁ ਵਜਾਇ, ਜੋਤੀ ਜੋਤਿ ਧਰਿ ॥ ਹਿਰਦੈ ਹਰਿ ਗੁਣ ਗਾਇ, ਜੈ ਜੈ ਸਬਦੁ ਹਰਿ ॥ ਜਗ ਮਹਿ ਵਰਤੈ ਆਪਿ, ਹਰਿ ਸੇਤੀ ਪ੍ਰੀਤਿ ਕਰਿ ॥੧੫॥ ਹੇ ਹਰੀ! ਤੇਰੇ ਦਰ ਤੇ ਖੜਾ ਹੋਇਆ ਮੈਂ ਮੰਗਤਾ ਦਾਨ ਮੰਗਦਾ ਹਾਂ, ਕ੍ਰਿਪਾ ਕਰਕੇ (ਮੈਨੂੰ ਇਹ ਦਾਨ) ਦੇਹ।ਹੇ ਹਰੀ! ਮੈਨੂੰ ਗੁਰੂ ਨਾਲ ਮਿਲਾ ਲੈ, ਤਾਂ ਕਿ ਮੈਂ ਸੇਵਕ ਤੇਰਾ ਨਾਮ ਪ੍ਰਾਪਤ ਕਰ ਲਵਾਂ।ਅਪਣੀ ਜੋਤ ਮੇਰੀ ਆਤਮ ਜੋਤ ਵਿਚ ਧਰ ਕੇ ਅਨਹਦ ਸ਼ਬਦ ਵਜਾ ਦੇਹ।ਹੇ ਹਰੀ! ਮੈਂ ਹਿਰਦੇ ਵਿਚ ਤੇਰੇ ਗੁਣ ਗਾ ਕੇ ਜੈ ਜੈਕਾਰ ਸ਼ਬਦ ਉਚਾਰਨ ਕਰਾਂ।(ਇਹ ਯਕੀਨ ਬਣ ਜਾਵੇ ਕਿ) ਜਗਤ ਵਿਚ ਹਰੀ ਆਪ ਹੀ ਵਰਤ ਰਿਹਾ ਹੈ, (ਹੇ ਭਾਈ! ਤੂੰ ਵੀ) ਮੈਂ ਹਰੀ ਨਾਲ ਪ੍ਰੀਤ ਕਰ।੧੫।

ਪਦਾਰਥ = ਦਰਿ–(ਪ੍ਰਭੂ ਦੇ) ਦਰ ਤੇ।ਮੰਗਤੁ–ਮੰਗਤਾ।ਜਾਚੈ–ਮੰਗਦਾ ਹੈ।ਹਰਿ–ਹੇ ਹਰੀ!।ਜਨੁ–ਸੇਵਕ।ਅਨਹਦ ਸਬਦੁ–ਇਕ ਰਸ (ਲਗਾਤਾਰ) ਵਜਣ ਵਾਲਾ ਸ਼ਬਦ (ਅਜਪਾ ਜਾਪ)।ਜੋਤੀ–ਪ੍ਰਭੂ ਦੀ ਜੋਤ।ਜੋਤਿ ਧਰਿ–ਆਤਮ ਜੋਤ ਵਿਚ ਧਰ ਕੇ।ਜੈ ਜੈ–ਜੈ

ਜੈਕਾਰ (ਤੇਰੀ ਜੈ ਹੋਵੇ, ਤੇਰੀ ਜੈ ਹੋਵੇ ਉਚਾਰਨ ਕਰਾਂ)।ਜਗ ਮਹਿ–ਜਗਤ ਵਿਚ।ਸੇਤੀ–ਨਾਲ।੧੫।

ਸਲੋਕ ਮਃ ੧ ॥ ਜਿਨੀ ਨ ਪਾਇਓ ਪ੍ਰੇਮ ਰਸੁ ,ਕੰਤ ਨ ਪਾਇਓ ਸਾਉ ॥ ਸੁੰਞੇ ਘਰ ਕਾ ਪਾਹੁਣਾ, ਜਿਉ ਆਇਆ ਤਿਉ ਜਾਉ ॥ ੧॥ ਜਿਨ੍ਹਾਂ (ਜੀਵ ਇਸਤ੍ਰੀਆਂ) ਨੇ ਪ੍ਰਭੂ ਦਾ ਪ੍ਰੇਮ ਰਸ ਨਹੀਂ ਪ੍ਰਾਪਤ ਕੀਤਾ ਅਤੇ ਪਤੀ ਦੇ ਮਿਲਾਪ ਦਾ ਅਨੰਦ ਨਹੀਂ ਪ੍ਰਾਪਤ ਨਹੀਂ ਕੀਤਾ।(ਉਨ੍ਹਾਂ ਦਾ ਸੰਸਾਰ ਵਿਚ ਜਨਮ ਲਿਆ ਇਸ ਤਰ੍ਹਾਂ ਹੈ ਕਿ) ਸੁੰਨੇ ਘਰ ਦਾ ਪ੍ਰਾਹੁਣਾ ਜਿਵੇਂ ਆਇਆ, ਤਿਵੇਂ ਖਾਲੀ ਮੁੜ ਜਾਂਦਾ ਹੈ (ਕਰਣੀ ਤੇ ਗੁਣ ਹੀਣ ਕੱਚੇ ਗੁਰੂਆਂ ਪਾਸੋਂ ਗਿਆਨ ਤੇ ਮੁਕਤੀ ਨਹੀਂ ਮਿਲ ਸਕਦੀ)।੧।

ਮਃ ੧ ॥ ਸਉ ਓਲਾਮ੍ਹੇ ਦਿਨੈ ਕੇ, ਰਾਤੀ ਮਿਲਨ੍ਹਿ ਸਹੰਸ ॥ ਸਿਫਤਿ ਸਲਾਹਣੁ ਛਡਿ ਕੈ, ਕਰੰਗੀ ਲਗਾ ਹੰਸੁ ॥ ਫਿਟੁ ਇਵੇਹਾ ਜੀਵਿਆ, ਜਿਤੁ ਖਾਇ ਵਧਾਇਆ ਪੇਟੁ ॥ ਨਾਨਕ ਸਚੇ ਨਾਮ ਵਿਣੁ ,ਸਭੋ ਦੁਸਮਨੁ ਹੇਤੁ ॥੨॥ (ਮਨੁੱਖ ਦੇ ਮੰਦ ਕਰਮਾਂ ਕਰਕੇ ਇਸ ਨੂੰ) ਸੌ ਉਲ੍ਹਾਂਬੇ ਦਿਨ ਦੇ ਅਤੇ ਹਜਾਰਾਂ ਉਲ੍ਹਾਂਬੇ ਰਾਤ ਨੂੰ ਮਿਲਦੇ ਹਨ।(ਕਿਉਂਕਿ) ਹੰਸ ਰੂਪ ਮਨੁਖ ਰੱਬ ਦੀ ਸਿਫਤ ਸਲਾਹ (ਰੂਪ ਮੋਤੀ ਚੁਗਣੇ) ਛਡ ਕੇ ਵਿਸ਼ੇ ਵਿਕਾਰ ਰੂਪ ਕਰੰਗਾਂ ਨੂੰ ਚੂੰਡਣ ਲਗਾ ਹੈ।ਅਜੇਹੇ ਜੀਵਨ ਨੂੰ ਲਾਹਣਤ ਹੈ, ਜਿਸ ਵਿਚ ਖਾ ਖਾ ਕੇ ਪੇਟ ਵਧਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾ (ਸਭ ਤਰ੍ਹਾਂ ਦਾ) ਮੋਹ ਵੈਰੀ ਹੈ।੨।

ਪਦਾਰਥ = ਜਿਨੀ–ਜਿਨ੍ਹਾਂ ਨੇ।ਪ੍ਰੇਮ ਰਸੁ–ਪ੍ਰੇਮ ਦਾ ਅਨੰਦ।ਕੰਤ–ਪਤੀ ਦਾ।ਸਾਉ–ਸੁਆਦ (ਅਨੰਦ)।ਸੁੰਞੇ ਘਰ ਕਾ–ਬੇ ਅਬਾਦ ਘਰ ਦਾ।ਪਾਹੁਣਾ–ਪ੍ਰਾਹੁਣਾ।੧।ਸਉ–ਸੈਂਕੜੇ।ਓਲਾਮ੍ਹੇ–ਉਲ੍ਹਾਂਬੇ।ਰਾਤੀ–ਰਾਤਾਂ ਨੂੰ।ਸਹੰਸ–ਹਜਾਰਾਂ।ਕਰੰਗੀ–ਮੁਰਦਾਰਾਂ ਦੇ ਪਿੰਜਰ।ਹੰਸੁ–ਜੀਵ ਰੂਪ ਹੰਸ।ਫਿਟੁ–ਲਾਹਣਤ।ਇਵੇਹਾ–ਅਜੇਹਾ।ਜਿਤ–ਜਿਸ ਵਿਚ।ਵਿਣੁ–ਬਿਨਾ।ਸਭੋ ਹੇਤੁ–ਸਭ ਤਰ੍ਹਾਂ ਦਾ ਮੋਹ।੨।

ਪਉੜੀ ॥ ਢਾਢੀ ਗੁਣ ਗਾਵੈ ਨਿਤ, ਜਨਮੁ ਸਵਾਰਿਆ ॥ ਗੁਰਮੁਖਿ ਸੇਵਿ ਸਲਾਹਿ, ਸਚਾ ਉਰ ਧਾਰਿਆ ॥ (ਹੇ ਭਾਈ! ਜਿਹੜਾ) ਢਾਢੀ ਹਰ ਰੋਜ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਸ ਨੇ ਅਪਣਾ) ਮਨੁੱਖਾ ਜਨਮ ਸਵਾਰ ਲਿਆ ਹੈ।(ਉਸ ਨੇ) ਗੁਰੂ ਦੁਆਰਾ ਪ੍ਰਭੂ ਦੀ ਸੇਵਾ ਭਗਤੀ ਅਤੇ ਸਿਫਤ ਸਲਾਹ ਕਰਕੇ ਸੱਚੇ ਪ੍ਰਭੂ ਨੂੰ ਅਪਣੇ ਹਿਰਦੇ ਵਿਚ ਧਾਰਿਆ ਹੈ।

ਅੰਗ ੭੯੧ = ਘਰੁ ਦਰੁ ਪਾਵੈ ਮਹਲੁ ,ਨਾਮੁ ਪਿਆਰਿਆ ॥ ਗੁਰਮੁਖਿ ਪਾਇਆ ਨਾਮੁ ,ਹਉ ਗੁਰ ਕਉ ਵਾਰਿਆ ॥ ਤੂ ਆਪਿ ਸਵਾਰਹਿ ਆਪਿ, ਸਿਰਜਨਹਾਰਿਆ ॥੧੬॥ (ਜਿਹੜਾ ਮਨੁੱਖ) ਨਾਮ ਨੂੰ ਪਿਆਰ ਕਰਨ ਵਾਲਾ ਹੈ, ਉਹ ਅਪਣਾ ਅਸਲੀ ਘਰ, ਪ੍ਰਭੂ ਦਾ ਦਰ ਤੇ (ਉਸ ਦਾ) ਮਹਿਲ ਪਾ ਲੈਂਦਾ ਹੈ।(ਜਿਸ) ਗੁਰੂ ਤੋਂ ਨਾਮ ਪ੍ਰਾਪਤ ਕੀਤਾ ਹੈ, ਮੈਂ ਉਸ ਗੁਰੂ ਤੋਂ ਵਾਰਨੇ ਜਾਂਦਾ ਹਾਂ। ਹੇ ਸਿਰਜਨਹਾਰ ਪ੍ਰਭੂ! ਤੂੰ ਆਪੇ ਆਪ ਹੀ (ਗੁਰੂ ਦੀ ਸ਼ਰਣ ਵਿਚ ਪਾ ਕੇ ਮਨੁੱਖ ਦਾ ਜੀਵਨ) ਸੁਆਰਦਾ ਹੈਂ।੧੬।

ਪਦਾਰਥ = ਢਾਢੀ–ਹਰੀ ਦਾ ਜਸ ਕਰਨ ਵਾਲਾ ਮਨੁੱਖ।ਨਿਤ–ਹਰ ਰੋਜ।ਸਵਾਰਿਆ–ਸੁਧਾਰ ਲਿਆ।ਉਰ ਧਾਰਿਆ–ਹਿਰਦੇ ਵਿਚ ਟਿਕਾ ਲਿਆ।ਮਹਲੁ–ਪ੍ਰਭੂ ਦਾ ਮਹਿਲ।ਹਉ–ਮੈਂ।ਵਾਰਿਆ–ਕੁਰਬਾਨ ਹਾਂ।ਸਿਰਜਨਹਾਰਿਆ–ਹੇ ਸਿਰਜਨਹਾਰ ਪ੍ਰਭੂ!।੧੬।

ਸਲੋਕ ਮਃ ੧ ॥ ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥ ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥ (ਹੇ ਭਾਈ! ਜਦੋਂ) ਦੀਵਾ ਬਲਦਾ ਹੈ ਤਾਂ ਹਨ੍ਹੇਰਾ ਦੂਰ ਹੋ ਜਾਂਦਾ ਹੈ।ਤਿਵੇਂ ਬੇਦਾਂ ਦੇ ਪਾਠ ਵਾਲੀ ਬੁੱਧੀ ਪਾਪਾਂ ਨੂੰ ਖਾ ਜਾਂਦੀ ਹੈ।(ਜਿਵੇਂ ਜਦੋਂ) ਸੂਰਜ ਚੜ੍ਹਦਾ ਹੈ ਤਾਂ ਪਤਾ ਨਹੀਂ ਲਗਦਾ ਕਿ ਚੰਦ ਕਿਧਰ ਚਲਾ ਗਿਆ। (ਤਿਵੇਂ) ਜਿਥੇ ਗੁਰੂ ਦੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ, ਉਥੇ ਅਗਿਆਨ ਮਿਟ ਜਾਂਦਾ ਹੈ (ਪਰ ਇਸ ਤਰ੍ਹਾਂ ਹੋ ਨਹੀਂ ਰਿਹਾ।ਕਿਉਂ ਕਿ) ਬੇਦਾਂ ਦਾ ਪਾਠ ਸੰਸਾਰ ਦੇ ਲੋਕਾਂ ਦਾ ਧੰਦਾ ਬਣ ਗਿਆ ਹੈ।ਪੰਡਤ ਲੋਕ ਬੇਦਾਂ ਨੂੰ ਪੜ੍ਹ ਪੜ੍ਹ ਕੇ (ਅਪਣੀ ਰੋਜੀ ਰੋਟੀ ਵਾਸਤੇ ਹੀ) ਬਿਚਾਰ ਕਰਦੇ ਹਨ (ਇਸੇ ਕਰਕੇ ਲੋਕਾਂ ਨੂੰ ਲਾਭ ਨਹੀਂ ਹੋ ਰਿਹਾ।ਧਾਰਮਕ ਗ੍ਰੰਥਾਂ ਨੂੰ) ਬਿਨਾ ਸਮਝੇ ਸਾਰੇ ਲੋਕ ਖੁਆਰ ਹੁੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਮੱਤ ਤੇ ਚਲਣ ਵਾਲਾ ਮਨੁੱਖ ਭਵਜਲ ਤੋਂ ਪਾਰ ਲੰਘਦਾ ਹੈ।

ਪੰਡਤ ਲੋਕ ਬੇਦਾਂ ਦਾ ਰਸਮੀ ਪਾਠ ਕਰਦੇ ਹਨ, ਜੋ ਇਕ ਕਿਸਮ ਦਾ ਵਿਹਾਰੀ ਕੰਮ ਹੈ, ਜਿਸ ਦਾ ਕੋਈ ਲਾਭ ਨਹੀਂ।ਹਰੀ ਦਾ ਗਿਆਨ ਸੱਚੇ ਗੁਰੂ ਤੋਂ ਮਿਲਦਾ ਹੈ, ਪਰ ਕਈ ਲੋਕ ਅਪਣੀ ਕਿਰਤ ਅਨੁਸਾਰ ਗੁਰੂ ਤੋਂ ਬੇਮੁਖ ਹੋ ਕੇ ਰਹਿੰਦੇ ਹਨ।ਉਨ੍ਹਾਂ ਨੂੰ ਗੁਰਬਾਣੀ ਦਾ ਅਨੰਦ ਨਹੀਂ ਆਉਂਦਾ, ਉਹ ਫਿੱਕਾ ਬੋਲਦੇ ਹਨ ਅਤੇ ਨਾਮ ਤੋਂ ਖਾਲੀ ਰਹਿੰਦੇ ਹਨ (ਸ਼ਬਦਾਰਥ)।੧।

ਮਃ ੧ ॥ ਸਬਦੈ ਸਾਦੁ ਨ ਆਇਓ, ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ, ਨਿਤ ਨਿਤ ਹੋਇ ਖੁਆਰੁ ॥ ਨਾਨਕ ਪਇਐ ਕਿਰਤਿ ਕਮਾਵਣਾ, ਕੋਇ ਨ ਮੇਟਣਹਾਰੁ ॥੨॥ (ਹੇ ਭਾਈ! ਜਿਸ ਮਨੁੱਖ ਨੂੰ) ਗੁਰੂ ਦੇ ਸ਼ਬਦ ਦਾ ਸੁਆਦ ਨਹੀਂ ਆਇਆ

ਅਤੇ ਹਰੀ ਦੇ ਨਾਮ ਨਾਲ ਪਿਆਰ ਨਹੀਂ ਲੱਗਿਆ।(ਉਹ) ਜੀਭ ਨਾਲ ਫਿੱਕਾ ਬੋਲਦਾ ਹੈ ਅਤੇ ਸਦਾ ਖੁਆਰ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਪਿਛਲੇ ਕੀਤੇ ਕਰਮਾਂ ਦੇ ਮੱਥੇ ਉਤੇ ਪਏ ਹੋਏ ਲੇਖ ਅਨੁਸਾਰ ਕਰਮ ਕਰਦਾ ਹੈ, (ਉਨ੍ਹਾਂ ਕਰਮਾਂ ਨੂੰ ਨਾਮ ਸਿਮਰਨ ਤੋਂ ਬਿਨਾ ਹੋਰ) ਕੋਈ ਮੇਟਣ ਵਾਲਾ ਨਹੀਂ ਹੈ।੨।

ਪਦਾਰਥ = ਬਲੈ–ਜਗਦਾ ਹੈ।ਜਾਇ–ਦੂਰ ਹੋ ਜਾਂਦਾ ਹੈ।ਬੇਦ ਪਾਠ ਮਤਿ–ਧਾਰਮਕ ਗ੍ਰੰਥਾਂ ਦੇ ਪਾਠ ਵਾਲੀ ਬੁੱਧੀ।ਖਾਇ–ਖਾ ਜਾਂਦੀ ਹੈ।ਉਗਵੈ–ਚੜ੍ਹਦਾ ਹੈ।ਸੂਰੁ–ਸੂਰਜ।ਨ ਜਾਪੈ–ਪਤਾ ਨਹੀਂ ਲਗਦਾ।ਜਹ–ਜਿੱਥੇ।ਕਾਰ–ਵਿਹਾਰ; ਧੰਧਾ।ਕਰਹਿ–ਕਰਦੇ ਹਨ।ਬਿਨੁ ਬੂਝੇ–ਬਿਨਾ ਸਮਝੇ।ਉਤਰਸਿ ਪਾਰਿ–(ਭਵਜਲ ਤੋਂ) ਪਾਰ ਲੰਘਦਾ ਹੈ।੧।ਸਾਦੁ–ਸੁਆਦ।ਨਾਮਿ–ਨਾਮ ਨਾਲ।ਰਸਨਾ–ਜੀਭ ਨਾਲ ।ਨਿਤ ਨਿਤ–ਹਰ ਰੋਜ (ਸਦਾ) ਹੀ।ਖੁਆਰ–ਬੇਇੱਜਤ; ਦੁਖੀ।ਪਇਐ ਕਿਰਤਿ ਕਮਾਵਣਾ–ਮੱਥੇ ਉਤੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਪਏ ਲੇਖ ਅਨੁਸਾਰ ਕਰਮ ਕਰਦਾ ਹੈ; ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਤੋਂ ਬਣੇ ਸੁਭਾਵ ਅਨੁਸਾਰ।੨।

ਪਉੜੀ ॥ ਜਿ ਪ੍ਰਭੁ ਸਾਲਾਹੇ ਆਪਣਾ, ਸੋ ਸੋਭਾ ਪਾਏ ॥ ਹਉਮੈ ਵਿਚਹੁ ਦੂਰਿ ਕਰਿ, ਸਚੁ ਮੰਨਿ ਵਸਾਏ ॥ ਸਚੁ ਬਾਣੀ ਗੁਣ ਉਚਰੈ ,ਸਚਾ ਸੁਖੁ ਪਾਏ ॥ ਮੇਲੁ ਭਇਆ ਚਿਰੀ ਵਿਛੁੰਨਿਆ, ਗੁਰ ਪੁਰਖਿ ਮਿਲਾਏ ॥ ਮਨੁ ਮੈਲਾ ਇਵ ਸੁਧੁ ਹੈ, ਹਰਿ ਨਾਮੁ ਧਿਆਏ ॥੧੭॥ ਜਿਹੜਾ ਮਨੁੱਖ ਅਪਣੇ ਪ੍ਰਭੂ ਨੂੰ ਸਲਾਹੁੰਦਾ ਹੈ, ਉਹ (ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ ਹੈ।(ਉਹ ਅਪਣੇ ਹਿਰਦੇ) ਵਿਚੋਂ ਹਉਮੈ ਦੂਰ ਕਰਕੇ ਸੱਚੇ ਪ੍ਰਭੂ ਨੂੰ ਮਨ ਵਿਚ ਵਸਾ ਲੈਂਦਾ ਹੈ।(ਉਹ) ਸੱਚੀ ਬਾਣੀ ਰਾਹੀਂ ਪ੍ਰਭੂ ਦੇ ਗੁਣ ਉਚਾਰਦਾ ਹੈ, (ਜਿਸ ਬਾਣੀ ਦੀ ਬਰਕਤ ਨਾਲ ਉਹ) ਸੱਚਾ ਸੁਖ ਪ੍ਰਾਪਤ ਕਰ ਲੈਂਦਾ ਹੈ।ਚਿਰਾਂ ਤੋਂ ਵਿਛੜੇ ਹੋਏ (ਉਸ ਮਨੁੱਖ ਦਾ ਪ੍ਰਭੂ ਨਾਲ) ਮੇਲ ਹੋ ਗਿਆ ਹੈ, (ਇਹ ਮੇਲ) ਗੁਰੂ ਪੁਰਖ ਨੇ ਮਿਲਾਇਆ ਹੈ।ਹਰੀ ਦੇ ਨਾਮ ਨੂੰ ਧਿਆ ਕੇ ਇਸ ਤਰ੍ਹਾਂ ਮਨ ਪਵਿਤ੍ਰ ਹੋ ਜਾਂਦਾ ਹੈ।੧੭।

ਪਦਾਰਥ = ਜਿ–ਜਿਹੜਾ (ਮਨੁੱਖ)।ਸਾਲਾਹੇ–ਸਲਾਹੁੰਦਾ ਹੈ।ਸੋ–ਉਹ।ਸਚੁ–ਸੱਚੇ ਪ੍ਰਭੂ ਨੂੰ।ਮੰਨਿ–ਮਨ ਵਿਚ।ਭਇਆ–ਹੋਇਆ। ਚਿਰੀ ਵਿਛੁੰਨਿਆ–ਚਿਰਾਂ ਤੋਂ ਵਿਛੜੇ ਹੋਏ ਦਾ।ਗੁਰ ਪੁਰਖਿ–ਗੁਰੂ ਪੁਰਖ ਨੇ।ਇਵ–ਇਸ ਤਰ੍ਹਾਂ।ਸੁਧੁ–ਪਵਿਤ੍ਰ।੧੭।

ਸਲੋਕ ਮਃ ੧ ॥ ਕਾਇਆ ਕੂਮਲ ਫੁਲ ਗੁਣ, ਨਾਨਕ ਗੁਪਸਿ ਮਾਲ ॥ ਏਨੀ ਫੁਲੀ ਰਉ ਕਰੇ, ਅਵਰ ਕਿ ਚੁਣੀਅਹਿ ਡਾਲ ॥੧॥ (ਜਿਵੇਂ ਫੁੱਲਾਂ ਦੀ ਮਾਲਾ ਬਣਾ ਕੇ ਮੂਰਤੀਆਂ ਨੂੰ ਭੇਟਾ ਕਰਕੇ ਪੂਜਾ ਕੀਤੀ ਜਾਂਦੀ ਹੈ।ਪ੍ਰਭੂ ਦੀ ਪੂਜਾ ਕਿਵੇਂ ਕੀਤੀ ਜਾ ਸਕਦੀ ਹੈ, ਕੀ ਉਹ ਫੁੱਲਾਂ ਦੀ ਮਾਲਾ ਬਣਾ ਕੇ ਚੜ੍ਹਾਉਣ ਨਾਲ ਖੁਸ਼ ਹੋ ਜਾਂਦਾ ਹੈ?) ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਸਰੀਰ ਨੂੰ ਕਰੂੰਬਲਾਂ ਤੇ (ਸਤ ਸੰਤੋਖ ਆਦਿ) ਗੁਣਾਂ ਨੂੰ ਫੁੱਲ ਬਣਾ ਕੇ ਮਾਲਾ ਗੁੰਦਦਾ ਹੈ।ਇਨ੍ਹਾਂ ਫੁੱਲਾਂ ਦੀ ਬਣਾਈ ਮਾਲਾ (ਦੀ ਭੇਟਾ) ਪ੍ਰਭੂ ਪਸੰਦ ਕਰਦਾ ਹੈ, ਫਿਰ ਹੋਰ ਡਾਲੀਆਂ ਤੋਂ ਫੁੱਲ ਚੁਣਨ ਕੀ ਲੋੜ ਹੈ?।੧।

ਮਹਲਾ ੨ ॥ ਨਾਨਕ ਤਿਨਾ ਬਸੰਤੁ ਹੈ, ਜਿਨ ਘਰਿ ਵਸਿਆ ਕੰਤੁ ॥ ਜਿਨ ਕੇ ਕੰਤ ਦਿਸਾ ਪੁਰੀ, ਸੇ ਅਹਿ ਨਿਸਿ ਫਿਰਹਿ ਜਲੰਤ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ (ਜੀਵ ਇਸਤ੍ਰੀਆਂ) ਦਾ ਪਤੀ (ਉਨ੍ਹਾਂ ਦੇ) ਘਰ ਵਿਚ ਵਸਦਾ ਹੈ, ਉਨ੍ਹਾਂ ਲਈ ਸਦਾ ਹੀ ਬਹਾਰ ਦੀ ਰੁੱਤ ਹੈ।(ਪਰ) ਜਿਨ੍ਹਾਂ (ਜੀਵ ਇਸਤ੍ਰੀਆਂ) ਦੇ ਪਤੀ ਪਰਦੇਸ ਵਿਚ ਗਏ ਹੋਏ ਹਨ, ਉਹ ਦਿਨ ਰਾਤ ਸੜਦੀਆਂ ਫਿਰਦੀਆਂ ਹਨ (ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਪ੍ਰਗਟ ਹੋ ਗਿਆ ਹੈ, ਉਨ੍ਹਾਂ ਨੂੰ ਸਦਾ ਅਨੰਦ ਬਣਿਆ ਰਹਿੰਦਾ ਹੈ।ਪਰ ਜਿਨ੍ਹਾਂ ਨੇ ਪ੍ਰਭੂ ਨੂੰ ਅਪਣੇ ਤੋਂ ਦੂਰ ਜਾਣਿਆ ਹੈ, ਉਹ ਸਦਾ ਦੁਖੀ ਰਹਿੰਦੇ ਹਨ)।੨।

ਪਦਾਰਥ = ਕਾਇਆ–ਸਰੀਰ।ਕੂਮਲ–ਕਰੂੰਬਲਾਂ (ਬੂਟੇ ਦੀ ਨਵੀਂ ਫੁੱਟੀ ਟਾਹਣੀ)।ਗੁਪਸਿ–ਗੁੰਦਦਾ ਹੈ।ਮਾਲ–ਮਾਲਾ; ਹਾਰ।ਏਨੀ ਫੁਲੀ–ਇਨ੍ਹਾਂ ਫੁੱਲਾਂ ਦੀ।ਰਉ ਕਰੇ–ਰੁਖ (ਇੱਛਾ; ਪਸੰਦ) ਕਰਦਾ ਹੈ।ਅਵਰ–ਹੋਰ।ਕਿ–ਕੀ।ਡਾਲ–ਟਾਹਣੀਆਂ।੧।ਤਿਨਾ–ਉਨ੍ਹਾਂ ਲਈ।ਬਸੰਤੁ–ਬਹਾਰ ਦੀ ਰੁੱਤ; ਅਨੰਦ।ਜਿਨ ਘਰਿ–ਜਿਨ੍ਹਾਂ ਦੇ ਘਰ ਵਿਚ।ਕੰਤੁ–ਪਤੀ।ਦਿਸਾ ਪੁਰੀ–ਪਰਦੇਸ ਵਿਚ।ਸੇ–ਉਹ। ਅਹਿ–ਦਿਨ।ਨਿਸਿ–ਰਾਤ।ਫਿਰਹਿ ਜਲੰਤ–ਸੜਦੀਆਂ ਫਿਰਦੀਆਂ ਹਨ।੨।

ਪਉੜੀ ॥ ਆਪੇ ਬਖਸੇ ਦਇਆ ਕਰਿ, ਗੁਰ ਸਤਿਗੁਰ ਬਚਨੀ ॥ ਅਨਦਿਨੁ ਸੇਵੀ ਗੁਣ ਰਵਾ, ਮਨੁ ਸਚੈ ਰਚਨੀ ॥ ਪ੍ਰਭੁ ਮੇਰਾ ਬੇਅੰਤੁ ਹੈ, ਅੰਤੁ ਕਿਨੈ ਨ ਲਖਨੀ ॥ ਸਤਿਗੁਰ ਚਰਣੀ ਲਗਿਆ, ਹਰਿ ਨਾਮੁ ਨਿਤ ਜਪਨੀ ॥ ਜੋ ਇਛੈ ਸੋ ਫਲੁ ਪਾਇਸੀ, ਸਭਿ ਘਰੈ ਵਿਚਿ ਜਚਨੀ ॥੧੮॥ (ਹੇ ਭਾਈ!) ਪੂਜਨੀਕ ਸਤਿਗੁਰੂ ਦੇ ਬਚਨਾਂ ਦੁਆਰਾ ਪ੍ਰਭੂ ਆਪ ਹੀ ਦਇਆ ਕਰਕੇ ਬਖਸ਼ਿਸ਼ ਕਰਦਾ ਹੈ; ਪ੍ਰਭੂ ਆਪ ਹੀ ਦਇਆ ਕਰਕੇ ਪੂਜਨੀਕ ਸਤਿਗੁਰੂ ਦੇ ਬਚਨਾਂ ਅਨੁਸਾਰ ਚੱਲਣ ਦੀ ਬਖੀਸ਼ਸ਼ ਕਰਦਾ ਹੈ।ਮੈਂ ਹਰ ਰੋਜ ਗੁਰੂ ਦੀ ਸੇਵਾ ਕਰਦਾ ਹਾਂ ਅਤੇ ਪ੍ਰਭੂ ਗੁਣ ਚੇਤੇ ਕਰਦਾ ਹਾਂ, ਤਾਂ ਕਿ ਮੇਰਾ ਮਨ ਸੱਚੇ ਨਾਮ ਵਿਚ ਰਚਿਆ ਰਹੇ।ਮੇਰਾ ਪ੍ਰਭੂ ਬੇਅੰਤ ਹੈ,

ਕਿਸੇ ਨੇ ਵੀ (ਉਸ ਦਾ) ਅੰਤ ਨਹੀਂ ਜਾਣਿਆ।(ਉਸ ਨੂੰ ਕਿਵੇਂ ਜਾਣਿਆ ਜਾਂਦਾ ਹੈ?) ਸਤਿਗੁਰੂ ਦੇ ਚਰਨੀਂ ਲੱਗਿਆਂ ਹਰੀ ਦਾ ਨਾਮ ਨਿੱਤ ਜਪਣ ਨਾਲ (ਉਸ ਦਾ) ਗਿਆਨ ਪ੍ਰਾਪਤ ਹੁੰਦਾ ਹੈ।(ਨਾਮ ਜਪਣ ਵਾਲਾ ਮਨੁੱਖ) ਜੋ ਇੱਛਾ ਕਰਦਾ ਹੈ, ਉਹ ਫਲ ਪਾ ਲੈਂਦਾ ਹੈ ਅਤੇ (ਉਸ ਦੀਆਂ) ਸਾਰੀਆਂ ਲੋੜਾਂ ਘਰ ਵਿਚ ਹੀ ਪੂਰੀਆਂ ਹੋ ਜਾਂਦੀਆਂ ਹਨ।੧੮।

ਪਦਾਰਥ = ਬਚਨੀ-ਬਚਨਾਂ ਦੁਆਰਾ।ਅਨਦਿਨੁ-ਹਰ ਰੋਜ।ਸੇਵੀ-ਸੇਵਾ ਕਰਦਾ ਹਾਂ।ਰਵਾ-ਉਚਾਰਾਂ; ਚੇਤੇ ਕਰਾਂ।ਸਚੈ ਰਚਨੀ-ਸੱਚੇ ਨਾਮ ਵਿਚ ਰਚਿਆ (ਜੁੜਿਆ) ਰਹੇ।ਕਿਨੈ-ਕਿਸੇ ਨੇ।ਲਖਨੀ-ਜਾਣਿਆ।ਨਿਤ-ਹਰ ਰੋਜ।ਜਪਨੀ-ਜਪਣ ਨਾਲ।ਸੋ-ਉਹ। ਪਾਇਸੀ-ਪਾ ਲੈਂਦਾ ਹੈ।ਸਭਿ ਜਚਨੀ-ਸਾਰੀਆਂ ਮੰਗਾਂ।੧੮।

ਸਲੋਕ ਮਃ ੧ ॥ ਪਹਿਲ ਬਸੰਤੈ ਆਗਮਨਿ, ਪਹਿਲਾ ਮਉਲਿਓ ਸੋਇ ॥ ਜਿਤੁ ਮਉਲਿਐ ਸਭ ਮਉਲੀਐ, ਤਿਸਹਿ ਨ ਮਉਲਿਹੁ ਕੋਇ ॥੧॥ ਪ੍ਰਭੂ ਬਸੰਤ ਰੁੱਤ ਦੇ ਆਉਣ ਤੋਂ ਪਹਿਲਾਂ ਦਾ ਹੈ, (ਸਭ ਤੋਂ) ਪਹਿਲਾਂ ਉਹ ਪ੍ਰਭੂ ਹੀ ਖਿੜਿਆ ਹੈ (ਉਸ ਦੇ ਖਿੜਾਉ ਤੋਂ ਹੀ ਬਸੰਤ ਖਿੜਦੀ ਹੈ)।ਜਿਸ ਪ੍ਰਭੂ ਦੇ ਖਿੜਨ ਨਾਲ ਸਾਰੀ ਸ੍ਰਿਸਟੀ ਖਿੜਦੀ ਹੈ, (ਪਰ) ਉਸ ਨੂੰ ਕੋਈ ਨਹੀਂ ਖਿੜਾਉਂਦਾ।੧।

ਮਃ ੨ ॥ ਪਹਿਲ ਬਸੰਤੈ ਆਗਮਨਿ, ਤਿਸ ਕਾ ਕਰਹੁ ਬੀਚਾਰੁ ॥ ਨਾਨਕ ਸੋ ਸਾਲਾਹੀਐ, ਜਿ ਸਭਸੈ ਦੇ ਆਧਾਰੁ ॥੨॥ (ਹੇ ਭਾਈ!) ਜਿਸ ਪ੍ਰਭੂ ਦਾ ਆਉਣਾ ਬਸੰਤ ਰੁੱਤ ਦੇ ਆਉਣ ਤੋਂ ਵੀ ਪਹਿਲਾਂ ਦਾ ਹੈ (ਪ੍ਰਭੂ ਸਭ ਦਾ ਮੁੱਢ ਹੈ), ਉਸ ਦਾ ਵਿਚਾਰ ਕਰੋ ।ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੂੰ ਸਲਾਹੁਣਾ ਚਾਹੀਦਾ ਹੈ, ਜਿਹੜਾ ਸਭ ਨੂੰ ਆਸਰਾ ਦੇਂਦਾ ਹੈ।੨।

ਸਾਰੰਸ਼ = ਦੁਨੀਆਂ ਹਰੀ ਭਰੀ ਦੇਖ ਕੇ ਅਸੀਂ ਉਸ ਵਿਚ ਲਗ ਜਾਂਦੇ ਹਾਂ, ਪਰ ਸਾਨੂੰ ਚਾਹੀਦਾ ਹੈ ਕਿ ਜਿਹੜਾ ਹਰੀ ਸਾਰੀ ਸ੍ਰਿਸਟੀ ਨੂੰ ਹਰਾ ਭਰਾ (ਪ੍ਰਫੁੱਲਿਤ) ਕਰਦਾ ਹੈ, ਉਸ ਦਾ ਸਿਮਰਨ ਕਰੀਏ।

ਮਃ ੨ ॥ ਮਿਲਿਐ ਮਿਲਿਆ ਨਾ ਮਿਲੈ, ਮਿਲੈ ਮਿਲਿਆ ਜੇ ਹੋਇ ॥ ਅੰਤਰ ਆਤਮੈ ਜੋ ਮਿਲੈ, ਮਿਲਿਆ ਕਹੀਐ ਸੋਇ ॥੩॥ (ਹੇ ਭਾਈ! ਕਿਸੇ ਜੀਵ ਦੇ ਨਿਰੇ ਉਤੋਂ ਉਤੋਂ) ਮਿਲਣ ਨਾਲ ਮਿਲਿਆ ਹੋਇਆ ਨਹੀਂ ਮਿਲ ਸਕਦਾ (ਦੋਹਾਂ ਦਾ ਆਪਸ ਵਿਚ ਸੱਚਾ ਮੇਲ ਨਹੀਂ ਹੁੰਦਾ), ਮਿਲਦਾ ਉਹ ਹੈ, ਜੇ ਸੱਚੀ ਮੁੱਚੀ ਮਿਲਿਆ ਹੋਵੇ।ਜੋ (ਮਨੁੱਖ) ਅੰਦਰੋਂ ਆਤਮਾ ਤੋਂ ਮਿਲਿਆ ਹੋਵੇ, ਉਹ ਹੀ ਮਿਲਿਆ ਹੋਇਆ ਕਹਿ ਸਕੀਦਾ ਹੈ।੩।ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ।(੭੨੯)

ਪਦਾਰਥ = ਪਹਿਲ-ਪਹਿਲਾਂ।ਆਗਮਨਿ-ਆਉਣਾ।ਮਉਲਿਓ-ਖਿੜਿਆ ਹੈ।ਸੋਇ-ਉਹ ਹੀ।ਜਿਤੁ-ਜਿਸ ਦੇ।ਮਉਲਿਐ-ਖਿੜਨ ਨਾਲ।ਮਉਲੀਐ-ਖਿੜਦੀ ਹੈ।ਤਿਸਹਿ-ਉਸ ਨੂੰ।ਨ ਮਉਲਿਹੁ-ਖਿੜਾਉਂਦਾ ਨਹੀਂ (ਹਰਾ ਭਰਾ ਨਹੀਂ ਕਰਦਾ)।੧।ਸੋ ਸਾਲਾਹੀਐ-ਉਸ ਨੂੰ ਸਲਾਹੁਣਾ ਚਾਹੀਦਾ ਹੈ।ਜਿ-ਜਿਹੜਾ।ਸਭਸੈ-ਸਭ ਨੂੰ।ਦੇ-ਦੇਂਦਾ ਹੈ।ਆਧਾਰੁ-ਆਸਰਾ।੨।ਮਿਲਿਐ-ਮਿਲਣ ਨਾਲ। ਅੰਤਰ ਆਤਮੈ-ਅੰਦਰੋਂ ਆਤਮਾ ਤੋਂ।ਸੋਇ-ਉਹ ਹੀ।੩।

ਪਉੜੀ ॥ ਹਰਿ ਹਰਿ ਨਾਮੁ ਸਲਾਹੀਐ, ਸਚੁ ਕਾਰ ਕਮਾਵੈ ॥ ਦੂਜੀ ਕਾਰੈ ਲਗਿਆ, ਫਿਰਿ ਜੋਨੀ ਪਾਵੈ ॥ ਨਾਮਿ ਰਤਿਆ ਨਾਮੁ ਪਾਈਐ, ਨਾਮੇ ਗੁਣ ਗਾਵੈ ॥ ਗੁਰ ਕੈ ਸਬਦਿ ਸਲਾਹੀਐ, ਹਰਿ ਨਾਮਿ ਸਮਾਵੈ ॥ ਸਤਿਗੁਰ ਸੇਵਾ ਸਫਲ ਹੈ, ਸੇਵਿਐ ਫਲ ਪਾਵੈ ॥੧੯॥ (ਹੇ ਭਾਈ!) ਹਰੀ ਦੇ ਨਾਮ ਨੂੰ ਸਲਾਹੁਣਾ ਚਾਹੀਦਾ ਹੈ, (ਜੋ ਮਨੁੱਖ ਸਲਾਹੁੰਦਾ ਹੈ, ਉਹ) ਸੱਚੀ ਸੇਵਾ ਭਗਤੀ ਕਰਦਾ ਹੈ। (ਕਿਸੇ) ਦੂਜੇ ਦੀ ਸੇਵਾ ਵਿਚ ਲੱਗਿਆਂ (ਜੀਵ) ਮੁੜ ਮੁੜ ਜੋਨੀਆਂ ਵਿਚ ਪੈਂਦਾ ਹੈ।ਹਰੀ ਦੇ ਨਾਮ ਵਿਚ ਜੁੜਿਆਂ ਹੀ ਨਾਮ ਪਾਈਦਾ ਹੈ, (ਨਾਮ ਵਿਚ ਜੁੜਿਆ ਮਨੁੱਖ) ਨਾਮ ਦੇ ਹੀ ਗੁਣ ਗਾਉਂਦਾ ਹੈ।(ਜੇ ਪ੍ਰਭੂ ਨੂੰ) ਗੁਰੂ ਦੇ ਸ਼ਬਦ ਰਾਹੀਂ ਸਲਾਹੀਏ, (ਤਾਂ ਮਨੁੱਖ) ਹਰੀ ਦੇ ਨਾਮ ਵਿਚ ਲੀਨ ਰਹਿੰਦਾ ਹੈ।ਸਤਿਗੁਰੂ ਦੀ ਸੇਵਾ ਕਰਨੀ ਸਫਲ ਹੈ, (ਸਤਿਗੁਰੂ ਦੀ) ਸੇਵਾ ਕਰਨ ਨਾਲ ਹੀ (ਮਨੁੱਖ ਮਨ ਇੱਛਤ) ਫਲ ਪਾਉਂਦਾ ਹੈ।੧੯।

ਪਦਾਰਥ = ਕਾਰ ਕਮਾਵੈ-ਸੇਵਾ ਭਗਤੀ ਕਰਦਾ ਹੈ।ਦੂਜੀ ਕਾਰੈ-ਕਿਸੇ ਦੂਜੇ ਦੀ ਸੇਵਾ ਵਿਚ।ਫਿਰਿ-ਮੁੜ ਕੇ।ਜੋਨੀ ਪਾਵੈ-ਜੋਨੀਆਂ ਵਿਚ ਪੈਂਦਾ ਹੈ।ਨਾਮਿ ਰਤਿਆ-ਨਾਮ ਵਿਚ ਜੁੜਿਆਂ।ਸਮਾਵੈ-ਲੀਨ ਰਹਿੰਦਾ ਹੈ।ਸੇਵਿਐ-ਸੇਵਾ ਕਰਨ ਨਾਲ।੧੯।

ਸਲੋਕ ਮਃ ੨ ॥ ਕਿਸ ਹੀ ਕੋਈ ਕੋਇ, ਮੰਞੁ ਨਿਮਾਣੀ ਇਕੁ ਤੂ ॥ (ਹੇ ਪ੍ਰਭੂ!) ਕਿਸੇ ਦਾ ਕੋਈ ਆਸਰਾ ਹੈ, ਕਿਸੇ ਦਾ ਕੋਈ ਆਸਰਾ ਹੈ (ਸਭ ਨੂੰ ਕਿਸੇ ਨਾ ਕਿਸੇ ਦਾ ਆਸਰਾ ਹੈ, ਪਰ) ਮੈਂ ਨਿਮਾਣੀ ਦਾ ਆਸਰਾ ਇਕ ਤੂੰ ਹੀ ਹੈਂ।

ਕਿਉ ਨ ਮਰੀਜੈ ਰੋਇ, ਜਾ ਲਗੁ ਚਿਤਿ ਨ ਆਵਹੀ ॥੧॥ ਜਦ ਤਕ (ਤੂੰ ਮੇਰੇ) ਚਿਤ ਵਿਚ ਯਾਦ ਨਹੀਂ ਆਉਂਦਾ, ਤਦ ਤਕ ਮੈਂ ਕਿਉਂ ਨਾ ਰੋ ਰੋ ਕੇ ਮਰ ਜਾਵਾਂ।੧।ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।ਅੰਗ ੮੩

ਮਃ ੨ ॥ ਜਾਂ ਸੁਖੁ ਤਾ ਸਹੁ ਰਾਵਿਓ, ਦੁਖਿ ਭੀ ਸੰਮ੍ਾਲਿਓਇ ॥ ਨਾਨਕੁ ਕਹੈ ਸਿਆਣੀਏ, ਇਉ ਕੰਤ ਮਿਲਾਵਾ ਹੋਇ ॥੨॥ ਨਾਨਕ ਗੁਰੂ ਜੀ ਸਿੱਖਿਆ ਦੇਂਦੇ ਹਨ ਕਿ ਹੇ ਸਿਆਣੀ ਜੀਵ ਇਸਤ੍ਰੀਏ! ਜਦੋਂ ਸੁਖ ਹੋਵੇ, ਤਾਂ ਵੀ ਪਤੀ ਪ੍ਰਮੇਸਰ ਨੂੰ ਉਚਾਰਨ ਕਰ ਅਤੇ ਦੁਖ ਵਿਚ ਵੀ (ਉਸ ਨੂੰ) ਯਾਦ ਕਰਦੀ ਰਹੁ। ਇਸ ਤਰ੍ਹਾਂ ਪਤੀ ਪ੍ਰਮੇਸਰ ਨਾਲ ਮਿਲਾਪ ਹੋ ਜਾਂਦਾ ਹੈ।੨।

ਪਉੜੀ ॥ ਹਉ ਕਿਆ ਸਾਲਾਹੀ ਕਿਰਮ ਜੰਤੁ ,ਵਡੀ ਤੇਰੀ ਵਡਿਆਈ ॥ ਤੂ ਅਗਮ ਦਇਆਲੁ ਅਗੰਮੁ ਹੈ, ਆਪਿ ਲੈਹਿ ਮਿਲਾਈ ॥ ਮੈ ਤੁਝ ਬਿਨੁ ਬੇਲੀ ਕੋ ਨਹੀ, ਤੂ ਅੰਤਿ ਸਖਾਈ ॥ ਜੋ ਤੇਰੀ ਸਰਣਾਗਤੀ, ਤਿਨ ਲੈਹਿ ਛਡਾਈ ॥ ਨਾਨਕ ਵੇਪਰਵਾਹੁ ਹੈ, ਤਿਸੁ ਤਿਲੁ ਨ ਤਮਾਈ ॥੨੦॥ (ਹੇ ਪ੍ਰਭੂ!) ਮੈਂ ਤੁੱਛ ਜਿਹਾ ਜੀਵ ਤੇਰੀ ਕੀ ਸਿਫਤ ਸਲਾਹ ਕਰਾਂ, ਤੇਰੀ ਵਡਿਆਈ (ਦੇਵਤਿਆਂ ਤੇ ਅਵਤਾਰਾਂ ਨਾਲੋਂ ਵੀ) ਵੱਡੀ ਹੈ। ਤੂੰ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਦਿਆਲੂ ਤੇ ਅਥਾਹ ਹੈਂ, (ਮਨੁੱਖ ਨੂੰ ਤੂੰ ਕ੍ਰਿਪਾ ਕਰਕੇ ਅਪਣੇ ਨਾਲ) ਆਪ ਹੀ ਮਿਲਾ ਲੈਂਦਾ ਹੈਂ। ਤੇਰੇ ਬਿਨਾ ਮੇਰਾ ਕੋਈ ਮਿਤ੍ਰ ਨਹੀਂ ਹੈ, ਅੰਤ ਸਮੇਂ ਮੇਰੀ ਸਹਾਇਤਾ ਕਰਨ ਵਾਲਾ ਤੂੰ ਹੀ ਹੈਂ। ਜੋ ਮਨੁੱਖ ਤੇਰੀ ਸ਼ਰਣ ਵਿਚ ਆਉਂਦੇ ਹਨ, ਉਨ੍ਹਾਂ ਨੂੰ ਤੂੰ (ਜਮਾਂ ਤੋਂ) ਛਡਾ ਲੈਂਦਾ ਹੈਂ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਬੇਪ੍ਰਵਾਹ ਹੈ, ਉਸ ਨੂੰ ਤਿਲ ਜਿੰਨਾ ਵੀ ਲਾਲਚ ਨਹੀਂ।੨੦।

ਪਦਾਰਥ = ਕਿਸ ਹੀ-ਕਿਸੇ ਦਾ। ਮੰਞੁ-ਮੈਂ; ਮੈਨੂੰ; ਮੇਰਾ। ਮਰੀਜੈ-ਮਰ ਜਾਵਾਂ। ਰੋਇ-ਰੋ ਰੋ ਕੇ। ਜਾ ਲਗੁ-ਜਦ ਤਕ। ਚਿਤਿ ਨ ਆਵਹੀ-ਚਿਤ ਵਿਚ ਯਾਦ ਨਾ ਆਉਂਦਾ।੧। ਜਾਂ-ਜਦੋਂ। ਤਾ-ਤਾਂ। ਸਹੁ-ਪਤੀ। ਰਾਵਿਓ-ਉਚਾਰਨ ਕਰ। ਸਮ੍ਲਿਓਇ-ਯਾਦ ਕਰਦੀ ਰਹੁ। ਕੰਤ-ਪਤੀ। ਮਿਲਾਵਾ-ਮਿਲਾਪ।੨। ਪਉੜੀ। ਹਉ-ਮੈਂ। ਸਾਲਾਹੀ-ਸਿਫਤ ਸਲਾਹ ਕਰਾਂ। ਕਿਰਮ ਜੰਤੁ-ਤੁੱਛ ਜਿਹਾ ਜੀਵ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਬੇਲੀ-ਮਿਤ੍ਰ। ਕੋ-ਕੋਈ। ਸਖਾਈ-ਸਹਾਇਤਾ ਕਰਨ ਵਾਲਾ। ਸਰਣਾਗਤੀ-ਸ਼ਰਣ ਵਿਚ ਆਉਂਦਾ ਹੈ। ਤਿਨ-ਉਨ੍ਹਾਂ ਨੂੰ। ਤਿਸੁ-ਉਸ ਨੂੰ। ਤਿਲੁ-ਤਿਲ ਦੇ ਦਾਣੇ ਜਿੰਨੀ। ਤਮਾਈ-ਲਾਲਚ।੨੦।

ਇਹ ਵਾਰ ਮਹੱਲਾ ੩ (ਸ੍ਰੀ ਗੁਰੂ ਅਮਰਦਾਸ ਜੀ) ਦੀ ਰਚਨਾ ਹੈ। ਇਸ ਵਾਰ ਦੀਆਂ ਸਾਰੀਆਂ ੨੦ ਪਉੜੀਆਂ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਰਚੀਆਂ ਹੋਈਆਂ ਹਨ।

ਇਸ ਵਾਰ ਵਿਚ ਮਹੱਲਾ ੩ ਦੇ ੧੪ ਸਲੋਕ, ਮਹੱਲਾ ੧ ਦੇ ੨੧ ਸਲੋਕ ਅਤੇ ਮਹੱਲਾ ੨ ਦੇ ੧੧ ਸਲੋਕ ਹਨ।

ਸਲੋਕਾਂ ਦਾ ਕੁਲ ਜੋੜ = ੪੧

ਰਾਗੁ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ ॥ ਕਬੀਰ ਕੇ ੴ ਸਤਿਗੁਰ ਪ੍ਰਸਾਦਿ ॥

ਅਵਤਰਿ ਆਇ ਕਹਾ ਤੁਮ ਕੀਨਾ ॥ ਰਾਮ ਕੋ ਨਾਮੁ ਨ ਕਬਹੂ ਲੀਨਾ ॥੧॥ ਰਾਮ ਨ ਜਪਹੁ ਕਵਨ ਮਤਿ ਲਾਗੇ ॥ ਮਰਿ ਜਇਬੇ ਕਉ ,ਕਿਆ ਕਰਹੁ ਅਭਾਗੇ ॥੧॥ਰਹਾਉ॥ ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ ॥ ਮਰਤੀ ਬਾਰ ਇਕ ਸਰ ਦੁਖੁ ਪਾਇਆ ॥੨॥ ਕੰਠ ਗਹਨ ਤਬ ਕਰਨ ਪੁਕਾਰਾ ॥ ਕਹਿ ਕਬੀਰ ਆਗੇ ਤੇ ਨ ਸੰਮ੍ਾਰਾ ॥੩॥੧॥ (ਹੇ ਭਾਈ!) ਮਨੁੱਖਾ ਜਨਮ ਵਿਚ ਆ ਕੇ ਤੈਂ ਕਿਹੜਾ (ਚੰਗਾ ਕੰਮ) ਕੀਤਾ ਹੈ? ਰਾਮ ਦਾ ਨਾਮ ਤੈਂ ਕਦੇ ਨਹੀਂ ਲਿਆ (ਜਪਿਆ)।੧। (ਹੇ ਭਾਈ! ਤੁਸੀਂ) ਰਾਮ ਦਾ ਨਾਮ ਨਹੀਂ ਜਪਦੇ, ਕਿਹੜੀ ਖੋਟੀ ਮੱਤ ਵਿਚ ਲੱਗੇ ਹੋਏ ਹੋ? ਹੇ ਅਭਾਗੇ ਬੰਦਿਓ! ਮਰ ਕੇ (ਪ੍ਰਲੋਕ ਨੂੰ) ਜਾਣ ਦੇ ਸਮੇਂ ਲਈ ਤੁਸੀਂ ਕੀ ਉਪਾਉ ਕਰ ਰਹੇ ਹੋ? (ਓਦੋਂ ਤੁਹਾਥੋਂ ਕੁਛ ਨਹੀਂ ਹੋ ਸਕੇਗਾ)।੧। ਰਹਾਉ। (ਹੇ ਭਾਈ!) ਤੂੰ ਦੁਖ ਸੁਖ ਵਾਲੇ ਕੰਮ ਕਰਕੇ ਅਪਣੇ ਪ੍ਰਵਾਰ ਨੂੰ ਪਾਲਿਆ ਹੈ। ਮਰਨ ਵੇਲੇ (ਤੈਨੂੰ ਅਪਣੇ ਪਾਪਾਂ ਦਾ) ਇਕੱਲਿਆ ਹੀ ਦੁਖ ਸਹਿਣਾ ਪਏਗਾ।੨। (ਜਦੋਂ ਤੈਨੂੰ ਜਮ ਦੂਤਾਂ ਨੇ) ਆ ਕੇ ਗਲ ਤੋਂ ਫੜਿਆ, ਤਦ ਤੂੰ (ਸਹਾਇਤਾ ਲਈ) ਕੂਕ ਪੁਕਾਰ ਕਰੇਂਗਾ (ਉਦੋਂ ਕਿਸੇ ਨੇ ਸਹਾਇਤਾ ਨਹੀਂ ਕਰਨੀ)। ਕਬੀਰ ਜੀ ਕਹਿੰਦੇ ਹਨ ਕਿ (ਹੇ ਭਾਈ! ਜਮਦੂਤਾਂ ਤੋਂ ਬਚਣ ਲਈ) ਤੈਂ ਪਹਿਲਾਂ ਤੋਂ ਹੀ ਪ੍ਰਮਾਤਮਾ ਨੂੰ ਯਾਦ ਕਿਉਂ ਨਹੀਂ ਕੀਤਾ?।੩।

ਪਦਾਰਥ = ਤਥਾ-ਅਤੇ। ਕਬੀਰ ਕੇ-ਕਬੀਰ ਜੀ ਦੇ ਸ਼ਬਦ। ਅਵਤਰਿ-ਮਨੁੱਖਾ ਜਨਮ ਵਿਚ; ਹੇ ਔਤਰੇ (ਸੰਤਾਨ ਰਹਿਤ; ਨਿਪੁੱਤੇ)! ਤੈਂ ਸੰਸਾਰ ਵਿਚ ਆ ਕੇ ਕੀ ਕੀਤਾ ਹੈ?। ਆਇ-ਆ ਕੇ। ਕਹਾ-ਕਿਹੜਾ। ਕੀਨਾ-ਕੀਤਾ ਹੈ। ਰਾਮ ਕੋ-ਪ੍ਰਮਾਤਮਾ ਦਾ। ਕਬਹੂ-ਕਦੇ। ਲੀਨਾ-ਲਿਆ (ਜਪਿਆ)।੧। ਨ ਜਪਹੁ-ਨਹੀਂ ਜਪਦੇ। ਕਵਨ-ਕਿਹੜੀ। ਮਤਿ-ਅਕਲ; ਸਿੱਖਿਆ। ਮਰਿ ਜਇਬੇ ਕਉ-ਮਰ ਜਾਣ ਦੇ ਸਮੇਂ ਲਈ। ਕਰਹੁ-ਕਰ ਰਹੇ ਹੋ। ਅਭਾਗੇ-ਹੇ ਭਾਗ ਹੀਣ ਮਨੁੱਖ!।੧। ਰਹਾਉ। ਦੁਖੁ ਸੁਖੁ ਕਰਿ ਕੈ-ਦੁਖ ਸੁਖ ਸਹਾਰ ਕੇ। ਕੁਟੰਬੁ-ਪ੍ਰਵਾਰ। ਜੀਵਾਇਆ-ਪਾਲਣ ਪੋਸਣ ਕੀਤਾ। ਮਰਤੀ ਬਾਰ-ਮਰਨ ਵੇਲੇ। ਇਕ ਸਰ-ਇਕੱਲਿਆਂ ਹੀ; ਇਕੋ ਜਿਹਾ (ਮ. ਕੋ.)।੨। ਕੰਠ ਗਹਨ-ਗਲ ਤੋਂ ਫੜਿਆ; ਸੰਘ ਘੁੱਟਿਆ। ਤਬ-ਤਦ। ਕਰਨ ਪੁਕਾਰਾ-ਕੂਕ ਪੁਕਾਰ ਕਰੇਂਗਾ; ਰੋਣ ਪਿਟਣ ਦਾ

(ਕੋਈ ਲਾਭ ਨਹੀਂ)।ਆਗੇ ਤੇ-ਪਹਿਲਾਂ ਤੋਂ।ਨ ਸਮ੍ਾਰਾ-ਯਾਦ ਨਹੀਂ ਕੀਤਾ।੩।੧।

ਸੂਹੀ ਕਬੀਰ ਜੀ ॥ ਥਰਹਰ ਕੰਪੈ ਬਾਲਾ ਜੀਉ ॥ ਨਾ ਜਾਨਉ ਕਿਆ ਕਰਸੀ ਪੀਉ ॥੧॥ ਰੈਨਿ ਗਈ ਮਤ ਦਿਨੁ ਭੀ ਜਾਇ ॥ ਭਵਰ ਗਏ ਬਗ ਬੈਠੇ ਆਇ ॥੧॥ਰਹਾਉ॥ ਕਾਚੈ ਕਰਵੈ ਰਹੈ ਨ ਪਾਨੀ ॥ ਹੰਸੁ ਚਲਿਆ ਕਾਇਆ ਕੁਮਲਾਨੀ ॥੨॥ ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ ਕਿਉ ਰਲੀਆ ਮਾਨੈ ਬਾਝੁ ਭਤਾਰਾ ॥੩॥ ਕਾਗ ਉਡਾਵਾ ਭੁਜਾ ਪਿਰਾਨੀ ॥ ਕਹਿ ਕਬੀਰ ਇਹ ਕਥਾ ਸਿਰਾਨੀ ॥੪॥੨॥ ਮੈਂ ਬੇ ਸਮਝ ਇਸਤ੍ਰੀ ਦਾ ਦਿਲ ਥਰ ਥਰ ਕੰਬਦਾ ਹੈ।ਮੈਂ ਨਹੀਂ ਜਾਣਦੀ ਕਿ (ਮਰਨ ਤੋਂ ਬਾਦ ਪ੍ਰਲੋਕ ਵਿਚ) ਪਤੀ ਪ੍ਰਭੂ ਮੇਰਾ ਕੀ ਹਾਲ ਕਰੇਗਾ?।੧।(ਕਿਉਂਕਿ ਨਾਮ ਜਪੇ ਬਿਨਾ) ਜਵਾਨ ਅਵਸਥਾ ਰੂਪ ਰਾਤ ਬੀਤ ਗਈ ਹੈ, (ਹੁਣ ਇਹ ਡਰ ਹੈ ਕਿ) ਮਤਾਂ ਬਿਰਧ ਅਸਵਥਾ ਰੂਪ ਦਿਨ ਵੀ ਨਿਸਫਲ ਨਾ ਲੰਘ ਜਾਵੇ।ਭੌਰੇ ਰੂਪ ਕਾਲੇ ਕੇਸ (ਉਡ ਕੇ) ਚਲੇ ਗਏ ਹਨ ,(ਉਨ੍ਹਾਂ ਦੀ ਥਾਂ) ਚਿੱਟੇ ਕੇਸ ਰੂਪ ਬਗਲੇ ਆ ਬੈਠੇ ਹਨ।੧।ਰਹਾਉ।(ਦ੍ਰਿਸਟਾਂਤ ਦੇਂਦੇ ਹਨ ਕਿ ਜਿਵੇਂ) ਮਿਟੀ ਦੇ ਕੱਚੇ ਕੁੱਜੇ ਵਿਚ ਪਾਣੀ ਟਿਕਿਆ ਨਹੀਂ ਰਹਿ ਸਕਦਾ।(ਤਿਵੇਂ ਜਦੋਂ) ਹੰਸ ਰੂਪ ਜੀਵ ਚਲਿਆ ਜਾਂਦਾ ਹੈ, ਤਾਂ ਸਰੀਰ ਮੁਰਝਾ ਜਾਂਦਾ ਹੈ (ਸਰੀਰ ਕੱਚੇ ਭਾਂਡੇ ਵਾਂਗ ਹੈ, ਇਸ ਵਿਚੋਂ ਸੁਆਸ ਨਿਕਲਦੇ ਰਹਿੰਦੇ ਹਨ, ਬੁਢੇਪੇ ਵਿਚ ਸਰੀਰ ਕਮਜੋਰ ਹੋ ਕੇ ਕੁਮਲਾ ਜਾਂਦਾ ਹੈ, ਅਖੀਰ ਜੀਵਾਤਮਾ ਸਰੀਰ ਨੂੰ ਛਡ ਕੇ ਚਲੇ ਜਾਂਦਾ ਹੈ)।੨।ਜਿਸ ਤਰ੍ਹਾਂ ਕੁਆਰੀ ਲੜਕੀ ਸ਼ਿੰਗਾਰ ਕਰਦੀ ਹੈ।(ਪਰ ਉਹ) ਪਤੀ ਦੇ ਮਿਲੇ ਬਿਨਾ ਅਨੰਦ ਕਿਵੇਂ ਮਾਣ ਸਕਦੀ ਹੈ? (ਬੇਸਮਝੀ ਵਿਚ ਧਾਰਮਕ ਕਰਮ ਕਰਕੇ ਮਨੁੱਖ ਪ੍ਰਭੂ ਦੇ ਮਿਲਾਪ ਦਾ ਅਨੰਦ ਨਹੀਂ ਮਾਣ ਸਕਦਾ)।੩।ਕਾਂ ਉਡਾਉਂਦਿਆਂ ਮੇਰੀ ਬਾਂਹ ਥੱਕ ਗਈ ਹੈ।(ਉਮਰ ਬੀਤ ਚੁੱਕੀ ਹੈ, ਪਤੀ ਦੀ ਤਾਂਘ ਕਰਦੀ ਮੈਂ ਥੱਕ ਟੁੱਟ ਗਈ ਹਾਂ)।ਕਬੀਰ ਜੀ ਕਹਿੰਦੇ ਹਨ ਕਿ (ਇਸ ਤਰ੍ਹਾਂ ਜੀਵਨ ਦੀ) ਕਹਾਣੀ ਬੀਤ ਚੱਲੀ ਹੈ।(ਨਾਮ ਸਿਮਰਨ ਛਡ ਕੇ ਮਨਮੁਖ ਜਪ ਤਪ ਤੇ ਹੋਰ ਸਾਧਨ ਕਰਕੇ ਅਪਣਾ ਜੀਵਨ ਨਿਸਫਲ ਗੁਜਾਰ ਦੇਂਦਾ ਹੈ)।੪।੨।

ਪਦਾਰਥ = ਥਰਹਰ-ਥਰ ਥਰ (ਡਰ ਵੇਲੇ ਸਰੀਰ ਦਾ ਹਿਲਣਾ)।ਕੰਪੈ-ਕੰਬਦਾ ਹੈ।ਬਾਲਾ ਜੀਉ-ਬਾਲਕਾ (ਛੋਟਾ) ਦਿਲ; ਬੇ ਸਮਝ (ਪਤੀ ਤੋਂ ਡਰਨ ਤੇ ਸੰਗਣ ਵਾਲੀ) ਇਸਤ੍ਰੀ ਦਾ ਦਿਲ।ਨਾ ਜਾਨਉ-ਮੈਂ ਨਹੀਂ ਜਾਣਦੀ।ਕਰਸੀ-ਕਰੇਗਾ।ਪੀਉ-ਪਤੀ ਪ੍ਰਭੂ। ੧।ਰੈਨਿ-ਰਾਤ (ਜਵਾਨ ਉਮਰ ਜਦੋਂ ਕੇਸ ਕਾਲੇ ਹੁੰਦੇ ਹਨ)।ਮਤ-ਮਤਾਂ; ਕਿਤੇ।ਦਿਨੁ-ਬੁਢੇਪਾ (ਜਦੋਂ ਕੇਸ ਚਿੱਟੇ ਹੋ ਜਾਂਦੇ ਹਨ)। ਜਾਇ-ਲੰਘ ਜਾਵੇ।ਭਵਰ-ਭੌਰੇ (ਕਾਲੇ ਕੇਸ)।ਬਗ-ਬਗਲੇ (ਚਿੱਟੇ ਕੇਸ)।੧।ਰਹਾਉ।ਕਾਚੈ ਕਰਵੈ-ਮਿੱਟੀ ਦੇ ਕੱਚੇ ਕੁੱਜੇ ਵਿਚ। ਰਹੈ ਨ-ਟਿਕਿਆ ਨਹੀਂ ਰਹਿੰਦਾ।ਹੰਸੁ-ਜੀਵਾਤਮਾ।ਕਾਇਆ-ਸਰੀਰ।ਕੁਮਲਾਨੀ-ਕੁਮਲਾ ਜਾਂਦੀ ਹੈ।੨।ਕੁਆਰ-ਕੁਆਰੀ (ਅਣ ਵਿਆਹੀ)।ਕੰਨਿਆ-ਲੜਕੀ।ਕਰਤ-ਕਰਦੀ ਹੈ।ਰਲੀਆ-ਅਨੰਦ।ਮਾਨੈ-ਮਾਣ ਸਕਦੀ ਹੈ।ਬਾਝੁ ਭਤਾਰਾ-ਪਤੀ ਤੋਂ ਬਿਨਾ।੩। ਕਾਗ ਉਡਾਵਤ-ਕਾਂ ਉਡਾਉਂਦਿਆਂ (ਉਡੀਕ ਕਰਦਿਆਂ।ਅਪਣੇ ਵਿਛੜੇ ਸਬੰਧੀ ਦੀ ਤਾਂਘ ਵਿਚ ਕਾਂ ਉਡਾਉਣਾ ਇਕ ਪੁਰਾਣਾ ਸ਼ਗਨ ਮੰਨਿਆ ਜਾਂਦਾ ਹੈ); ਕਾਮਾਦਿਕ ਕਾਂ ਉਡਾਉਂਦਿਆਂ।ਭੁਜਾ-ਬਾਂਹ; ਬੁੱਧੀ ਰੂਪ ਬਾਂਹ।ਪਿਰਾਨੀ-ਥਕ ਗਈ; ਦੁਖਣ ਲਗ ਪਈ ।ਕਥਾ-(ਉਮਰ ਦੀ) ਕਹਾਣੀ।ਸਿਰਾਨੀ-ਬੀਤ ਚੱਲੀ ਹੈ।੪।੨।

ਉਥਾਨਕਾ = ਜਿਵੇਂ ਪੁਲਿਸ ਕਿਸੇ ਮੁਜਰਮ ਨੂੰ ਗ੍ਰਿਫਤਾਰ ਕਰਨ ਉਸ ਦੇ ਘਰ ਜਾਂਦੀ ਹੈ, ਅੱਗੋਂ ਮੁਜਰਮ ਪੁਲਿਸ ਨੂੰ ਕਹਿੰਦਾ ਹੈ ਕਿ ਮੈਨੂੰ ਅੱਜ ਦੀ ਰਾਤ ਗ੍ਰਿਫਤਾਰ ਨਾ ਕਰੋ, ਕਿਉਂਕਿ ਮੇਰਾ ਇਸ ਪਿੰਡ ਵਿਚ ਕੁਝ ਲੋਕਾਂ ਨਾਲ ਲੈਣ ਦੇਣ ਰਹਿੰਦਾ ਹੈ।ਮੈਂ ਅੱਜ ਰਾਤ ਨੂੰ ਉਹ ਸਾਰਾ ਕੰਮ ਨਿਬੇੜ ਲਵਾਂਗਾ, ਤੇ ਸਵੇਰ ਹੁੰਦੇ ਹੀ ਮੈਂ ਤੁਹਾਡੇ ਨਾਲ ਚੱਲ ਪਵਾਂਗਾ।ਉਹ ਦ੍ਰਿਸਟਾਂਤ ਦੇਂਦੇ ਹੋਏ ਕਬੀਰ ਜੀ ਮਨੁੱਖ ਦੇ ਮਰਨ ਵੇਲੇ ਦਾ ਹਾਲ ਉਚਾਰਦੇ ਹਨ।

ਸੂਹੀ ਕਬੀਰ ਜੀਉ ॥ ਅਮਲੁ ਸਿਰਾਨੋ ਲੇਖਾ ਦੇਨਾ ॥ ਆਏ ਕਠਿਨ ਦੂਤ ਜਮ ਲੇਨਾ ॥ ਕਿਆ ਤੈ ਖਟਿਆ ਕਹਾ ਗਵਾਇਆ ॥ ਚਲਹੁ ਸਿਤਾਬ, ਦੀਬਾਨਿ ਬੁਲਾਇਆ ॥੧॥ ਚਲੁ ਦਰਹਾਲੁ ,ਦੀਵਾਨਿ ਬੁਲਾਇਆ ॥ ਹਰਿ ਫੁਰਮਾਨੁ ਦਰਗਹ ਕਾ ਆਇਆ ॥੧॥ ਰਹਾਉ॥ ਕਰਉ ਅਰਦਾਸਿ ਗਾਵ ਕਿਛੁ ਬਾਕੀ ॥ ਲੇਉ ਨਿਬੇਰਿ ਆਜੁ ਕੀ ਰਾਤੀ ॥ ਕਿਛੁ ਭੀ ਖਰਚੁ ਤੁਮ੍ਾਰਾ ਸਾਰਉ ॥ ਸੁਬਹ ਨਿਵਾਜ ਸਰਾਇ ਗੁਜਾਰਉ ॥੨॥ ਸਾਧ ਸੰਗਿ ਜਾ ਕਉ ਹਰਿ ਰੰਗੁ ਲਾਗਾ ॥ ਧਨੁ ਧਨੁ ਸੋ ਜਨੁ ਪੁਰਖੁ ਸਭਾਗਾ ॥ ਈਤ ਊਤ ਜਨ ਸਦਾ ਸੁਹੇਲੇ ॥ ਜਨਮੁ ਪਦਾਰਥੁ ਜੀਤਿ ਅਮੋਲੇ ॥੩॥ ਜਾਗਤੁ ਸੋਇਆ ਜਨਮੁ ਗਵਾਇਆ ॥ ਮਾਲੁ ਧਨੁ ਜੋਰਿਆ ਭਇਆ ਪਰਾਇਆ ॥ ਕਹੁ ਕਬੀਰ ਤੇਈ ਨਰ ਭੂਲੇ ॥ ਖਸਮੁ ਬਿਸਰਿ ਮਾਟੀ ਸੰਗਿ ਰੂਲੇ ॥੪॥੩॥ (ਹੇ ਭਾਈ! ਜਦੋਂ) ਜੀਵਨ ਰੂਪ ਨੌਕਰੀ ਦਾ ਸਮਾਂ ਗੁਜਰ ਗਿਆ (ਭਾਵ ਮੌਤ ਆ ਗਈ, ਓਦੋਂ ਤੈਨੂੰ ਕੀਤੇ ਕਰਮਾਂ ਦਾ) ਲੇਖਾ ਦੇਣਾ ਪਏਗਾ।ਨਿਰਦਈ ਜਮਦੂਤ (ਤੈਨੂੰ)

ਲੈਣ ਆਏ ਹਨ।(ਇਸ ਜੀਵਨ ਵਿਚ) ਤੈਂ ਕੀ ਖੱਟਿਆ ਹੈ ਤੇ (ਅਮੋਲਕ ਸੁਆਸਾਂ ਨੂੰ) ਕਿਥੇ ਗਵਾਇਆ ਹੈ।(ਜਮ ਕਹਿੰਦੇ ਹਨ ਕਿ) ਛੇਤੀ ਚੱਲ, ਤੈਨੂੰ ਧਰਮਰਾਜ ਦੀ ਕਚਹਿਰੀ ਵਿਚ ਬੁਲਾਇਆ ਹੈ।੧।ਇਸੇ ਹਾਲਤ ਵਿਚ (ਛੇਤੀ) ਚੱਲ, ਦੀਵਾਨ (ਧਰਮਰਾਜ) ਨੇ ਬੁਲਾਇਆ।(ਇਹ) ਫੁਰਮਾਣ ਹਰੀ ਦੀ ਦਰਗਾਹ ਦਾ ਆਇਆ ਹੈ (ਕਿਉਂਕਿ ਧਰਮਰਾਜ ਹਰੀ ਦੇ ਅਧੀਨ ਹੈ)।੧।ਰਹਾਉ। (ਜੀਵ ਆਖਦਾ ਹੈ ਕਿ ਹੇ ਜਮਦੂਤੋ!) ਮੈਂ ਬੇਨਤੀ ਕਰਦਾ ਹਾਂ ਕਿ ਕੁਛ ਪਿੰਡਾਂ ਵਿਚ ਮੇਰਾ ਲੈਣ ਦੇਣ ਬਾਕੀ ਰਹਿੰਦਾ ਹੈ।(ਇਹ ਕੰਮ) ਮੈਂ ਅੱਜ ਦੀ ਰਾਤ ਨਿਬੇੜ ਲਵਾਂਗਾ (ਇਸ ਕਰਕੇ ਮੈਨੂੰ ਅੱਜ ਦੀ ਰਾਤ ਰਹਿਣ ਦਿਓ।ਦੇਰੀ ਦੇ ਕਾਰਣ) ਕੁਛ ਖਰਚ ਤੁਹਾਡਾ ਵੀ ਮੈਂ ਪੂਰਾ ਕਰ ਦੇਵਾਂਗਾ (ਕੁਛ ਪੈਸੇ ਤੁਹਾਨੂੰ ਵੀ ਦੇ ਦੇਵਾਂਗਾ।ਲੇਖਾ ਛੇਤੀ ਰਾਤੋ ਰਾਤ ਮੁਕਾ ਕੇ ਤੁਹਾਡੇ ਨਾਲ ਤੁਰ ਪਵਾਂਗਾ ਅਤੇ) ਸੇਵੇਰ ਦੀ ਨਿਵਾਜ ਸਰਾਂ (ਪ੍ਰਲੋਕ ਦੇ ਰਸਤੇ ਦੀ ਪਹਿਲੀ ਮੰਜਲ) ਵਿਚ ਹੀ ਅਦਾ ਕਰ ਲਵਾਂਗਾ।੨।(ਜਮ ਦੂਤ ਗੁਰਮੁਖਾਂ ਦੇ ਨੇੜੇ ਨਹੀਂ ਆਉਂਦੇ।ਹੇ ਭਾਈ!) ਜਿਸ ਨੂੰ ਸਾਧ ਸੰਗਤ ਦੁਆਰਾ ਹਰੀ ਦਾ ਪ੍ਰੇਮ ਲੱਗਾ ਹੈ।ਉਹ ਪੁਰਖ ਧੰਨਤਾ ਦੇ ਯੋਗ ਹੈ ਅਤੇ ਸ੍ਰੇਸ਼ਟ ਭਾਗਾਂ ਵਾਲਾ ਪੁਰਖ ਹੈ।ਉਹ ਪੁਰਖ ਇਥੇ ਉਥੇ (ਲੋਕ ਪ੍ਰਲੋਕ ਵਿਚ) ਸਦਾ ਸੁਖੀ ਰਹਿੰਦੇ ਹਨ।(ਕਿਉਂਕਿ ਉਹ ਅਪਣਾ) ਅਮੋਲਕ ਜਨਮ ਪਦਾਰਥ ਜਿੱਤ ਲੈਂਦੇ ਹਨ।੩।(ਜਿਹੜਾ ਮਨੁੱਖ) ਜਾਗਦਾ ਹੋਇਆ ਵੀ ਮੋਹ ਮਾਇਆ ਦੀ ਨੀਂਦ ਵਿਚ ਸੁੱਤਾ ਪਿਆ ਹੈ, (ਉਸ ਨੇ ਅਪਣਾ) ਮਨੁੱਖਾ ਜਨਮ ਨਿਸਫਲ ਗੁਆ ਲਿਆ ਹੈ।(ਮਨੁੱਖ ਨੇ ਜੋ ਵੀ) ਮਾਲ ਧਨ ਜੋੜਿਆ ਸੀ, (ਅੰਤ ਵੇਲੇ ਉਹ ਸਭ) ਪਰਾਇਆ ਹੋ ਗਿਆ।ਕਬੀਰ ਜੀ ਕਹਿੰਦੇ ਹਨ ਕਿ (ਉਪਰ ਦੱਸੇ) ਉਹ ਮਨੁੱਖ ਭੁੱਲੇ ਫਿਰਦੇ ਹਨ।ਅਤੇ ਮਾਲਕ ਪ੍ਰਭੂ ਨੂੰ ਭੁੱਲ ਕੇ (ਅੰਤ) ਮਿਟੀ ਨਾਲ ਮਿਲ ਜਾਂਦੇ ਹਨ (ਮਿੱਟੀ ਨਾਲ ਮਿਲ ਕੇ ਕੀੜੇ ਮਕੌੜਿਆਂ ਦੀਆਂ ਟੇਢੀਆਂ ਜੂਨਾਂ ਵਿਚ ਪੈਂਦੇ ਹਨ)।੪।੩।

ਪਦਾਰਥ = ਅਮਲੁ–ਅਮਲਦਾਰੀ (ਨੌਕਰੀ ਦਾ ਸਮਾਂ)।ਸਿਰਾਨੋ–ਬੀਤ ਗਿਆ।ਲੇਖਾ–(ਕਰਮਾਂ ਦਾ) ਹਿਸਾਬ।ਦੇਨਾ–ਦੇਣਾ ਪਏਗਾ। ਕਠਿਨ–ਨਿਰਦਈ।ਲੇਨਾ–ਲੈਣ ਆਏ ਹਨ।ਕਹਾ–ਕੀ; ਕਿਥੇ।ਸਿਤਾਬ–ਛੇਤੀ।ਦੀਬਾਨਿ–(ਧਰਮਰਾਜ ਦੀ) ਕਚਹਿਰੀ ਵਿਚ।੧। ਦਰਹਾਲੁ (ਫਾ.)–ਛੇਤੀ; ਹੁਣੇ, ਇਸੇ ਹਾਲਤ ਵਿਚ।ਦੀਵਾਨਿ–ਦਿਵਾਨ (ਧਰਮਰਾਜ) ਨੇ।ਫੁਰਮਾਨੁ–ਹੁਕਮ।ਕਾ–ਦਾ।੧।ਰਹਾਉ। ਕਰਉ ਅਰਦਾਸਿ–ਮੈਂ ਬੇਨਤੀ ਕਰਦਾ ਹਾਂ।ਗਾਵ–ਪਿੰਡ।ਲੇਉ ਨਿਬੇਰਿ–ਮੁਕਾ ਲਵਾਂਗਾ।ਰਾਤੀ–ਰਾਤ।ਸਾਰਉ–ਸਾਰ (ਪੂਰਾ ਕਰ) ਦੇਵਾਂਗਾ।ਸੁਬਹ–ਸਵੇਰ ਦੀ।ਸਰਾਇ–ਸਰਾਂ ਵਿਚ।ਗੁਜਾਰਉ–ਮੈਂ ਅਦਾ ਕਰ (ਪੜ੍ਹ) ਲਵਾਂਗਾ।੨।ਜਾ ਕਉ–ਜਿਸ ਨੂੰ।ਰੰਗੁ–ਪ੍ਰੇਮ। ਸੋ ਜਨੁ–ਉਹ ਪੁਰਖ।ਸਭਾਗਾ–ਸ੍ਰੇਸ਼ਟ ਭਾਗਾਂ ਵਾਲਾ।ਈਤ ਊਤ–ਇੱਥੇ ਉਥੇ (ਲੋਕ ਪ੍ਰਲੋਕ ਵਿਚ)।ਸੁਹੇਲੇ–ਸੁਖੀ।ਅਮੋਲੇ–ਅਮੋਲਕ ।੩।ਜਾਗਤੁ–ਜਾਗਦਾ ਹੋਇਆ।ਮਾਲੁ–ਸੰਪਤੀ, ਜਾਇਦਾਤ ਆਦਿ।ਜੋਰਿਆ–ਜੋੜਿਆ।ਭਇਆ–ਹੋ ਗਿਆ।ਤੇਈ–ਉਹ ਹੀ।ਨਰ –ਮਨੁੱਖ।ਖਸਮੁ–ਮਾਲਕ ਪ੍ਰਭੂ ਨੂੰ।ਬਿਸਾਰਿ–ਭੁੱਲ ਕੇ।ਮਾਟੀ ਸੰਗਿ–ਮਿੱਟੀ ਨਾਲ।ਰੂਲੇ–ਮਿਲ ਗਏ।੪।੩।

ਅੰਗ ੭੯੩ = ਸੂਹੀ ਕਬੀਰ ਜੀਉ ਲਲਿਤ ॥ ਥਾਕੇ ਨੈਨ ਸ੍ਰਵਨ ਸੁਨਿ ਥਾਕੇ, ਥਾਕੀ ਸੁੰਦਰਿ ਕਾਇਆ ॥ ਜਰਾ ਹਾਕ ਦੀ ਸਭ ਮਤਿ ਥਾਕੀ, ਏਕ ਨ ਥਾਕਸਿ ਮਾਇਆ ॥੧॥ ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥ ਬਿਰਥਾ ਜਨਮੁ ਗਵਾਇਆ ॥੧॥ਰਹਾਉ॥ ਤਬ ਲਗੁ ਪ੍ਰਾਨੀ ਤਿਸੈ ਸਰੇਵਹੁ ,ਜਬ ਲਗੁ ਘਟ ਮਹਿ ਸਾਸਾ ॥ ਜੇ ਘਟੁ ਜਾਇ ਤ ਭਾਉ ਨ ਜਾਸੀ, ਹਰਿ ਕੇ ਚਰਨ ਨਿਵਾਸਾ ॥੨॥ ਜਿਸ ਕਉ ਸਬਦੁ ਬਸਾਵੈ ਅੰਤਰਿ, ਚੂਕੈ ਤਿਸਹਿ ਪਿਆਸਾ ॥ ਹੁਕਮੈ ਬੂਝੈ ਚਉਪੜਿ ਖੇਲੈ, ਮਨੁ ਜਿਣਿ ਢਾਲੇ ਪਾਸਾ ॥੩॥ ਜੋ ਜਨ ਜਾਨਿ ਭਜਹਿ ਅਬਿਗਤ ਕਉ ,ਤਿਨ ਕਾ ਕਛੂ ਨ ਨਾਸਾ ॥ ਕਹੁ ਕਬੀਰ ਤੇ ਜਨ ਕਬਹੁ ਨ ਹਾਰਹਿ, ਢਾਲਿ ਜੁ ਜਾਨਹਿ ਪਾਸਾ ॥੪॥ ੪॥ (ਹੇ ਭਾਈ! ਤੇਰੀਆਂ) ਅੱਖਾਂ ਦੇਖਣੋਂ ਰਹਿ ਗਈਆਂ ਹਨ, ਕੰਨ ਸੁਣ ਸੁਣ ਕੇ ਥੱਕ ਗਏ ਹਨ ਅਤੇ ਸੁੰਦਰ ਦੇਹ ਵੀ ਥੱਕ (ਕਮਜੋਰ ਹੋ) ਗਈ ਹੈ।ਜਦ ਬੁੱਢੇਪੇ ਨੇ ਅਵਾਜ ਦਿਤੀ, ਤਾਂ ਸਾਰੀ ਬੁੱਧੀ ਥੱਕ ਗਈ (ਯਾਦ ਸ਼ਕਤੀ ਕਮਜੋਰ ਹੋ ਗਈ, ਪਰ ਤੇਰੀ) ਇਕ ਮਾਇਆ ਦੀ ਪ੍ਰੀਤ ਨਹੀਂ ਥੱਕਦੀ (ਘੱਟ ਨਹੀਂ ਹੋਈ)।੧।ਹੇ ਕਮਲੇ ਮਨੁੱਖ! ਤੈਂ ਗਿਆਨ ਦਾ ਵਿਚਾਰ ਪ੍ਰਾਪਤ ਨਹੀਂ ਕੀਤਾ। (ਜਿਸ ਕਰਕੇ ਤੈਂ ਅਪਣਾ) ਮਨੁੱਖਾ ਜਨਮ ਬਿਰਥਾ ਗਵਾ ਲਿਆ ਹੈ।੧।ਰਹਾਉ।ਹੇ ਪ੍ਰਾਣੀ! ਉਸ ਪ੍ਰਭੂ ਨੂੰ ਓਦੋਂ ਤਕ ਸਿਮਰਦਾ ਰਹੁ ,ਜਦ ਤਕ ਤੇਰੇ ਸਰੀਰ ਵਿਚ ਸੁਆਸ ਹਨ।ਜੇ ਸਰੀਰ ਨਾਸ਼ ਵੀ ਹੋ ਜਾਵੇ, ਤਾਂ ਵੀ ਹਰੀ ਦਾ ਪ੍ਰੇਮ ਨਹੀਂ ਜਾਵੇਗਾ ਅਤੇ (ਇਸ ਪ੍ਰੇਮ ਕਰਕੇ ਤੇਰਾ) ਹਰੀ ਦੇ ਚਰਨਾਂ ਵਿਚ ਨਿਵਾਸ ਹੋ ਜਾਵੇਗਾ।੨।(ਹੇ ਭਾਈ! ਪ੍ਰਭੂ) ਜਿਸ ਮਨੁੱਖ ਦੇ ਹਿਰਦੇ ਅੰਦਰ ਗੁਰੂ ਦਾ ਸ਼ਬਦ ਵਸਾ ਦੇਂਦਾ ਹੈ, ਉਸ ਦੇ (ਅੰਦਰੋਂ ਪਦਾਰਥਾਂ ਦੀ) ਪਿਆਸ ਮੁਕ ਜਾਂਦੀ ਹੈ।(ਉਹ) ਪ੍ਰਭੂ ਦੇ ਹੁਕਮ ਨੂੰ ਸਮਝਦਾ ਹੈ, (ਇਹ) ਚੌਪੜ ਦੀ ਬਾਜੀ ਖੇਡਦਾ ਹੈ, ਅਪਣੇ ਮਨ ਨੂੰ ਜਿਤਦਾ ਹੈ, (ਇਹ) ਪਾਸਾ ਸੁੱਟਦਾ ਹੈ (ਹੁਕਮ ਸਮਝਣ ਰੂਪ ਚੌਪੜ ਖੇਡਦਾ ਹੈ ਤੇ ਮਨ ਨੂੰ ਜਿਤਣ ਰੂਪ ਪਾਸਾ ਸੁੱਟਦਾ ਹੈ)।੩।ਜੋ ਪੁਰਖ ਪ੍ਰਭੂ ਨੂੰ ਅਕਾਰ ਰਹਿਤ ਜਾਣ ਕੇ ਜਪਦੇ ਹਨ, ਉਨ੍ਹਾਂ ਦਾ ਕੁਛ ਵੀ ਨਾਸ਼

ਨਹੀਂ ਹੁੰਦਾ (ਜੀਵਨ ਸਫਲ ਹੋ ਜਾਂਦਾ ਹੈ)। ਕਬੀਰ ਜੀ ਆਖਦੇ ਹਨ ਕਿ ਉਹ ਪੁਰਖ (ਜੀਵਨ ਦੀ ਬਾਜੀ) ਕਦੇ ਨਹੀਂ ਹਾਰਦੇ, ਜਿਹੜੇ (ਮਨ ਨੂੰ ਜਿੱਤਣ ਰੂਪ) ਪਾਸਾ ਸੁੱਟਣ ਜਾਣਦੇ ਹਨ (ਮਨ ਨੂੰ ਰੱਬ ਵੱਲ ਮੋੜ ਲੈਂਦੇ ਹਨ)।੪।੪।

ਪਦਾਰਥ = ਲਲਿਤ–ਇਕ ਰਾਗਣੀ ਹੈ, ਇਥੇ ਸੂਹੀ ਨਾਲ ਮਿਲਾ ਕੇ ਲਿਖੀ ਹੈ। ਥਾਕੇ–ਥੱਕ (ਕਮਜੋਰ ਹੋ) ਗਏ। ਨੈਨ–ਅੱਖਾਂ। ਸ੍ਰਵਨ –ਕੰਨ। ਸੁਨਿ ਥਾਕੇ–ਸੁਣਨੋਂ ਰਹਿ ਗਏ। ਕਾਇਆ–ਸਰੀਰ। ਜਰਾ–ਬੁਢੇਪਾ। ਹਾਕ ਦੀ–ਅਵਾਜ ਦਿਤੀ (ਹਾਕ ਮਾਰੀ)। ਮਤਿ–ਅਕਲ। ਨ ਥਾਕਸਿ–ਨਹੀਂ ਥਕਦੀ।੧। ਬਾਵਰੇ–ਹੇ ਕਮਲੇ (ਮਨੁੱਖ)!। ਤੈ–ਤੂੰ। ਬਿਰਥਾ–ਬਿਅਰਥ।੧। ਰਹਾਉ। ਤਬ ਲਗੁ–ਓਦੋਂ ਤਕ। ਤਿਸੈ–ਉਸ ਦੀ। ਪ੍ਰਾਨੀ–ਹੇ ਮਨੁੱਖ!। ਸਰੇਵਹੁ–ਸਿਮਰਦਾ ਰਹੁ। ਜਬ ਲਗੁ–ਜਦੋਂ ਤਕ। ਘਟ ਮਹਿ–ਸਰੀਰ ਵਿਚ। ਸਾਸਾ–ਸੁਆਸ। ਘਟੁ ਜਾਇ–ਸਰੀਰ ਨਾਸ਼ ਹੋ ਜਾਵੇ। ਤ–ਤਾਂ। ਭਾਉ–ਪ੍ਰੇਮ। ਨ ਜਾਸੀ–ਨਹੀਂ ਜਾਵੇਗਾ।੨। ਜਿਸ ਕਉ–ਜਿਸ ਮਨੁੱਖ ਦੇ। ਅੰਤਰਿ–ਹਿਰਦੇ ਅੰਦਰ। ਚੂਕੈ–ਮੁੱਕ ਜਾਂਦੀ ਹੈ। ਤਿਸਹਿ–ਉਸ ਦੀ। ਪਿਆਸਾ–ਪਿਆਸ (ਤ੍ਰਿਸ਼ਨਾ)। ਚਉਪੜਿ–ਜੀਵਨ ਰੂਪ ਚੌਪੜ ਦੀ ਖੇਡ। ਜਿਣਿ–ਜਿੱਤ ਕੇ। ਢਾਲੇ ਪਾਸਾ–ਗੋਟੀਆਂ (ਨਰਦਾਂ) ਸੁੱਟਦਾ ਹੈ।੩। ਜਨ–ਮਨੁੱਖ। ਜਾਨਿ–ਜਾਣ ਕੇ। ਭਜਹਿ–ਜਪਦੇ ਹਨ। ਅਬਿਗਤ ਕਉ–ਅਕਾਰ ਰਹਿਤ ਪ੍ਰਭੂ ਨੂੰ। ਤਿਨ ਕਾ–ਉਨ੍ਹਾਂ ਦਾ। ਨਾਸਾ–ਨਾਸ਼ ਹੁੰਦਾ। ਤੇ–ਉਹ। ਕਬਹੂ–ਕਦੇ ਵੀ। ਹਾਰਹਿ–ਹਾਰਦੇ।੪।੪।

ਸੂਹੀ ਲਲਿਤ ਕਬੀਰ ਜੀਉ ॥ ਏਕੁ ਕੋਟੁ ਪੰਚ ਸਿਕਦਾਰਾ, ਪੰਚੇ ਮਾਗਹਿ ਹਾਲਾ ॥ ਜਿਮੀ ਨਾਹੀ ਮੈ ਕਿਸੀ ਕੀ ਬੋਈ, ਐਸਾ ਦੇਨੁ ਦੁਖਾਲਾ ॥੧॥ ਹਰਿ ਕੇ ਲੋਗਾ, ਮੋਕਉ ਨੀਤਿ ਡਸੈ ਪਟਵਾਰੀ ॥ ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ, ਤਿਨਿ ਹਉ ਲੀਆ ਉਬਾਰੀ ॥੧॥ਰਹਾਉ॥ ਨਉ ਡਾਡੀ ਦਸ ਮੁੰਸਫ ਧਾਵਹਿ, ਰਈਅਤਿ ਬਸਨ ਨ ਦੇਹੀ ॥ ਡੋਰੀ ਪੂਰੀ ਮਾਪਹਿ ਨਾਹੀ, ਬਹੁ ਬਿਸਟਾਲਾ ਲੇਹੀ ॥੨॥ ਬਹਤਰਿ ਘਰ ਇਕੁ ਪੁਰਖੁ ਸਮਾਇਆ, ਉਨਿ ਦੀਆ ਨਾਮੁ ਲਿਖਾਈ ॥ ਧਰਮਰਾਇ ਕਾ ਦਫਤਰੁ ਸੋਧਿਆ, ਬਾਕੀ ਰਿਜਮ ਨ ਕਾਈ ॥੩॥ ਸੰਤਾ ਕਉ ਮਤਿ ਕੋਈ ਨਿੰਦਹੁ ,ਸੰਤ ਰਾਮੁ ਹੈ ਏਕੋ ॥ ਕਹੁ ਕਬੀਰ ਮੈ ਸੋ ਗੁਰੁ ਪਾਇਆ, ਜਾ ਕਾ ਨਾਉ ਬਿਬੇਕੋ ॥੪॥੫॥ (ਹੇ ਭਾਈ! ਮਨੁੱਖਾ ਸਰੀਰ) ਇਕ ਕਿਲ੍ਹਾ ਹੈ, ਪੰਜ ਕਾਮਾਦਿਕ (ਇਸ ਸਰੀਰ ਵਿਚ) ਹਾਕਮ ਹਨ (ਜੋ ਮਨ ਉਤੇ ਰਾਜ ਕਰਦੇ ਹਨ, ਇਹ) ਪੰਜੇ (ਵਿਸ਼ੇ ਵਿਕਾਰ ਰੂਪ) ਮਾਮਲਾ ਮੰਗਦੇ ਹਨ। ਮੈਂ ਕਿਸੇ ਦੀ ਜਮੀਨ ਨਹੀਂ ਬੀਜੀ, (ਕਿਸੇ ਵਿਸ਼ੇ ਦੀ ਇੱਛਾ ਨਹੀਂ ਕੀਤੀ, ਇਸ ਲਈ) ਅਜੇਹਾ ਮਾਮਲਾ ਦੇਣਾ ਦੁਖਦਾਈ ਹੈ।੧। ਹੇ ਹਰੀ ਦੇ ਲੋਕੋ! ਜਮਰਾਜ ਮੈਨੂੰ ਹਰ ਰੋਜ ਡਸਦਾ (ਦੁਖ ਦੇਂਦਾ) ਹੈ। ਜਦੋਂ) ਮੈ ਬਾਹਾਂ ਉਪਰ (ਵਿਸ਼ਿਆਂ ਦਾ ਤਿਆਗ) ਕਰਕੇ ਗੁਰੂ ਪਾਸ ਪੁਕਾਰ ਕੀਤੀ, ਤਾਂ ਉਸ ਨੇ ਮੈਨੂੰ (ਜਮਰਾਜ ਤੋਂ) ਬਚਾ ਲਿਆ।੧। ਰਹਾਉ। ਨੌਂ ਗੋਲਕਾਂ, ਨਿਆਂ ਕਰਨ ਵਾਲੇ ਦਸ ਇੰਦ੍ਰੇ (ਨੌਂ ਗੋਲਕਾਂ ਵੱਲ) ਦੌੜੇ ਆਉਂਦੇ ਹਨ ਅਤੇ (ਚੰਗੇ ਗੁਣਾਂ ਦੀ) ਪਰਜਾ ਨੂੰ ਵਸਣ ਨਹੀਂ ਦੇਂਦੇ। ਪੂਰੀ ਰੱਸੀ (ਜਰੀਬ) ਨਾਲ ਨਹੀਂ ਮਿਣਦੇ, ਬਹੁਤ ਵੱਢੀ ਲੈਂਦੇ ਹਨ (ਪ੍ਰਾਲਬਧ ਉਤੇ ਪ੍ਰਸੰਨ ਨਹੀਂ ਰਹਿਣ ਦੇਂਦੇ, ਵਿਸ਼ੇ ਵਿਕਾਰਾਂ ਵਿਚ ਫਸਾ ਦੇਂਦੇ ਹਨ)।੨। ਸਰੀਰ ਦੀਆਂ ਬਹੱਤਰ ਕੋਠੜੀਆਂ ਵਿਚ ਜੋ ਇਕ ਅਕਾਲ ਪੁਰਖ ਸਮਾ ਰਿਹਾ ਹੈ, ਉਸ ਨੇ ਨਾਮਾ ਲਿਖਾ ਦਿਤਾ (ਧਰਮਰਾਜ ਦੀ ਵਹੀ ਵਿਚ ਮੇਰੇ ਕਰਮਾਂ ਦਾ ਲੇਖਾ ਮੁਕਾ ਦਿਤਾ। ਇਸ ਲਈ ਜਦੋਂ) ਧਰਮਰਾਇ ਦਾ ਦਫਤਰ ਪੜਤਾਲਿਆ ਗਿਆ, ਤਾਂ ਮੇਰੇ ਨਾਂ ਤੇ ਰੱਤਾ ਭਰ ਵੀ ਕੋਈ ਬਾਕੀ ਦੇਣਾ ਨਾ ਨਿਕਲਿਆ।੩।(ਹੇ ਭਾਈ!) ਸੰਤਾਂ ਨੂੰ ਨਾ ਕੋਈ ਨਿੰਦੋ, (ਕਿਉਂਕਿ) ਸੰਤ ਤੇ ਰਾਮ ਇਕੋ ਰੂਪ ਹਨ। ਕਬੀਰ ਜੀ ਆਖਦੇ ਹਨ ਕਿ ਮੈਂ ਉਹ ਗੁਰੂ ਪਾਇਆ ਹੈ, ਜਿਸ ਦਾ ਨਾਮ ਗਿਆਨ ਦੇਣ ਵਾਲਾ ਹੈ।੪।੫।

ਉਨਿ ਦੀਆ ਨਾਮੁ ਲਿਖਾਈ = ਉਸ ਗੁਰੂ ਨੇ ਮੇਰੇ ਹਿਰਦੇ ਵਿਚ ਪ੍ਰਭੂ ਦਾ ਨਾਮ ਲਿਖਾ ਦਿਤਾ ਅਤੇ (ਮੈਨੂੰ ਸਿੱਖਿਆ ਦਿਤੀ ਕਿ) ਬਹੱਤਰ ਨਾੜੀਆਂ ਵਾਲੇ ਸਰੀਰ ਵਿਚ ਇਕ ਪ੍ਰਭੂ ਸਮਾਇਆ ਹੋਇਆ ਹੈ, (ਉਸ ਦਾ ਨਾਮ ਸਿਮਰਿਆ ਕਰ, ਲਗਾਤਾਰ ਨਾਮ ਦਾ ਸਿਮਰਨ ਕਰਨ ਨਾਲ ਜਦੋਂ) ਧਰਮਰਾਇ ਦਾ ਦਫਤਰ (ਸ਼ੁਭ ਅਸ਼ੁੱਭ ਸੰਸਕਾਰਾਂ ਦੇ ਸਹਿਤ ਅੰਤਹਕਰਣ) ਪੜਤਾਲਿਆ ਗਿਆ, ਤਾਂ ਕੀਤੇ ਕਰਮਾਂ ਦੀ ਕੋਈ ਬਾਕੀ ਨਿਕਲੀ ਹੀ ਨਹੀਂ (ਨਾਮ ਸਿਮਰਨ ਨੇ ਸਾਰੇ ਤਰ੍ਹਾਂ ਦੇ ਕਰਮ ਮਿਟਾ ਦਿਤੇ)। ਟਕਸਾਲ

ਪਦਾਰਥ = ਕੋਟੁ–ਕਿਲ੍ਹਾ। ਪੰਚ–ਪੰਜ ਕਾਮਾਦਿਕ। ਸਿਕਦਾਰਾ (ਫਾ.)–ਹਾਕਮ (ਪਠਾਣਾਂ ਦੇ ਰਾਜ ਵਿਚ ਸਿਕਦਾਰ ਦਾ ਕੰਮ ਸ਼ਾਹੀ ਹੁਕਮਾਂ ਉਤੇ ਅਮਲ ਕਰਉਣਾ ਹੁੰਦਾ ਸੀ)। ਪੰਚੇ–ਪੰਜੇ ਕਾਮਾਦਿਕ। ਹਾਲਾ–ਜਮੀਨ ਦਾ ਮਾਮਲਾ (ਟੈਕਸ)। ਜਿਮੀ–ਜਮੀਨ। ਬੋਈ–ਬੀਜੀ। ਦੇਨੁ ਦੁਖਾਲਾ–ਦੇਣਾ ਦੁਖਦਾਈ।੧। ਹਰਿ ਕੇ ਲੋਗਾ–ਹੇ ਹਰੀ ਦੇ ਸੰਤ ਜਨੋਂ!। ਮੋਕਉ–ਮੈਨੂੰ। ਨੀਨਿ–ਨਿੱਤ। ਡਸੈ–ਡੰਗ ਮਾਰਦਾ (ਸਤਾਉਂਦਾ) ਹੈ। ਪਟਵਾਰੀ–ਜਮੀਨ ਦਾ ਹਿਸਾਬ ਕਿਤਾਬ ਰੱਖਣ ਵਾਲਾ ਮਨੁੱਖ (ਜਮਰਾਜ)। ਭੁਜਾ–ਬਾਹਵਾਂ। ਗੁਰ ਪਹਿ–ਗੁਰੂ ਪਾਸ। ਤਿਨਿ–ਉਸ ਨੇ। ਹਉ–ਮੈਨੂੰ। ਲੀਆ ਉਬਾਰੀ–ਬਚਾ ਲਿਆ।੧। ਰਹਾਉ। ਨਉ–ਸਰੀਰ ਦੇ ਨੌਂ ਦਰਵਾਜੇ (ਨੱਕ ਕੰਨ,

ਅੱਖਾਂ ਆਦਿ)।ਡਾਡੀ–ਜਰੀਬ (ਸੰਗਲੀ) ਨਾਲ ਜਮੀਨ ਮਿਣਨ ਵਾਲਾ ਕਰਮਚਾਰੀ।ਦਸ–ਪੰਜ ਗਿਆਨ ਇੰਦ੍ਰੇ ਤੇ ਪੰਜ ਕਰਮ ਇੰਦ੍ਰੇ।ਮੁੰਸਫ–ਨਿਆਂ ਕਰਨ ਵਾਲੇ।ਧਾਵਹਿ–ਦੌੜੇ ਆਉਂਦੇ ਹਨ।ਰਈਅਤਿ–(ਚੰਗੇ ਗੁਣਾਂ ਦੀ) ਪਰਜਾ ਨੂੰ।ਬਸਨ ਨ ਦੇਹੀ–ਵਸਣ ਨਹੀਂ ਦੇਂਦੇ।ਡੋਰੀ–ਜਰੀਬ (ਜਮੀਨ ਮਿਣਨ ਵਾਲੀ ਸੰਗਲੀ)।ਮਾਪਹਿ ਨਾਹੀ–ਨਹੀਂ ਮਿਣਦੇ।ਬਹੁ–ਬਹੁਤ।ਬਿਸਟਾਲਾ–ਹਰਾਮ ਦੀ ਕਮਾਈ (ਰਿਸ਼ਵਤ); ਵਿਗਾਰ (ਬਿਨਾ ਪੈਸੇ ਦਿਤੇ ਕੰਮ ਕਰਾਉਣਾ)।ਲੇਹੀ–ਲੈਂਦੇ ਹਨ।੨।ਬਹਤਰਿ ਘਰ–ਬਹੱਤਰ ਕੋਠੜੀਆਂ ਵਾਲਾ ਸਰੀਰ।ਇਕ ਪੁਰਖੁ–ਇਕ ਅਕਾਲ ਪੁਰਖ।ਸਮਾਇਆ–ਵਸ ਰਿਹਾ ਹੈ।ਉਨਿ–ਉਸ ਨੇ।ਨਾਮੁ–ਨਾਮਾ (ਵਹੀ ਉਪਰ ਲਿਖਿਆ ਕਿਸੇ ਦੇ ਨਾਮ ਦਾ ਹਿਸਾਬ)।ਸੋਧਿਆ–ਪੜਤਾਲ ਕੀਤੀ।ਬਾਕੀ–(ਮੇਰੇ ਜਿੰਮੇ) ਦੇਣ ਵਾਲੀ ਰਕਮ।ਰਿਜਮ–ਰੱਤਾ ਭਰ।ਕਾਈ–ਕੋਈ।੩। ਕਉ–ਨੂੰ।ਮਤਿ–ਨਹੀਂ।ਰਾਮ–ਪ੍ਰਭੂ।ਏਕੋ–ਇਕ ਰੂਪ।ਸੋ–ਉਹ।ਜਾ ਕਾ–ਜਿਸ ਦਾ।ਬਿਬੇਕੋ–ਗਿਆਨ ਦੇਣ ਵਾਲਾ।੪।੫।

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ ੴ ਸਤਿਗੁਰ ਪ੍ਰਸਾਦਿ ॥ ਸਹ ਕੀ ਸਾਰ ਸੁਹਾਗਨਿ ਜਾਨੈ ॥ ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥ ਤਨੁ ਮਨੁ ਦੇਇ ਨ ਅੰਤਰੁ ਰਾਖੈ ॥ ਅਵਰਾ ਦੇਖਿ ਨ ਸੁਨੈ ਅਭਾਖੈ ॥੧॥ ਸੋ ਕਤ ਜਾਨੈ ਪੀਰ ਪਰਾਈ ॥ ਜਾ ਕੈ ਅੰਤਰਿ ਦਰਦੁ ਨ ਪਾਈ ॥੧॥ਰਹਾਉ॥ ਦੁਖੀ ਦੁਹਾਗਨਿ ਦੁਇ ਪਖ ਹੀਨੀ ॥ ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ ॥ ਪੁਰ ਸਲਾਤ ਕਾ ਪੰਥੁ ਦੁਹੇਲਾ ॥ ਸੰਗਿ ਨ ਸਾਥੀ ਗਵਨੁ ਇਕੇਲਾ ॥੨॥ ਦੁਖੀਆ ਦਰਦਵੰਦੁ ਦਰਿ ਆਇਆ ॥ ਬਹੁਤੁ ਪਿਆਸ ਜਬਾਬੁ ਨ ਪਾਇਆ ॥ ਕਹਿ ਰਵਿਦਾਸ ਸਰਨਿ ਪ੍ਰਭ ਤੇਰੀ ॥ ਜਿਉ ਜਾਨਹੁ ਤਿਉ ਕਰੁ ਗਤਿ ਮੇਰੀ ॥੩॥੧॥ (ਹੇ ਭਾਈ!) ਪਤੀ ਦੀ ਕਦਰ ਸੁਹਾਗਣ ਇਸਤ੍ਰੀ ਹੀ ਜਾਣਦੀ ਹੈ (ਹਰੀ ਦੀ ਵਡਿਆਈ ਗੁਰਮੁਖ ਹੀ ਜਾਣਦਾ ਹੈ।ਉਹ ਅਪਣੀ ਸੁੰਦਰਤਾ ਤੇ ਗੁਣਾਂ ਦਾ) ਹੰਕਾਰ ਛਡ ਕੇ (ਦੁਨਿਆਵੀ) ਸੁਖ ਤੇ (ਪਤੀ ਦੇ ਮਿਲਾਪ ਦਾ) ਅਨੰਦ ਮਾਣਦੀ ਹੈ।(ਉਹ ਅਪਣਾ) ਤਨ ਤੇ ਮਨ ਪਤੀ ਦੇ ਹਵਾਲੇ ਕਰ ਦੇਂਦੀ ਹੈ ਅਤੇ ਕੋਈ ਭੇਦ ਭਾਵ ਨਹੀਂ ਰਖਦੀ।ਉਹ ਹੋਰਨਾਂ (ਮਨੁੱਖਾਂ) ਨੂੰ ਅੱਖਾਂ ਨਾਲ ਨਹੀਂ ਦੇਖਦੀ, (ਉਨ੍ਹਾਂ ਦੇ ਬਚਨ ਵੀ) ਨਹੀਂ ਸੁਣਦੀ ਅਤੇ ਨਾ ਹੀ ਮੂਹੋਂ ਕਿਸੇ (ਪਰਾਏ ਮਨੁੱਖ) ਨਾਲ ਬੋਲਦੀ ਹੈ (ਪਤੀ ਬ੍ਰਤਾ ਹੈ।ਗੁਰਮੁਖ ਪ੍ਰਭੂ ਤੋਂ ਬਿਨਾ ਕਿਸੇ ਦੇਵੀ ਦੇਵਤੇ ਦਾ ਨਾ ਦਰਸ਼ਨ ਕਰਦਾ ਹੈ, ਨਾ ਉਨ੍ਹਾਂ ਦੇ ਗੀਤ ਸੁਣਦਾ ਹੈ ਅਤੇ ਨਾਹੀ ਉਨ੍ਹਾਂ ਬਾਰੇ ਕਿਸੇ ਨਾਲ ਗੱਲ ਕਰਦਾ ਹੈ।੧।ਉਹ (ਮਨਮੁਖ) ਕਿਸ ਤਰ੍ਹਾਂ ਦੂਜਿਆਂ (ਗੁਰਮੁਖਾਂ) ਦੀ ਪੀੜ ਜਾਣ ਸਕਦਾ ਹੈ? ਜਿਸ ਦੇ ਮਨ ਅੰਦਰ ਪ੍ਰਭੂ ਦੇ ਵਿਛੋੜੇ ਦੀ ਪੀੜ ਨਹੀਂ ਪਈ।੧।ਰਹਾਉ।ਉਹ ਭੈੜੀ ਇਸਤ੍ਰੀ ਦੁਖੀ ਹੁੰਦੀ ਹੈ, ਦੋਵੇਂ ਪੱਖਾਂ (ਲੋਕ ਪ੍ਰਲੋਕ ਦੇ ਸੁੱਖਾਂ) ਤੋਂ ਖਾਲੀ ਰਹਿੰਦੀ ਹੈ, ਜਿਸ ਨੇ ਇਕ ਰਸ ਪਤੀ ਪ੍ਰਭੂ ਦੀ ਭਗਤੀ ਨਹੀਂ ਕੀਤੀ।ਨਰਕ ਦੇ ਸਿਰਾਤ ਨਾਮਕ ਪੁਲ ਦਾ ਰਸਤਾ (ਲੰਘਣਾ ਬਹੁਤ) ਔਖਾ ਹੈ।(ਉਥੇ ਮੱਦਤ ਕਰਨ ਲਈ ਕੋਈ) ਸੰਗੀ ਸਾਥੀ ਨਹੀਂ ਹੁੰਦਾ, ਇਕੱਲੇ ਹੀ ਜਾਣਾ ਪੈਂਦਾ ਹੈ।੨।(ਹੇ ਪ੍ਰਭੂ!) ਮੈਂ ਦੁਖੀ ਦਰਦਵੰਦ ਤੇਰੇ ਦਰ ਤੇ ਆਇਆ ਹਾਂ।(ਮੈਨੂੰ ਤੇਰੇ ਦਰਸ਼ਨ ਦੀ) ਬਹੁਤ ਪਿਆਸ ਲੱਗੀ ਹੋਈ ਹੈ, (ਪਰ ਤੇਰੇ ਪਾਸੋਂ ਕੋਈ) ਜਵਾਬ ਪ੍ਰਾਪਤ ਨਹੀਂ ਹੋਇਆ। ਰਵਿਦਾਸ ਜੀ ਆਖਦੇ ਹਨ ਕਿ ਹੇ ਪ੍ਰਭੂ! ਮੈਂ ਤੇਰੀ ਸ਼ਰਨ ਆਇਆ ਹਾਂ।ਜਿਵੇਂ ਜਾਣੋਂ ਮੇਰੀ ਗਤੀ ਕਰ ਦੇਹ।੩।੧।

ਪਦਾਰਥ = ਸਹ ਕੀ–ਪਤੀ ਦੀ।ਸਾਰ–ਕਦਰ।ਸੁਹਾਗਨਿ–ਸੁਹਾਗ ਭਾਗ ਵਾਲੀ ਇਸਤ੍ਰੀ।ਤਜਿ–ਛਡ ਕੇ।ਰਲੀਆ ਮਾਨੈ–ਅਨੰਦ ਮਾਣਦੀ ਹੈ।ਤਨੁ–ਸਰੀਰ।ਦੇਇ–(ਹਵਾਲੇ ਕਰ) ਦੇਂਦੀ ਹੈ।ਅੰਤਰੁ–ਫਰਕ; ਭੇਦ ਭਾਵ।ਅਵਰਾ–ਹੋਰਨਾਂ ਨੂੰ।ਨ ਅਭਾਖੈ–ਬੋਲਦੀ ਨਹੀਂ।੧।ਸੋ–ਉਹ।ਕਤ–ਕਿਵੇਂ; ਕਿਸ ਤਰ੍ਹਾਂ।ਪੀਰ ਪਰਾਈ–ਦੂਜਿਆਂ ਦੀ ਪੀੜ।ਜਾ ਕੈ–ਜਿਸ ਦੇ।ਅੰਤਰਿ–ਮਨ ਦੇ ਅੰਦਰ।ਨ ਪਾਈ–ਨਹੀਂ ਪਈ।ਦਰਦ–ਪਤੀ ਦੇ ਵਿਛੋੜੇ ਦਾ ਦਰਦ।੧।ਰਹਾਉ।ਦੁਹਾਗਨਿ–ਪਤੀ ਦੀ ਛੱਡੀ ਹੋਈ (ਖੋਟੇ ਭਾਗਾਂ ਵਾਲੀ) ਇਸਤ੍ਰੀ।ਦੁਇ ਪਖ–ਸਹੁਰਾ ਪੇਕਾ (ਲੋਕ ਪ੍ਰਲੋਕ)।ਹੀਨੀ–ਖਾਲੀ।ਜਿਨਿ–ਜਿਸ ਨੇ।ਨਾਹ–ਪਤੀ ਦੀ।ਨਿਰੰਤਰਿ–ਇਕ ਰਸ (ਲਗਾਤਾਰ)। ਕੀਨੀ–ਕੀਤੀ।ਪੁਰ ਸਲਾਤ–(ਇਸਲਾਮੀ ਖਿਆਲ ਅਨੁਸਾਰ ਨਰਕ ਦੀ ਅੱਗ ਉਤੇ ਬਣਿਆ) ਸਿਰਾਤ ਨਾਮ ਦਾ ਵਾਲ ਨਾਲੋਂ ਬਰੀਕ ਪੁਲ (ਜਿਸ ਉਤੋਂ ਸਭ ਨੂੰ ਲੰਘਣਾ ਪੈਂਦਾ ਹੈ)।ਦੁਹੇਲਾ–ਔਖਾ; ਦੁਖ ਦਾਈ।ਗਵਨੁ–ਜਾਣਾ; ਲੰਘਣਾ।੨।ਦਰਿ–ਦਰਵਾਜੇ ਉਪਰ। ਪਿਆਸ–ਤਾਂਘ।ਜਬਾਬ–ਉੱਤਰ।ਕਰੁ ਗਤਿ–ਮੁਕਤ ਕਰ ਦੇਹ।੩।੧।

ਸੂਹੀ ॥ ਜੋ ਦਿਨ ਆਵਹਿ ਸੋ ਦਿਨ ਜਾਹੀ ॥ ਕਰਨਾ ਕੂਚੁ ਰਹਨੁ ਥਿਰੁ ਨਾਹੀ ॥ ਸੰਗੁ ਚਲਤ ਹੈ, ਹਮ ਭੀ ਚਲਨਾ ॥ ਦੂਰਿ ਗਵਨੁ ,ਸਿਰ ਊਪਰਿ ਮਰਨਾ ॥੧॥ (ਜੀਵਨ ਦੇ) ਜਿਹੜੇ ਦਿਨ ਆਉਂਦੇ (ਚੜ੍ਹਦੇ) ਹਨ, ਉਹ ਦਿਨ (ਜੀਵਨ ਵਿਚੋਂ) ਘਟਦੇ ਜਾਂਦੇ ਹਨ। (ਇਕ ਦਿਨ ਇਥੋਂ) ਕੂਚ ਕਰਨਾ ਹੀ ਹੋਵੇਗਾ, (ਕਿਸੇ ਨੇ ਵੀ ਸੰਸਾਰ ਵਿਚ) ਟਿਕੇ ਨਹੀਂ ਰਹਿਣਾ।ਸਾਡਾ ਸੰਗ ਜਾ ਰਿਹਾ ਹੈ, (ਇਕ ਦਿਨ) ਅਸੀਂ ਵੀ ਚਲੇ ਜਾਣਾ ਹੈ।ਦੂਰ (ਪ੍ਰਲੋਕ ਵਿਚ) ਜਾਣਾ ਹੈ, ਮੌਤ ਸਿਰ ਉਤੇ ਖੜੀ ਹੈ (ਕਿਸੇ ਸਮੇਂ ਆ ਸਕਦੀ ਹੈ)।੧।

ਅੰਗ ੭੯੪ = ਕਿਆ ਤੂ ਸੋਇਆ ਜਾਗੁ ਇਆਨਾ ॥ ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥੧॥ਰਹਾਉ॥ ਜਿਨਿ ਜੀਉ ਦੀਆ, ਸੁ ਰਿਜਕੁ ਅੰਬਰਾਵੈ ॥ ਸਭ ਘਟ ਭੀਤਰਿ ਹਾਟੁ ਚਲਾਵੈ ॥ ਕਰਿ ਬੰਦਿਗੀ ਛਾਡਿ ਮੈ ਮੇਰਾ ॥ ਹਿਰਦੈ ਨਾਮੁ ਸਮ੍ਹਾਰਿ ਸਵੇਰਾ ॥੨॥ ਜਨਮੁ ਸਿਰਾਨੋ ਪੰਥੁ ਨ ਸਵਾਰਾ ॥ ਸਾਂਝ ਪਰੀ ਦਹ ਦਿਸ ਅੰਧਿਆਰਾ ॥ ਕਹਿ ਰਵਿਦਾਸ ਨਿਦਾਨਿ ਦਿਵਾਨੇ ॥ ਚੇਤਸਿ ਨਾਹੀ ਦੁਨੀਆ ਫਨ ਖਾਨੇ ॥੩॥੨॥ ਹੇ ਬੇਸਮਝ ਮਨੁੱਖ! ਤੂੰ ਕਿਉਂ (ਅਵਿਦਿਆ ਦੀ ਨੀਂਦ ਵਿਚ) ਸੁੱਤਾ ਪਿਆ ਹੈਂ, (ਗਿਆਨ ਅਵਸਥਾ ਵਿਚ) ਜਾਗ ਪਉ। ਤੈਂ ਜਗਤ ਵਿਚ (ਨਾਸ਼ ਹੋ ਜਾਣ ਵਾਲੇ) ਜੀਵਨ ਨੂੰ ਸੱਚਾ ਕਰਕੇ ਜਾਣਿਆ ਹੋਇਆ ਹੈ।੧।ਰਹਾਉ।ਜਿਸ ਪ੍ਰਭੂ ਨੇ ਜੀਵਨ ਦਿਤਾ ਹੈ, ਉਹ (ਸਾਰੇ ਜੀਵਾਂ ਨੂੰ) ਰਿਜਕ ਵੀ ਅਪੜਾਉਂਦਾ ਹੈ।(ਉਹ) ਸਾਰੇ ਜੀਵਾਂ ਦੇ ਸਰੀਰਾਂ ਅੰਦਰ ਦੁਕਾਨ ਚਲਾ ਰਿਹਾ ਹੈ (ਹਰ ਇਕ ਦੀ ਲੋੜ ਪੂਰੀ ਕਰਨ ਲਈ ਹਰੀ ਨੇ ਜੀਵ ਦੇ ਅੰਦਰ ਹੀ ਪ੍ਰਬੰਧ ਕੀਤਾ ਹੋਇਆ ਹੈ। ਹੇ ਭਾਈ! ਤੂੰ) ਮੈਂ ਮੇਰੀ ਛਡ ਕੇ ਹਰੀ ਦੀ ਬੰਦਗੀ ਕਰ। ਅਤੇ ਸਵੇਰੇ ਉਠ ਕੇ ਹਿਰਦੇ ਵਿਚ ਪ੍ਰਭੂ ਦਾ ਨਾਮ ਸਿਮਰਿਆ ਕਰ।੨।(ਹੇ ਭਾਈ! ਤੇਰਾ) ਮਨੁੱਖਾ ਜਨਮ (ਨਿਸਫਲ) ਗੁਜਰ ਰਿਹਾ ਹੈ, (ਪਰ ਤੈਂ ਪ੍ਰਲੋਕ ਦਾ) ਰਸਤਾ ਨਹੀਂ ਸਵਾਰਿਆ (ਨਾਮ ਸਿਮਰਨ ਨਹੀਂ ਕੀਤਾ। ਜਦੋਂ) ਸ਼ਾਮ ਪੈ ਗਈ (ਜਦੋਂ ਜੀਵਨ ਢਲ ਗਿਆ ਭਾਵ ਮੌਤ ਦਾ ਵੇਲਾ ਆ ਗਿਆ), ਤਾਂ ਸਭ ਪਾਸੇ ਹਨ੍ਹੇਰਾ ਛਾ ਜਾਵੇਗਾ (ਓਦੋਂ ਕੀ ਕਰੇਂਗਾ?)। ਰਵਿਦਾਸ ਜੀ ਕਹਿੰਦੇ ਹਨ ਕਿ ਹੇ ਝੱਲੇ ਮਨੁੱਖ! ਤੂੰ ਪ੍ਰਭੂ ਨੂੰ ਯਾਦ ਨਹੀਂ ਕਰਦਾ, ਦੁਨੀਆਂ (ਜਿਸ ਨਾਲ ਤੂੰ ਅਪਣਾ ਮਨ ਜੋੜੀ ਬੈਠਾ ਹੈਂ, ਇਹ) ਅੰਤ ਨੂੰ ਫਨਾਹ ਹੋ ਜਾਣ ਵਾਲਾ ਘਰ ਹੈ; ਧੋਖੇ ਦਾ ਘਰ ਹੈ (ਮ.ਕੋ.)।੩।੨।

ਪਦਾਰਥ = ਆਵਹਿ-ਆਂਉਂਦੇ ਹਨ। ਜਾਹੀ-ਲੰਘ (ਘਟਦੇ) ਜਾਂਦੇ ਹਨ। ਰਹਨੁ ਥਿਰੁ ਨਹੀ-ਸਦਾ ਲਈ ਟਿਕੇ ਨਹੀਂ ਰਹਿਣਾ। ਸੰਗੁ-ਸਾਥੀਆਂ ਦੀ ਮੰਡਲੀ (ਗਰੋਹ)। ਹਮ ਭੀ-ਅਸੀਂ ਵੀ। ਚਲਨਾ-ਚਲੇ ਜਾਣਾ ਹੈ। ਗਵਨੁ-ਜਾਣਾ; ਯਾਤਰਾ। ਮਰਨਾ-ਮੌਤ।੧। ਕਿਆ-ਕਿਉਂ। ਇਆਨਾ-ਹੇ ਅਣਜਾਣ ਮਨੁੱਖ!। ਤੈ-ਤੂੰ। ਜਗਿ-ਜਗਤ ਵਿਚ। ਜਾਨਾ-ਜਾਣਿਆ ਹੈ।੧।ਰਹਾਉ। ਜਿਨਿ-ਜਿਸ ਨੇ। ਜੀਉ-ਜੀਵਨ; ਜਿੰਦ। ਦੀਆ-ਦਿਤਾ ਹੈ। ਸੁ-ਉਹ। ਰਿਜਕੁ-ਖਾਧ ਖੁਰਾਕ। ਅੰਬਰਾਵੈ-ਪਹੁੰਚਾਉਂਦਾ ਹੈ। ਘਟ ਭੀਤਰਿ-ਸਰੀਰਾਂ ਦੇ ਅੰਦਰ। ਹਾਟੁ ਚਲਾਵੈ-ਦੁਕਾਨ ਚਲਾਉਂਦਾ ਹੈ (ਖਾਣ ਪੀਣ ਦਾ ਪ੍ਰਬੰਧ ਕਰਦਾ ਹੈ)। ਮੈ-ਮੈਂ (ਵੱਡਾ) ਹਾਂ। ਮੇਰਾ-ਮੇਰਾ ਰਾਜ ਭਾਗ; ਮੇਰੀ ਜਾਇਦਾਤ। ਹਿਰਦੈ-ਹਿਰਦੇ ਵਿਚ। ਸਮ੍ਹਾਰਿ-ਯਾਦ ਕਰ।੨। ਸਿਰਾਨੋ-ਲੰਘਦਾ ਜਾ ਰਿਹਾ ਹੈ। ਪੰਥੁ-ਰਸਤਾ। ਸਵਾਰਾ-ਸੁਧਾਰਿਆ। ਸਾਂਝ ਪਰੀ-ਸ਼ਾਮ ਪੈ ਗਈ (ਜੀਵਨ ਢਲ ਗਿਆ ਭਾਵ ਬੁੱਢੇਪਾ ਆ ਗਿਆ ਜਾਂ ਮੌਤ ਆ ਗਈ)। ਦਹ ਦਿਸ-ਸਾਰੇ ਪਾਸੇ। ਅੰਧਿਆਰਾ-ਹਨ੍ਹੇਰਾ। ਕਹਿ-ਕਹਿੰਦਾ ਹੈ। ਨਿਦਾਨਿ-ਅੰਤ ਨੂੰ। ਦਿਵਾਨੇ-ਹੇ ਕਮਲੇ ਮਨੁੱਖ!। ਚੇਤਸਿ ਨਾਹੀ-ਯਾਦ ਨਹੀਂ ਕਰਦਾ। ਫਨ ਖਾਨੇ-ਨਾਸ ਹੋਣ ਵਾਲਾ ਘਰ ਹੈ; ਧੋਖੇ ਦਾ ਘਰ (ਮ.ਕੋ.) ਫਨ (ਅ.)-ਧੋਖਾ; ਛਲ (ਮ.ਕੋ.)।੩।੨।

ਸੂਹੀ ॥ ਊਚੇ ਮੰਦਰ ਸਾਲ ਰਸੋਈ ॥ ਏਕ ਘਰੀ ਫੁਨਿ ਰਹਨੁ ਨ ਹੋਈ ॥੧॥ ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ ॥ ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥੧॥ਰਹਾਉ॥ ਭਾਈ ਬੰਧ ਕੁਟੰਬ ਸਹੇਰਾ ॥ ਓਇ ਭੀ ਲਾਗੇ ਕਾਢੁ ਸਵੇਰਾ ॥੨॥ ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥ ਕਹਿ ਰਵਿਦਾਸ ਸਭੈ ਜਗੁ ਲੂਟਿਆ ॥ ਹਮ ਤਉ ਏਕ ਰਾਮੁ ਕਹਿ ਛੂਟਿਆ ॥੪॥੩॥ (ਹੇ ਭਾਈ! ਭਾਵੇਂ ਮਨੁੱਖ ਕੋਲ) ਉਚੇ ਮਹਿਲ ਤੇ ਰਸੋਈ ਘਰ ਵੀ ਹੋਣ।(ਪਰ ਮਰਨ ਵੇਲੇ ਉਥੇ) ਫਿਰ ਇਕ ਘੜੀ ਵੀ ਰਹਿਣਾ ਨਹੀਂ ਹੋਵੇਗਾ।੧। ਇਹ ਸਰੀਰ ਇਹੋ ਜਿਹਾ ਹੈ, ਜਿਸ ਤਰ੍ਹਾਂ ਘਾਹ ਦੀ ਛਪਰੀ ਹੁੰਦੀ ਹੈ।(ਜਦੋਂ) ਘਾਹ ਜਲ ਜਾਂਦਾ ਹੈ, ਤਾਂ ਮਿਟੀ ਵਿਚ ਰਲ ਜਾਂਦਾ ਹੈ (ਇਸੇ ਤਰ੍ਹਾਂ ਸਰੀਰ ਵੀ ਜਲ ਕੇ ਮਿੱਟੀ ਵਿਚ ਮਿਲ ਜਾਂਦਾ ਹੈ)।੧।ਰਹਾਉ।(ਮਰਨ ਦੇ ਪਿੱਛੋਂ) ਭਰਾ, ਸਬੰਧੀ, ਪ੍ਰਵਾਰ ਤੇ ਮਿਤ੍ਰ ਆਦਿ। ਉਹ ਵੀ ਕਹਿਣ ਲਗ ਜਾਂਦੇ ਹਨ ਕਿ (ਇਸ ਮੁਰਦੇ ਨੂੰ) ਛੇਤੀ ਬਾਹਰ ਕੱਢੋ।੨। ਘਰ ਦੀ ਇਸਤ੍ਰੀ (ਵਹੁਟੀ) ਦਿਲ ਨਾਲ, ਸਰੀਰ ਨਾਲ ਲੱਗੀ ਰਹਿੰਦੀ ਸੀ।(ਮਰਨ ਪਿੱਛੋਂ) ਉਹ ਵੀ ਤਾਂ ਭੂਤ ਭੂਤ ਕਹਿ ਕਰਕੇ (ਕੋਲੋਂ) ਭੱਜ ਜਾਂਦੀ ਹੈ।੩। ਰਵਿਦਾਸ ਜੀ ਆਖਦੇ ਹਨ ਕਿ ਸਾਰਾ ਜਗਤ (ਪ੍ਰਵਾਰ ਦੇ ਮੋਹ ਤੋਂ) ਲੁੱਟਿਆ ਜਾ ਰਿਹਾ ਹੈ।(ਪਰ) ਮੈਂ ਤਾਂ ਇਕ ਪ੍ਰਭੂ ਨੂੰ ਜਪ ਕੇ (ਇਸ ਮੋਹ ਤੋਂ) ਮੁਕਤ ਹੋ ਗਿਆ ਹਾਂ।੪।੩।

ਪਦਾਰਥ = ਮੰਦਰ-ਮਹਿਲ। ਸਾਲ ਰਸੋਈ-ਰਸੋਈ ਘਰ। ਏਕ ਘਰੀ-ਇਕ ਘੜੀ। ਫੁਨਿ-ਮੁੜ ਕੇ; ਫਿਰ। ਰਹਨੁ-ਰਹਿਣਾ; ਟਿਕਣਾ।੧। ਤਨੁ-ਸਰੀਰ। ਘਾਸ ਕੀ-ਕੱਖਾਂ (ਘਾਹ) ਦੀ। ਟਾਟੀ-ਛਪਰੀ। ਜਲਿ ਗਇਓ-ਸੜ ਜਾਂਦਾ ਹੈ।੧।ਰਹਾਉ। ਭਾਈ-ਭਰਾ। ਬੰਧ-ਸਬੰਧੀ। ਕੁਟੰਬ-ਪ੍ਰਵਾਰ। ਸਹੇਰਾ-(ਸਹੇਲੀ ਦਾ ਪੁਲਿੰਗ 'ਸਹੇਲਾ') ਮਿਤ੍ਰ। ਓਇ ਭੀ-ਉਹ ਵੀ। ਸਵੇਰਾ-ਸਵੱਖਤੇ; ਛੇਤੀ।੨। ਨਾਰਿ-ਇਸਤ੍ਰੀ। ਉਰਹਿ-ਦਿਲ ਨਾਲ। ਭੂਤੁ-ਪ੍ਰੇਤ; ਮਰ ਗਿਆ। ਭਾਗੀ-ਦੌੜ ਜਾਂਦੀ ਹੈ।੩। ਕਹਿ-ਕਹਿੰਦਾ ਹੈ। ਜਗੁ-ਜਗਤ। ਲੂਟਿਆ-

ਲੁੱਟਿਆ ਜਾ ਰਿਹਾ ਹੈ। ਹਮ ਤਉ-ਮੈਂ ਤਾਂ। ਕਹਿ-ਕਹਿ (ਜਪ) ਕੇ। ਛੂਟਿਆ-ਮੁਕਤ ਹੋ ਗਿਆ ਹਾਂ।੪।੩।
ੴ ਸਤਿਗੁਰ ਪ੍ਰਸਾਦਿ ॥ ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥ ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥ ਤੈ ਸਹਿ ਮਨ ਮਹਿ ਕੀਆ ਰੋਸੁ ॥ ਮੁਝੁ ਅਵਗਨ ਸਹ ਨਾਹੀ ਦੋਸੁ ॥੧॥ ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥ ਜੋਬਨੁ ਖੋਇ ਪਾਛੈ ਪਛੁਤਾਨੀ ॥੧॥ਰਹਾਉ॥ ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥ ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥੨॥ ਵਿਧਣ ਖੂਹੀ ਮੁੰਧ ਇਕੇਲੀ ॥ ਨਾ ਕੋ ਸਾਥੀ ਨਾ ਕੋ ਬੇਲੀ ॥ ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ ॥ ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ ॥੩॥ ਵਾਟ ਹਮਾਰੀ ਖਰੀ ਉਡੀਣੀ ॥ ਖੰਨਿਅਹੁ ਤਿਖੀ ਬਹੁਤੁ ਪਿਈਣੀ ॥ ਉਸੁ ਊਪਰਿ ਹੈ ਮਾਰਗੁ ਮੇਰਾ ॥ ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ ॥੪॥੧॥ (ਪਤੀ ਪ੍ਰਭੂ ਤੋਂ ਬਿਨਾ) ਸੜ ਸੜ ਕੇ ਲੁਛ ਲੁਛ ਕੇ (ਸ਼ੋਕ ਨਾਲ) ਮੈਂ ਹੱਥ ਮਰੋੜਦੀ ਹਾਂ। ਕਮਲੀ ਹੋਈ ਹੋਈ ਉਸ ਪਤੀ ਨੂੰ ਲੱਭਦੀ ਹਾਂ। ਹੇ ਪਤੀ! ਤੈਂ ਮਨ ਵਿਚ ਗੁੱਸਾ ਕੀਤਾ ਹੈ। ਹੇ ਪਤੀ! ਤੇਰਾ ਕੋਈ ਕਸੂਰ ਨਹੀਂ, (ਇਹ ਗੁੱਸਾ) ਮੇਰੇ ਔਗਣਾਂ ਕਰਕੇ ਸੀ।੧। ਹੇ ਮਾਲਕ! ਮੈਂ ਤੇਰੀ ਕਦਰ ਨਹੀਂ ਜਾਣੀ। ਜਵਾਨੀ ਗੁਆ ਕੇ ਪਿੱਛੋਂ ਮੈਂ ਪਛਤਾ ਰਹੀ ਹਾਂ।੧। ਰਹਾਉ। (ਕੋਇਲ ਨੂੰ ਮੁਖਾਤਬ ਕਰਦੇ ਹੋਏ ਅਨੁਕਤੀ ਅਲੰਕਾਰ ਰਾਹੀਂ ਉਚਾਰਦੇ ਹਨ ਕਿ) ਹੇ ਕਾਲੀ ਕੋਇਲ! ਤੂੰ ਕਿਹੜੇ ਗੁਣਾਂ ਕਰਕੇ ਕਾਲੀ ਹੈਂ? (ਕੋਇਲ ਉੱਤਰ ਦੇਂਦੀ ਹੈ) ਮੈਂ ਅਪਣੇ ਪਿਆਰੇ ਦੇ ਵਿਛੋੜੇ ਵਿਚ ਸੜ ਗਈ ਹਾਂ (ਹੇ ਬੈਰਾਗਵਾਨ ਜਗਿਆਸੂ! ਤੂੰ ਦੁਖੀ ਕਿਉਂ ਹੈਂ? ਉਹ ਉਤਰ ਦੇਂਦਾ ਹੈ ਕਿ ਮੈਂ ਅਪਣੇ ਪਿਆਰੇ ਦੇ ਵਿਛੋੜੇ ਵਿਚ ਜਲ ਰਿਹਾ ਹਾਂ ਭਾਵ ਦੁਖੀ ਹਾਂ)। ਪਤੀ ਪ੍ਰਭੂ ਤੋਂ ਬਿਨਾ ਮੈਂ ਕਿਸ ਤਰ੍ਹਾਂ ਸੁਖ ਪਾ ਸਕਦੀ ਹਾਂ? (ਪਰ ਇਹ ਅਪਣੇ ਵਸ ਦੀ ਗੱਲ ਨਹੀਂ) ਜਦੋਂ ਪ੍ਰਭੂ ਮੇਹਰਬਾਨ ਹੁੰਦਾ ਹੈ, ਤਾਂ ਉਹ ਆਪੇ ਅਪਣੇ ਨਾਲ ਮਿਲਾ ਲੈਂਦਾ ਹੈ।੨। ਜਗਤ ਰੂਪ ਸੁੰਨੀ ਖੂਹੀ ਵਿਚ ਮੈਂ ਜੀਵ ਇਸਤ੍ਰੀ ਇਕੱਲੀ ਡਿਗ ਪਈ ਸੀ। (ਇਥੇ ਮੇਰਾ) ਨਾ ਕੋਈ ਸਾਥੀ ਹੈ ਅਤੇ ਨਾ ਕੋਈ ਸਹਾਇਕ ਹੈ। ਪ੍ਰਭੂ ਨੇ ਕ੍ਰਿਪਾ ਕਰਕੇ ਮੈਨੂੰ ਸਾਧ ਸੰਗਤ ਵਿਚ ਮਿਲਾ ਲਿਆ (ਹੁਣ ਮੈਨੂੰ ਇਕੱਲਾਪਣ ਮਹਿਸੂਸ ਨਹੀਂ ਹੁੰਦਾ। ਅਤੇ ਸਾਧ ਸੰਗਤ ਦੀ ਕ੍ਰਿਪਾ ਨਾਲ) ਜਦ ਫਿਰ ਮੈਂ ਦੇਖਦੀ ਹਾਂ, ਤਾਂ ਮੇਰਾ ਅੱਲਾ ਸਹਾਇਕ ਦਿਸ ਰਿਹਾ ਹੈ।੩। (ਜਿਸ ਪੁਰਸਲਾਤ ਤੋਂ ਮੈਂ ਲੰਘਣਾ ਹੈ, ਉਹ) ਸਾਡੀ ਵਾਟ ਬਹੁਤ ਉਦਾਸ ਕਰਨ ਵਾਲੀ ਹੈ। (ਉਹ ਵਾਟ) ਖੰਡੇ ਤੋਂ ਵੀ ਤਿੱਖੀ ਅਤੇ ਬਹੁਤ ਪਤਲੀ (ਤੰਗ) ਹੈ {ਖੰਡੇਧਾਰ ਗਲੀ ਅਤਿ ਭੀੜੀ ੧੦੨੮}। ਉਸ ਉਪਰ ਮੇਰਾ ਰਸਤਾ ਹੈ (ਜਿਸ ਉਤੇ ਮੈਨੂੰ ਤੁਰਨਾ ਪੈਣਾ ਹੈ)। ਹੇ ਸ਼ੇਖ ਫਰੀਦ! ਸਵੱਖਤੇ ਹੀ (ਛੇਤੀ ਉਸ) ਰਸਤੇ ਨੂੰ ਸੰਭਾਲ। ਦੂਜਾ ਅਰਥ = ਦਰਵੇਸ਼ਾਂ ਦਾ ਮਾਰਗ ਬਹੁਤ ਉਦਾਸ ਕਰਨ ਵਾਲਾ ਹੈ। ਬੰਦਗੀ ਦਾ ਰਸਤਾ ਖੰਡੇ ਨਾਲੋਂ ਵੀ ਤਿੱਖਾ ਤੇ ਬਰੀਕ ਹੈ। ਉਸ ਉਤੇ ਚਲਣ ਵਾਲਾ ਮੇਰਾ ਰਸਤਾ ਹੈ। ਸ਼ੇਖ ਫਰੀਦ ਜੀ (ਅਪਣੇ ਆਪ ਨੂੰ ਕਹਿੰਦੇ ਹਨ ਕਿ ਮਨੁੱਖਾ ਜਨਮ ਦਾ) ਸੋਹਣਾ ਵੇਲਾ ਮਿਲਿਆ ਹੈ, (ਇਸ ਨੂੰ ਸਫਲ ਕਰਨ ਲਈ) ਬੰਦਗੀ ਕਰਿਆ ਕਰ)।੪।੧।

ਪਦਾਰਥ = ਤਪਿ ਤਪਿ-ਸੜ ਸੜ (ਬਹੁਤ ਦੁਖੀ ਹੋ) ਕੇ। ਲੁਹਿ ਲੁਹਿ-ਲੂਹ ਲੂਹ (ਸੜ ਸੜ) ਕੇ; ਪੀੜ ਸਹਿ ਕੇ; ਤੜਪ ਤੜਪ ਕੇ। ਮਰੋਰਉ-ਮੈਂ ਮਰੋੜਦੀ ਹਾਂ; ਮਲਦੀ (ਪਛਤਾ ਰਹੀ) ਹਾਂ। ਬਾਵਲਿ-ਕਮਲੀ ਹੋ ਕੇ। ਸੋ ਸਹੁ-ਉਸ ਪਤੀ ਨੂੰ। ਲੋਰਉ-ਲਭਦੀ ਹਾਂ; ਚਾਹੁੰਦੀ ਹਾਂ। ਸਹ-ਹੇ ਪਤੀ!। ਮਨ ਮਹਿ-ਮਨ ਵਿਚ। ਕੀਆ ਰੋਸੁ-ਗੁੱਸਾ ਕੀਤਾ ਹੈ। ਮੁਝੁ-ਮੇਰਾ। ਸਹ-ਪਤੀ ਦਾ।੧। ਸਾਹਿਬ ਕੀ-ਮਾਲਕ ਦੀ। ਸਾਰ-ਕਦਰ। ਖੋਇ-ਗਵਾ ਕੇ। ਪਾਛੈ-ਪਿਛੋਂ।੧। ਰਹਾਉ। ਕਿਤ ਗੁਨ-ਕਿਹੜੇ ਗੁਣਾਂ ਕਰਕੇ। ਹਉ-ਮੈਂ। ਬਿਰਹੈ-ਵਿਛੋੜੇ ਵਿਚ। ਜਾਲੀ-ਸੜ ਗਈ ਹਾਂ। ਪਿਰਹਿ ਬਿਹੂਨ-ਪਤੀ ਤੋਂ ਬਿਨਾ। ਕਤਹਿ-ਕਿਥੇ; ਕਿਵੇਂ। ਜਾ-ਜਦੋਂ।੨। ਵਿਧਣ ਖੂਹੀ-ਜਿਸ ਖੂਹੀ ਤੇ ਕੋਈ ਇਸਤ੍ਰੀ ਪਾਣੀ ਭਰਨ ਵਾਸਤੇ ਨਹੀਂ ਆਉਂਦੀ ਭਾਵ ਸੁੰਨੀ ਖੂਹੀ; ਡਰਾਉਣੀ ਜਾਂ ਦੁਖਦਾਈ ਖੂਹੀ। ਮੁੰਧ-ਇਸਤ੍ਰੀ। ਕੋ-ਕੋਈ। ਬੇਲੀ-ਸਹਾਇਤਾ ਕਰਨ ਵਾਲਾ ਮਿਤ੍ਰ। ਮੇਲੀ-ਮਿਲਾਇਆ। ਜਾ-ਜਦੋਂ। ਤਾ-ਤਾਂ।੩। ਵਾਟ ਹਮਾਰੀ-ਸਾਡਾ ਰਸਤਾ। ਖਰੀ-ਬਹੁਤ। ਉਡੀਣੀ-ਉਦਾਸ ਕਰਨ ਵਾਲੀ; ਚਿੰਤਾਤੁਰ ਕਰਨ ਵਾਲੀ। ਖੰਨਿਅਹੁ-ਖੰਡੇ ਨਾਲੋਂ ਵੀ। ਪਿਈਣੀ-ਬਰੀਕ; ਪਤਲੀ (ਤੇਜ ਧਾਰ ਵਾਲੀ)। ਮਾਰਗੁ-ਰਸਤਾ। ਪੰਥੁ-ਰਸਤਾ। ਸਮ੍ਹਾਰਿ-ਸੰਭਾਲ; ਯਾਦ ਕਰ। ਸਵੇਰਾ-ਸਵੱਖਤੇ ਹੀ (ਛੇਤੀ); ਸੋਹਣਾ ਵੇਲਾ।੪।੧।

ਉਥਾਨਕਾ = ਜਦੋਂ ਗੁਰੂ ਨਾਨਕ ਦੇਵ ਜੀ ਪਾਕ ਪਟਨ ਗਏ, ਤਾਂ ਉਥੇ ਸ਼ੇਖ ਫਰੀਦ ਜੀ ਦੀ ਗੱਦੀ ਤੇ ਬੈਠੇ ਸ਼ੇਖ ਬ੍ਰਹਮ ਨੇ ਸ਼ੇਖ ਫਰੀਦ ਜੀ ਦਾ ਉਚਾਰਿਆ ਹੇਠ ਲਿਖਿਆ ਸ਼ਬਦ ਸੁਣਾਇਆ। ਇਸ ਦੇ ਉਤਰ ਵਿਚ ਗੁਰੂ ਨਾਨਕ ਦੇਵ ਜੀ ਨੇ ਸੂਹੀ ਰਾਗ ਵਿਚ ਹੀ ੭੨੯ ਅੰਗ ਉਤੇ ਲਿਖਿਆ {ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ} ਸ਼ਬਦ ਸੁਣਾਇਆ। ਫਰੀਦ ਜੀ ਦੇ ਸ਼ਬਦ ਵਿਚ ਕੁਝ ਉਦਾਸੀ ਹੈ, ਇਸ ਵਿਚ ਬੇੜਾ ਨਾ ਬੰਨ੍ਹਣ ਦਾ ਜਿਕਰ ਹੈ। ਗੁਰੂ ਜੀ ਨੇ ਅਪਣੇ

ਉਤਰ ਵਾਲੇ ਸ਼ਬਦ ਵਿਚ ਬੇੜਾ ਬੰਨ੍ਹਣ ਦੀ ਜਾਚ ਦੱਸੀ ਹੈ। ਫਰੀਦ ਜੀ ਨੇ ਉਛਲ ਰਹੇ ਸਰਵਰ ਨੂੰ ਤਰਨਾ ਔਖਾ ਦਸਿਆ ਹੈ, ਗੁਰੂ ਜੀ ਨੇ ਦਸਿਆ ਹੈ ਕਿ ਜਪ ਤਪ ਦੇ ਕਾਰਣ ਸਰਵਰ ਉਛਲਦਾ ਹੀ ਨਹੀਂ, ਤੇ ਰਸਤਾ ਲੰਘਣਾ ਸੌਖਾ ਹੋ ਜਾਂਦਾ ਹੈ। ਕਸੁੰਭੇ ਦੇ ਕੱਚੇ ਰੰਗ ਦੇ ਮੁਕਾਬਲੇ ਤੇ ਮਜੀਠ ਦਾ ਪੱਕਾ ਰੰਗ ਅਤੇ ਮਾਲਕ ਦੇ ਕਰੜੇ ਬੋਲਾਂ ਦੇ ਮੁਕਾਬਲੇ 'ਸਹ ਕੇ ਅੰਮ੍ਰਿਤ ਬੋਲਾ' ਲਿਖਿਆ ਮਿਲਦਾ ਹੈ। ਫਰੀਦ ਜੀ ਦਾ {ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ} ਉਦਾਸ ਕਰਨ ਵਾਲਾ ਵਾਕ ਸੀ। ਪਰ ਗੁਰੂ ਜੀ ਦੇ ਇਹ ਵਾਕ ਢਾਰਸ ਬੰਨ੍ਹਣ ਵਾਲੇ ਹਨ ਕਿ ਉਹ ਪ੍ਰਭੂ ਆਵਾਗਉਣ ਦੂਰ ਕਰਕੇ ਆਪੇ ਮੇਲ ਲੈਂਦਾ ਹੈ।

ਸੂਹੀ ਲਲਿਤ ॥ ਬੇੜਾ ਬੰਧਿ ਨ ਸਕਿਓ, ਬੰਧਨ ਕੀ ਵੇਲਾ ॥ ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ ॥੧॥ ਹਥੁ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ ॥੧॥ਰਹਾਉ॥ ਇਕ ਆਪੀਨ੍ਹੈ ਪਤਲੀ, ਸਹ ਕੇਰੇ ਬੋਲਾ ॥ ਦੁਧਾ ਥਣੀ ਨ ਆਵਈ, ਫਿਰਿ ਹੋਇ ਨ ਮੇਲਾ ॥੨॥ ਕਹੈ ਫਰੀਦੁ ਸਹੇਲੀਹੋ, ਸਹੁ ਅਲਾਏਸੀ ॥ ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ ॥੩॥੨॥ (ਹੇ ਭਾਈ! ਜਪ ਤਪ ਭਾਵ ਨਾਮ ਸਿਮਰਨ ਦਾ ਜਦੋਂ) ਬੇੜਾ ਬੰਨ੍ਹਣ ਦਾ ਵੇਲਾ ਸੀ, ਉਦੋਂ ਤੂੰ ਬੇੜਾ ਬੰਨ੍ਹ ਨਹੀਂ ਸਕਿਆ (ਸਿਮਰਨ ਨਹੀਂ ਕੀਤਾ। ਜਦੋਂ ਵਿਸ਼ੇ ਵਿਕਾਰਾਂ ਦਾ) ਸਮੁੰਦਰ ਭਰ ਕੇ ਉਛਲਣ ਲੱਗੇਗਾ, ਉਦੋਂ ਤਰਨਾ ਔਖਾ ਹੋ ਜਾਵੇਗਾ (ਅਖੀਰਲੀ ਉਮਰ ਬੁੱਢੇਪੇ ਵਿਚ ਵਿਸ਼ਿਆਂ ਅਤੇ ਪਾਪਾਂ ਉਤੇ ਕਾਬੂ ਪਾਉਣਾ ਮੁਸ਼ਕਲ ਹੋਵੇਗਾ)।੧। ਹੇ ਪਿਅਰੇ! ਕਸੁੰਭੇ ਨੂੰ ਹੱਥ ਨਾ ਲਾਈਂ, (ਤੇਰਾ ਹੱਥ) ਜਲ ਜਾਵੇਗਾ। (ਕਸੁੰਭੇ ਫੁੱਲ ਦੇ ਲਾਲ ਰੰਗ ਵਰਗੀ ਅੱਗ ਦੀ ਲਾਟ ਨੂੰ ਹੱਥ ਲਾਵੇਂਗਾ ਤਾਂ ਹੱਥ ਸੜ ਜਾਵੇਗਾ। ਜਾਂ ਵਿਸ਼ੇ ਉਤੋਂ ਉਤੋਂ ਭਾਵੇਂ ਕਸੁੰਭੇ ਦੇ ਫੁੱਲ ਵਾਂਗ ਸੋਹਣੇ ਦਿਸਦੇ ਹਨ, ਪਰ ਵਿਚੋਂ ਇਤਨੇ ਭੜਕੀਲੇ ਅੱਗ ਵਾਂਗ ਹੁੰਦੇ ਹਨ ਕਿ ਨੇੜੇ ਜਾਣ ਸਾਰ ਸਾੜ ਦੇਂਦੇ ਹਨ)।੧। ਰਹਾਉ। (ਜੀਵ ਰੂਪ ਇਸਤ੍ਰੀ) ਇਕ ਤਾਂ ਆਪ ਪਤਨੀ (ਕਮਜ਼ੋਰ) ਹੈ, ਉਤੋਂ ਪਤੀ ਪ੍ਰਭੂ ਦੇ ਬੋਲ ਕਰੜੇ ਹਨ (ਮਨੁੱਖ ਦਾ ਮਨ ਕਮਜੋਰ ਹੈ, ਉਤੋਂ ਪ੍ਰਭੂ ਦੇ ਹੁਕਮ ਡਾਢੇ ਚੜ੍ਹੇ ਹੋਏ ਹਨ। ਮਿਲਣ ਦਾ ਮੌਕਾ ਵੀ ਮਨੁੱਖਾ ਜਨਮ ਹੈ, ਜਿਵੇਂ) ਇਕ ਵਾਰੀ ਦੁਹਿਆ ਹੋਇਆ ਦੁੱਧ ਮੁੜ ਥਣਾਂ ਵਿਚ ਨਹੀਂ ਆਉਂਦਾ {ਮੈ ਮਤ ਜੋਬਨਿ ਗਰਬਿ ਗਾਲੀ, ਦੁਧਾ ਥਣੀ ਨ ਆਵਏ ੨੪੨}(ਇਸੇ ਤਰ੍ਹਾਂ ਜੇ ਇਹ ਜਨਮ ਨਿਸਫਲ ਗਵਾ ਦਿਤਾ, ਤਾਂ) ਮੁੜ ਕੇ ਹਰੀ ਨਾਲ ਮੇਲ ਨਹੀਂ ਹੋਣਾ।੨। ਫਰੀਦ ਜੀ ਕਹਿੰਦੇ ਹਨ ਕਿ ਹੇ ਸਹੇਲੀਓ (ਮਿਤਰੋ)! ਹਰੀ ਸਾਨੂੰ ਸਭ ਨੂੰ ਬੁਲਾ ਲਵੇਗਾ (ਜਦੋਂ ਮੌਤ ਆਵੇਗੀ। ਸਾਡਾ) ਜੀਵਾਤਮਾ ਉਦਾਸ ਹੋ ਕੇ ਤੁਰ ਜਾਵੇਗਾ (ਕਿਉਂਕਿ ਬੰਦਗੀ ਨਹੀਂ ਕੀਤੀ) ਅਤੇ ਸਾਡਾ ਇਹ ਸਰੀਰ ਮਿੱਟੀ ਦੀ ਢੇਰੀ ਹੋ ਜਾਵੇਗਾ।੩।੨।

ਪਦਾਰਥ = ਬੇੜਾ–ਜਪ ਤਪ (ਨਾਮ ਸਿਮਰਨ) ਦਾ ਬੇੜਾ। ਬੰਧਿ ਨ ਸਕਿਓ–ਬੰਨ੍ਹ ਨਹੀਂ ਸਕਿਆ। ਬੰਧਨ ਕੀ ਵੇਲਾ–ਬੰਨ੍ਹਣ ਦਾ ਵੇਲਾ (ਸਿਮਰਨ ਕਰਨ ਦੀ ਜਦ ਉਮਰ ਸੀ)। ਭਰਿ–(ਵਿਸ਼ਿਆਂ ਨਾਲ ਨੱਕੋ ਨੱਕ) ਭਰ ਕੇ। ਊਛਲੈ–ਉਛਲਣ ਲੱਗੇਗਾ। ਤਬ–ਉਦੋਂ। ਤਰਣੁ–ਤਰਨਾ। ਦੁਹੇਲਾ–ਔਖਾ ਹੋਵੇਗਾ।੧। ਕਸੁੰਭੜੈ–(ਵਿਸ਼ਿਆਂ ਦੀ) ਅੱਗ ਨੂੰ; ਕੁਸੁੰਭੇ ਫੁੱਲ (ਵਾਂਗ ਸੋਹਣੇ ਦਿਸਣ ਵਾਲੇ ਵਿਸ਼ਿਆਂ) ਨੂੰ। ਜਲਿ ਜਾਸੀ–(ਹੱਥ) ਸੜ ਜਾਵੇਗਾ। ਢੋਲਾ–ਹੇ ਪਿਆਰੇ!।੧। ਰਹਾਉ। ਆਪੀਨ੍ਹੈ–ਅਪਣੇ ਆਪ ਵਿਚ। ਪਤਲੀ–ਕਮਜੋਰ। ਸਹ ਕੇਰੇ–ਪਤੀ ਦੇ। ਬੋਲਾ–ਬੋਲ। ਦੁਧਾ–ਦੁਹਿਆ (ਚੋਇਆ) ਹੋਇਆ ਦੁੱਧ। ਥਣੀ–ਥਣਾਂ ਵਿਚ। ਫਿਰਿ–ਮੁੜ ਕੇ। ਮੇਲਾ–ਮਿਲਾਪ।੨। ਸਹੇਲੀਹੋ–ਹੇ ਸਹੇਲੀਓ (ਮਿਤਰੋ)!। ਸਹੁ–ਪਤੀ ਪ੍ਰਭੂ। ਅਲਾਏਸੀ–ਬੁਲਾਏਗਾ। ਹੰਸੁ–ਜੀਵਾਤਮਾ। ਚਲਸੀ–ਚਲੇ ਜਾਵੇਗਾ। ਡੁੰਮਣਾ–ਦੋਚਿੱਤਾ (ਉਦਾਸ) ਹੋ ਕੇ। ਅਹਿ ਤਨੁ–ਇਹ ਸਰੀਰ। ਢੇਰੀ–ਮਿੱਟੀ ਦੀ ਢੇਰੀ (ਕਬਰ) ਥੀਸੀ–ਹੋ ਜਾਵੇਗਾ।੩।੨।

ਕਬੀਰ ਜੀ ਦੇ ਸ਼ਬਦ = ੫

ਰਵਿਦਾਸ ਜੀ ਦੇ ਸ਼ਬਦ = ੩

ਸ਼ੇਖ ਫਰੀਦ ਜੀ ਦੇ ਸ਼ਬਦ = ੨, ਕੁਲ ਸ਼ਬਦ ੧੦